# ਚੰਨ ਪਰਾਇਆ

ਪ੍ਰੈਸ, ਮਹਾਰਾਣੀ ਝਾਂਸੀ ਰੋਡ, ਲੁਧਿਆਣਾ

ਮਲਕ ਪਾਗਲ ਹੋ ਗਿਆ ਸੀ, ਪਰਤਕੇ ਉਹ ਹਵੇਲੀ ਨਹੀਂ ਵੜਿਆ। ਜੇ ਕਰ ਉਹਨੂੰ ਫੜਕੇ ਹਵੇਲੀ ਵਿਚ ਲੈ ਜਾਂਦੇ ਤਾਂ ਉਹ ਖ਼ੂਨ ਖ਼ੂਨ ਕਰਦਾ ਬਾਹਰ ਨੂੰ ਭੱਜ ਉਠਦਾ। ਉਹ ਨਾ ਕੁੱਝ ਖਾਂਦਾ ਨਾ ਪੀਂਦਾ। ਹਰ ਚੀਜ਼ ਵਿਚੋਂ ਉਸ ਨੂੰ ਖ਼ੂਨ ਹੀ ਖ਼ੂਨ ਨਜ਼ਰੀਂ ਆਉਂਦਾ। ਭੁਖਿਆਂ ਪਿਆਸਿਆਂ ਰਹਿਣ ਕਾਰਨ ਦਿਨਾਂ ਵਿਚ ਉਹਦਾ ਸਰੀਰ ਸੁੱਕ ਕੇ ਕੁਰੰਗ ਹੋ ਗਿਆ ਸੀ। ਉਸ ਤੋਂ ਚੰਗੀ ਤਰ੍ਹਾਂ ਤੁਰਿਆ ਨਾ ਜਾਂਦਾ। ਪਰ 'ਪਾਗਲ ਪਾਗਲ' ਕਰਕੇ ਉਸ ਦੇ ਪਿਛੇ ਭੱਜਦੇ ਬੱਚੇ ਉਸ ਨੂੰ ਕਿਤੇ ਇਕ ਪਲ ਬਹਿਣ ਨ ਦੇਂਦੇ। ਤੇ ਉਸ ਘਟਨਾ ਤੋਂ ਪੰਜਵੇਂ ਦਿਨ ਬਾਅਦ ਮਲਕ ਸੈਦਪੁਰ 'ਚੋਂ ਜਿਵੇਂ ਅਲੋਪ ਹੋ ਗਿਆ ਪਰਤ ਕੇ ਉਸ ਨੂੰ ਕਿਸੇ ਨਹੀਂ ਵੇਖਿਆ। ੦

# ਤੱਦ ਪਰਾਇਆ

(ਨਾਵਲ)

ਬਲਦੇਵ ਬਲ

ਮੁੱਲ : ਪੰਜ ਰੁਪਏ
ਪ੍ਰਕਾਸ਼ਕ : ਸਿਰਜਨਾ ਪ੍ਰੈਸ, ਨਵੀਂ ਦਿਲੀ, ਲੁਧਿਆਣਾ
ਛਾਪਕ : ਅਕਾਡਮੀ ਪ੍ਰੈਸ, ਪੰਜਾਬੀ ਭਵਨ, ਲੁਧਿਆਣਾ

SIRJANA



ਸੇਲਜ਼ ਆਫ਼ਿਸ : ਸਿਰਜਨਾ ਪ੍ਰੈਸ, ਮਹਾਰਾਣੀ ਝਾਂਸੀ ਰੋਡ, ਲੁਧਿਆਣਾ

**ਇਸੇ ਕਲਮ ਤੋਂ—**

ਕਹਾਣੀ ਸੰਗ੍ਰਹਿ

ਮਿੱਟੀ ਮੇਰੇ ਵਤਨ ਦੀ

ਛਪ ਰਹੇ ਨਾਵਲ

ਸੀਮਾਂ

ਮਮਤਾ ਦੀ ਕਬਰ

ਗੁਰੂ ਨਾਨਕ ਦੇਵ ਜੀ
ਦੇ ਸਚੇ ਪੈਰੋਕਾਰ
ਸੰਤ ਫਤਹਿ ਸਿੰਘ ਜੀ
ਦੇ ਨਾਂ
ਪਿਆਰ ਸਤਿਕਾਰ ਸਹਿਤ

ਮੈਂ ਉਹਨਾਂ ਸਾਰੇ ਲੇਖਕਾਂ ਤੇ ਸੰਪਾਦਕਾਂ ਦਾ ਅਤਿ ਰਿਣੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਇਸ ਨਾਵਲ ਦੀ ਸਿਰਜਨਾ ਸਮੇਂ ਮੈਨੂੰ ਸਹਾਈ ਹੋਈਆਂ ਹਨ।

"ਮਹਾਰਾਜ ਇਕ ਫ਼ਰਿਆਦੀ ਏ ।"

"ਫ਼ਰਿਆਦੀ ! ਐਸ ਵੇਲੇ ! ! ਹੈ ਕੌਣ ?"

"ਜੀ ਆਪਣਾ ਹੀ ਕੰਮੀ ਏ—ਧੰਨਾ"

"ਪਰ ਇਹ ਕਿਹੜਾ ਵੇਲਾ ਏ ਫਰਿਆਦ ਦਾ ! ਸੰਧਿਆ ਹੋ ਚੁਕੀ ਹੈ । ਆਰਤੀ ਦਾ ਸਮਾਂ ਹੋ ਰਿਹਾ ਹੈ । ਉਸ ਨੂੰ ਕਹਿ ਦੇ ਕਲ ਸਵੇਰੇ ਆਵੇ ।"

"ਇਹ ਤੇ ਮੈਂ ਉਸਨੂੰ ਪਹਿਲੇ ਹੀ ਕਹਿ ਚੁਕਾ ਮਹਾਰਾਜ,ਪਰ....।"

"ਪਰ ਕੀ ?"

"ਮਹਾਰਾਜ, ਉਹ ਕਹਿੰਦਾ ਏ ਕਲ ਬਹੁਤ ਦੂਰ ਏ ! ਕਲ ਤਕ ਮੈਂ ਬਰਬਾਦ ਹੋ ਜਾਵਾਂਗਾ, ਮੇਰਾ ਕੱਖ ਨਹੀਂ ਰਹਿਣਾ । ਬੜਾ ਦੁਖੀ ਜਾਪਦਾ ਏ ਹਜ਼ੂਰ ਬੜਾ ਪਸ਼ੇਮਾਨ ਦਿਸਦਾ ਏ । ਮਿਸਰ ਨੇ ਆਜ਼ਜੀ ਨਾਲ ਕਿਹਾ ।

"ਜਾਹ ਬੁਲਾ ਲਿਆ ।"

ਮਿਸ਼ਰ ਨੇ ਝੁਕ ਕੇ ਪ੍ਰਨਾਮ ਕੀਤਾ ਤੇ ਬਾਹਰ ਵਲ ਚਲਾ ਗਿਆ ।

"ਕਮਬਖ਼ਤ ਵੇਲਾ ਨਹੀਂ ਵੇਖਦੇ ਕੁਵੇਲਾ ਨਹੀਂ ਵੇਖਦੇ, ਮੂੰਹ ਚੁਕ ਫ਼ਰਿਆਦ ਲੈ ਟੁਰ ਪੈਂਦੇ ਨੇ । ਜਿਵੇਂ ਇਹਨਾਂ ਦੀਆਂ ਫ਼ਰਿਆਦਾਂ ਸੁਣਨ ਤੋਂ ਸਿਵਾਏ ਕਿਸੇ ਨੂੰ ਹੋਰ ਕੋਈ ਕੰਮ ਹੀ ਨਹੀਂ ਹੁੰਦਾ । ਆਰਤੀ ਦਾ ਸਮਾਂ ਹੋ ਰਿਹਾ ਹੈ । ਸ਼ਿਵਾਲੇ ਵਿਚ ਕਦੇ ਦੀਆਂ ਟਲੀਆਂ ਵਜ ਰਹੀਆਂ ਨੇ, ਸੋਚ ਮਲਕ ਬੇਚੈਨ ਹੋ ਉਠਿਆ । ਉਸ ਲਈ ਬੈਠੇ ਰਹਿਣਾ ਔਖਾ ਹੋ ਗਿਆ ਤੇ ਉਹ ਉਠਕੇ ਕਮਰੇ ਵਿਚ ਟਹਿਲਣ ਲਗ ਪਿਆ ।

ਬਾਹਰ ਹਨੇਰਾ ਪੂਰੀ ਤਰ੍ਹਾਂ ਛਾ ਚੁਕਾ ਹੈ । ਪਰ ਮਲਕ ਦੇ ਦੀਵਾਨ-ਖ਼ਾਨੇ ਵਿਚ ਦਿਨ ਵਰਗਾ ਚਾਨਣ ਹੈ । ਕਾਫੂਰ ਦੇ ਰੰਗ-ਬਿਰੰਗੇ ਸ਼ਮ੍ਹਾਂਦਾਨ ਜਲ ਰਹੇ ਹਨ । ਸ਼ਾਹੀ ਪੁਸ਼ਾਕ ਵਿਚ ਸਜਿਆ ਮਲਕ ਬੜੇ ਗਰੂਰ ਨਾਲ ਏਧਰ ਉਧਰ ਟਹਿਲ ਰਿਹਾ ਹੈ । ਜਦੋਂ ਕਦੇ ਉਹਦਾ ਧਿਆਨ ਆਪਣੇ ਨਾਲ ਟੁਰਦੇ ਅਪਣੇ ਪ੍ਰਛਾਵੇਂ ਤੇ ਜਾ ਪੈਂਦਾ ਹੈ ਤਾਂ ਉਹਦਾ ਸਰੀਰ ਹੋਰ ਵੀ ਤਣ ਜਾਂਦਾ ।

ਮਿਸਰ ਨੂੰ ਬਾਹਰ ਗਿਆਂ ਜਿਉਂ ਜਿਉਂ ਦੇਰ ਹੋ ਰਹੀ ਏ ਤਿਉਂ ਤਿਉਂ ਮਲਕ ਦੀ ਬੇਚੈਨੀ ਵਧਦੀ ਜਾ ਰਹੀ ਹੈ। ਹੁਣ ਉਹਦੇ ਕਦਮ ਅੱਗੇ ਨਾਲੋਂ ਤੇਜ਼ ਹੋ ਗਏ ਹਨ। ਕਾਹਲੀ ਕਾਹਲੀ ਏਧਰ ਉਧਰ ਟਹਿਲਦਾ ਉਹ ਮਨ ਹੀ ਮਨ ਵਿਚ ਮਿਸਰ ਨੂੰ ਕੋਸ ਰਿਹਾ ਸੀ : ਕੰਮਖ਼ਬਤ ਬਾਹਰ ਜਾ ਕੇ ਏਹ ਵੀ ਮਰ ਗਿਆ ਏ। ਬਾਹਰ ਵਲ ਖੁਲ੍ਹਦੇ ਦਰਵਾਜ਼ੇ ਦੇ ਸਾਹਮਣੇ ਪਲ ਭਰ ਲਈ ਰੁਕ ਕੇ ਉਸ ਬਾਹਰ ਝਾਕਿਆ ਵੀਹ ਪੰਝੀ ਗਜ਼ ਦੇ ਫ਼ਾਸਲੇ ਤੇ ਤੁਰੇ ਆਉਂਦੇ ਦੋ ਮਨੁਖੀ ਅਕਾਰਾਂ ਦਾ ਝਾਉਲਾ ਉਸਨੂੰ ਪਿਆ। ਹਨੇਰੇ ਕਾਰਨ ਸਾਫ਼ ਕੁਝ ਨਹੀਂ ਸੀ ਦਿਸਦਾ 'ਕਮਬਖ਼ਤ ਕੀੜੀਆਂ ਵਾਕੁਰ ਟੁਰਦੇ ਨੇ, ਮਲਕ ਬੁੜਬੁੜਾਇਆ ਤੇ ਉਸਦੇ ਕਦਮ ਹੋਰ ਤੇਜ਼ ਹੋ ਜਾਂਦੇ ਹਨ।

ਪੈਰਾਂ ਦੀ ਆਹਟ ਪਲੋ ਪਲ ਨੇੜੇ ਆਉਂਦੀ ਜਾ ਰਹੀ ਹੈ। ਪਰ ਮਲਕ ਲਈ ਇਕ ਇਕ ਪਲ ਅਸਹਿ ਹੋ ਰਿਹਾ ਹੈ, ਸ਼ਿਵਾਲੇ ਵਿਚ ਟਲੀਆਂ ਕਾਫ਼ੀ ਜ਼ੋਰ ਨਾਲ਼ ਵੱਜ ਰਹੀਆਂ ਨੇ। ਆਰਤੀ ਦਾ ਸਮਾਂ ਨਿਕਲਦਾ ਜਾ ਰਿਹਾ ਹੈ। ਮਲਕ ਬਹੁਤ ਬੁਰੀ ਤਰ੍ਹਾਂ ਖਿੱਝਿਆ ਹੋਇਆ ਹੈ। ਗੁੱਸੇ ਨਾਲ ਉਹਦਾ ਚਿਹਰਾ ਭੱਖ ਰਿਹਾ ਹੈ।

'ਮਹਾਰਾਜ !' ਦਰਵਾਜ਼ੇ ਦੀ ਦਹਲੀਜ਼ ਵਿਚ ਖੜੇ ਮਿਸਰ ਨੇ ਝੁਕ ਕੇ ਪ੍ਰਨਾਮ ਕਰਦਿਆਂ ਆਖਿਆ : ਆਹ ਆ ਗਿਆ ਏ ਜੀ ਧੰਨਾ।

ਮਲਕ ਦੇ ਕਦਮ ਰੁਕ ਗਏ ਹਨ। ਇਕ ਨਜ਼ਰ ਭਰ ਉਸ ਮਿਸਰ ਦੇ ਪਿਛੇ ਖੜੇ ਧੰਨੇ ਵਲ ਤਕਿਆ : ਮਾੜੂਆ ਜਿਹਾ ਸਰੀਰ, ਗਲ ਮੈਲਾ-ਕੁਚੈਲਾ ਝੱਗਾ, ਜਿਸਤੇ ਥਾਂ ਥਾਂ ਟਾਕੀਆਂ ਲੱਗੀਆਂ ਹੋਈਆਂ ਹਨ। ਲੱਕ ਗੋਡਿਆਂ ਤੋਂ ਕਾਫ਼ੀ ਉੱਚਾ ਮੈਲਾ ਜਿਹਾ ਪਰਨਾ, ਸਿਰ ਤੇ ਲੀਰ ਜਿਹੀ ਪੱਗ। ਤੇ ਮਲਕ ਦੀਆਂ ਭਵਾਂ ਤਣ ਗਈਆਂ।

ਧੰਨਾ ਮਲਕ ਦੀ ਇਸ ਕੈਰੀ ਨਜ਼ਰ ਦੀ ਤਾਬ ਨਹੀਂ ਝਲ ਸਕਿਆ। ਉਸ ਦੀਆਂ ਲੱਤਾਂ ਕੰਬਣ ਲਗ ਪਈਆਂ। ਹਥ ਆਪ-ਮੁਹਾਰੇ ਜੁੜ ਗਏ। "ਹਜ਼ੂਰ ਮਾਈ ਬਾਪ, ਹਜ਼ੂਰ ਮਾਈ ਬਾਪ" ਕਰਦਾ ਉਹ ਉਥੇ ਹੀ ਝੁੱਕ ਗਿਆ।

'ਕੀ ਗੱਲ ਏ ਉਏ, ਏਸ ਵੇਲੇ ਭੱਜਾ ਆਇਆ ਏਂ ?"

"ਹਜ਼ੂਰ ਮਾਈ......ਬਾਪ,......ਹਜ਼ੂਰ......।" ਧੰਨੇ ਨੂੰ ਕੁੱਝ ਔੜ

ਨਹੀਂ ਸੀ ਰਿਹਾ ।

"ਉਏ, ਕੁੱਝ ਬੱਕੇਂਗਾ ਵੀ ਕਿ ਐਵੇਂ ਮਾਈ ਬਾਪ ਮਾਈ ਬਾਪ ਕਰੀ ਜਾਏਂਗਾ ।"

ਮਲਕ ਦੀ ਇਹ ਝਿੜਕ ਜਿਹੀ ਸੁਣ ਕੇ ਧੰਨਾ ਪਾਰੇ ਵਾਂਗ ਕੰਬ ਗਿਆ । ਪਰ ਕੁੱਝ ਦੇਰ ਬਾਅਦ ਆਪਾ ਸੰਭਾਲ, ਸਾਰਾ ਸਾਹ-ਸੱਤ ਇਕੱਠਾ ਕਰ ਉਸ ਕੁੱਝ ਕਹਿਣ ਦਾ ਯਤਨ ਕੀਤਾ। ਉਸਦੇ ਬੁਲ੍ਹ ਫਰਕੇ, ਪਰ ਕੋਈ ਆਵਾਜ਼ ਉਹਦੇ ਮੂੰਹੋਂ ਨਹੀਂ ਨਿਕਲੀ। ਉਸ ਦੀ ਇਸ ਚੁਪ ਤੇ ਮਲਕ ਹੋਰ ਵੀ ਖਿੱਝ ਉਠਿਆ । "ਉਏ ਬੱਕ ਮਰ ਜੋ ਬੱਕਣਾ ਈ"

"ਹਜ਼ੂਰ ਮੈਂ-ਐ ਗ...ਗਰੀਬ...ਨਾ-ਲ.... ਬੜਾ-ਅ...ਅਨਰਥ-ਥ ਹੋ ਰਿਹਾ ਹੈ। ਮੇਰਾ ਬੇਟਾ-ਅ...ਇਕੋ ਇਕ ਬੇਟਾ-ਅ ਬੀਮਾਰ ਹੈ ਪਰ ਮੈਨੂੰ ਛੁਟੀ..." ਧੰਨੇ ਦੇ ਬੋਲ ਕੰਬ ਰਹੇ ਸਨ।

"ਤੈਨੂੰ ਛੁਟੀ ਚਾਹੀਦੀ ਏ ?

"ਹਾਂ...ਹਾਂ ਮਾਲਕ" ਆਸ ਨਾਲ ਧੰਨੇ ਦੀਆਂ ਅੱਖਾਂ ਚਮਕ ਪਈਆਂ।

"ਕਿੰਨੇ ਦਿਨ ਦੀ ?

"ਦੋ ਚਾਰ ਦਿਨ ਤੇ ਲਗ ਜਾਣਗੇ ਹਜ਼ੂਰ। ਮੇਰਾ ਪਿੰਡ ਬਹੁਤ ਦੂਰ ਏ।" ਧੰਨੇ ਨੇ ਝਕਦਿਆਂ...ਝਕਦਿਆਂ ਆਖਿਆ ।

"ਜਾਹ ਜਾਹ ਦਫ਼ਾ ਹੋ ।" ਕਹਿ ਕੇ ਮਲਕ ਵਿਹੜੇ ਵਲ ਖੁਲ੍ਹਦੇ ਦੀਵਾਨ ਖ਼ਾਨੇ ਦੇ ਦਰਵਾਜ਼ੇ ਵਲ ਵਧਿਆ। ਪਰੰਤੂ ਹਾਲੇ ਉਹ ਦਰਵਾਜ਼ੇ ਤਕ ਅਪੜਿਆ ਨਹੀਂ ਸੀ ਕਿ ਧੰਨੇ ਦੀ ਆਵਾਜ਼ ਫੇਰ ਉਸਦੇ ਕੰਨੀਂ ਪਈ। ਗੁੱਸੇ ਨਾਲ ਤਿਲਮਿਲਾਂਦਿਆਂ ਉਸ ਪਿਛੇ ਪਰਤ ਕੇ ਤਕਿਆ, ਧੰਨਾ ਅਜੇ ਉਵੇਂ ਹੀ ਹੱਥ ਜੋੜੀ ਖਲੋਤਾ ਸੀ।

"ਉਏ ਤੂੰ ਅਜੇ ਇਥੇ ਹੀ ਖੜਾ ਏਂ?"

"ਹਜ਼ੂਰ ਇਕ ਅਰਜ਼ ਹੋਰ ਏ......।"

"ਛੇਤੀ ਬੱਕ ! ਮੈਨੂੰ ਪੂਜਾ ਤੋਂ ਦੇਰ ਹੋ ਰਹੀ ਏ ।"

"ਹਜ਼ੂਰ,...ਮਾਈ ਬਾਪ, ਮੇਰੇ ਪਾਸ ਬਚੇ ਦੇ ਦਵਾ-ਦਾਰੂ ਲਈ ਕੱਚੀ ਕੌਡੀ ਨਹੀਂ, ਕੁੱਝ ਪੈਸੇ ਦੇ ਦਿਉ।" ਧੰਨੇ ਦੀ ਆਵਾਜ਼ ਅਜੇ ਵੀ ਥਰਥਰਾ ਰਹੀ ਸੀ।

"ਪੈਸੇ ! ਮੈਂ ਪੈਸਿਆਂ ਦੀ ਕਾਨ ਪੁੱਟੀ ਹੋਈ ਏ ?"

"ਪਰ ਹਜ਼ੂਰ ਸਾਨੂੰ ਗਰੀਬਾਂ ਨੂੰ ਤੇ ਤੁਹਾਡਾ ਹੀ ਆਸਰਾ ਏ।"

"ਤੈਨੂੰ ਕਿੰਨੀ ਦੇਰ ਹੋਈ ਏ ਕੰਮ ਕਰਦਿਆ।"

"ਤਿੰਨ ਚਾਰ ਸਾਲ ਹੋ ਗਏ ਨੇ ਹਜ਼ੂਰ। ਪਰ ਮੈਂ ਪਹਿਲੇ ਕਦੇ ਇਕ ਪੈਸਾ ਨਹੀਂ ਲਿਆ।"

"ਇਕ ਪੈਸਾ ਨਹੀਂ ਲਿਆ।' ਦੰਦ ਕਰੀਚਦਾ ਮਲਕ ਬੋਲਿਆ: "ਰੋਟੀ ਕਿਥੋਂ ਖਾਣਾ ਏ, ਕਪੜੇ ਕਿਥੋਂ ਪਾਣਾ ਏ, ਕੀ ਇਹ ਸਭ ਮੁਫ਼ਤ ਆਉਂਦੇ ਨੇ?"

"ਪਰ ਹਜ਼ੂਰ......।"

"ਪਰ ਕੀ ਹੁੰਦਾ ਏ? ਜਾਹ ਦਫ਼ਾ ਹੋ ਜਾਹ। ਮੇਰੇ ਕੋਲ ਕੋਈ ਪੈਸਾ ਨਹੀਂ।"

"ਹਜ਼ੂਰ ਮਾਈ ਬਾਪ ਹੋ...ਰਹਿਮ ਕਰੋ।" ਧੰਨਾ ਮਲਕ ਦੇ ਪੈਰਾਂ ਤੇ ਡਿੱਗ ਗਿੜਗਿੜਾਣ ਲੱਗਾ: "ਮੇਰੇ ਬਚੇ ਦੀ ਜਾਨ ਬਚਾ ਲੋ ਹਜ਼ੂਰ, ਮੈਂ ਸਾਰੀ ਉਮਰ ਤੁਹਾਡਾ ਅਹਿਸਾਨ ਮੰਨਾਂਗਾ। ਕੁੱਝ ਪੈਸੇ ਦੇ ਦਿਉ।"

"ਮੇਰੇ ਕੋਲ ਤੇਰੇ ਜਿਹੇ ਨਿਮਕ-ਹਰਾਮਾਂ ਲਈ ਕੋਈ ਪੈਸਾ ਨਹੀਂ। ਮਲਕ ਨੇ ਉਸਨੂੰ ਠੁੱਡਾ ਮਾਰ ਪਰ੍ਹਾਂ ਕਰਦਿਆ ਆਖਿਆਂ।"

ਠੁੱਡਾ ਵਜਣ ਨਾਲ ਧੰਨਾ ਪਿਛੇ ਦਾ ਪਿਛੇ ਜਾ ਪਿਆ। ਪਰ ਉਸ ਸੀ ਨਹੀਂ ਕੀਤੀ। ਉਠ ਕੇ ਫੇਰ ਹੱਥ ਜੋੜ ਬੋਲਿਆ "ਹਜ਼ੂਰ ਜਿਉਂ ਜਾਣਦੇ ਹੋ ਮੇਰੇ ਬੱਚੇ ਦੀ ਜਾਨ ਬਚਾ ਲੋਂ, ਜੇ ਮੇਰੇ ਬਚੇ ਨੂੰ ਕੁੱਝ ਹੋ ਗਿਆ ਤਾਂ ਮੇਰਾ ਕੱਖ ਨਹੀਂ ਰਹਿਣਾ।" ਕਹਿੰਦਿਆਂ ਧੰਨੇ ਦਾ ਗੱਚ ਭਰ ਆਇਆ। ਉਸ ਦੀਆਂ ਅੱਖਾਂ 'ਚੋ ਤ੍ਰਿਪ ਤ੍ਰਿਪ ਹੰਝੂ ਵਹਿ ਤੁਰੇ। ਪਰ ਅੱਖ ਝਮਕੇ ਬਗ਼ੈਰ ਉਹ ਮਲਕ ਦੇ ਚਿਹਰੇ ਤੇ ਬਦਲੇ ਭਾਵਾਂ ਨੂੰ ਵੇਖਦਾ ਰਿਹਾ।

ਕਿੰਨੀ ਦੇਰ ਚੁਪ ਛਾਈ ਰਹੀ। ਮਲਕ ਗੁੱਸੇ ਨਾਲ ਭਰਿਆ ਏਧਰ ਉਧਰ ਫਿਰਦਾ ਰਿਹਾ। ਸਹਿਸਾ ਰੁਕ ਕੇ ਬੜੀ ਤਲਖ ਅਵਾਜ਼ ਵਿਚ ਬੋਲਿਆ "ਕਿੰਨੇ ਪੈਸੇ ਚਾਹੀਦੇ ਨੇ ਓਏ ਤੈਨੂੰ।"

"ਹਜ਼ੂਰ ਪੰਜ ਸਤ ਰੁਪੈ ਕਾਫ਼ੀ ਹੋਣਗੇ।"

"ਪੰਜ ਸਤ ਰੁਪੈ!"

"ਹਾਂ ਹਜ਼ੂਰ!" ਧੰਨੇ ਦੀ ਆਸ ਚਮਕ ਉਠੀ, ਕੁੱਝ ਉਤਸ਼ਾਹਿਤ ਹੋ ਕੇ ਉਸ ਆਖਿਆ "ਮਹਾਰਾਜ, ਮੈਂ ਵਡੇ ਹਕੀਮ ਜੀ ਨੂੰ ਇਥੋਂ ਨਾਲ ਖੜਨਾ ਏ।

ਪੰਜ ਰੁਪੈ ਤਾਂ ਹਕੀਮ ਜੀ ਨੇ ਮੰਗੇ ਨੇ ਬਾਕੀ ਰਾਹ ਦਾ ਖ਼ਰਚ-ਪਾਣੀ ਤੇ ਦਵਾ-ਦਾਰੂ ਲਈ..."

"ਪਰ ਮੈਂ ਇਸ ਸਭ ਕਾਸੇ ਦਾ ਜ਼ੁੰਮੇਵਾਰ ਨਹੀਂ। ਮੈਂ ਤੈਨੂੰ ਵਧ ਤੋਂ ਵਧ ਦੋ ਰੁਪੈ ਦੇ ਸਕਦਾ ਹਾਂ।" ਕਹਿ ਮਲਕ ਫੇਰ ਟਹਿਲਣ ਲਗ ਪਿਆ।

"ਦੋ ਰੁਪੈ ਨਾਲ ਕੁੱਝ ਸੰਵਰਨਾ ਨਹੀਂ ਹਜ਼ੂਰ। ਬਚੇ ਦੀ ਹਾਲਤ ਬਹੁਤ ਖਰਾਬ ਏ। ਪਿੰਡ ਦੇ ਵੈਦ ਹਕੀਮ ਜਵਾਬ ਦੇ ਬੈਠੇ ਨੇ।......ਰਹਿਮ ਕਰੋ, ਹਜ਼ੂਰ।"

"ਮੈਂ ਕਹਿ ਜੁ ਦਿਤਾ ਕਿ ਮੈਂ ਤੈਨੂੰ ਦੋ ਰੁਪੈ ਦੇ ਸਕਦਾ ਹਾਂ ਵਧ ਨਹੀਂ।"

"ਹਜ਼ੂਰ ਸਾਨੂੰ ਗ਼ਰੀਬਾਂ ਨੂੰ ਤੁਹਾਡਾ ਹੀ ਆਸਰਾ ਏ। ਸਾਡੇ ਲਈ ਰੱਬ ਤੋਂ ਉਰ੍ਹੇ ਤੁਸੀਂ ਹੋ, ਰਹਿਮ ਕਰੋ। ਜੇ ਮੇਰੇ ਬਚੇ ਨੂੰ ਕੁੱਝ ਹੋ ਗਿਆ ਤਾਂ...ਮੈਂ ਲੁਟਿਆ ਜਾਵਾਂਗਾ।"

"ਮੈਂ ਕੀ ਕਰਾਂ ਫੇਰ ?"

"ਰਹਿਮ ਕਰੋ ਹਜ਼ੂਰ। ਮੈਂ ਗਰੀਬ ਤੇ ਰਹਿਮ ਕਰੋ।"

"ਆਹ ਚੱਕ ਦੋ ਰੁਪੈ ਤੇ ਦਫ਼ਾ ਹੋ।"

"ਹਜ਼ੂਰ ਮੇਰੇ ਬਚੇ ਦੀ ਜ਼ਿੰਦਗੀ ਦਾ ਸਵਾਲ ਏ, ਪੰਜ ਕੁ ਰੁਪੈ ਹੋਰ ਦੇ ਦਿਉ। ਸਾਰੀ ਉਮਰ ਤੁਹਾਡਾ ਜੱਸ ਗਾਵਾਂਗਾ।"

"ਪੰਜ ਰੁਪੈ ਹੋਰ।" ਮਲਕ ਦੀਆਂ ਅੱਖਾਂ ਟੱਡੀਆਂ ਗਈਆਂ।" ਮੈਂ ਇਕ ਕੱਚੀ ਕੌਡੀ ਵੀ ਹੋਰ ਨਹੀਂ ਦੇ ਸਕਦਾ।"

"ਹਜ਼ੂਰ ਰਹਿਮ ਕਰੋ, ਤੁਹਾਨੂੰ ਪੰਜ ਰੁਪਿਆਂ ਨਾਲ ਕੋਈ ਫ਼ਰਕ ਨਹੀਂ ਪੈਣਾ ਤੇ ਮੈਂ ਗਰੀਬ ਦੇ ਮੁੰਡੇ ਦੀ ਜਾਨ ਬਚ ਜਾਏਗੀ।" ਧੰਨਾ ਫੇਰ ਮਲਕ ਦੇ ਪੈਰ ਫੜਨ ਲਈ ਲਪਕਿਆ।

"ਭੱਠ ਵਿਚ ਪਵੇ ਤੇਰਾ ਮੁੰਡਾ। ਐਵੇਂ ਕੰਨ ਖਾਣ ਡਿਆ ਏ, ਜਾਹ ਦਫ਼ਾ ਹੋ, ਮੈਂ ਕੋਈ ਤੇਰਾ ਕਰਜ਼ਾ ਦੇਣਾ ਏ।" ਕਹਿ ਮਲਕ ਪਿਛੇ ਹਟ ਗਿਆ।

ਸੁਣਦੇ ਸਾਰ ਧੰਨੇ ਤੇ ਜਿਵੇਂ ਬਿਜਲੀ ਆ ਪਈ। ਉਹ ਸਿਰ ਤੋਂ ਲੈ ਪੈਰਾਂ ਤਕ ਕੰਬ ਗਿਆ। "ਨਾ ਨਾ ਇੰਝ ਨਾ ਆਖੋਂ ਹਜ਼ੂਰ, ਇੰਝ ਨਾ ਆਖੋ,

ਮੇਰਾ ਤੇ ਜਹਾਨ ਹੀ ਉਹਦੇ ਨਾਲ ਵਸਦਾ ਏ।''

''ਤੂੰ ਕੌਣ ਹੁਨਾ ਏਂ ਮੈਨੂੰ ਰੋਕਣ ਵਾਲਾ। ਮੈਂ ਕੋਈ ਤੇਰਾ ਗੁਲਾਮ ਹਾਂ। ਜਾਂ ਮੈਂ ਤੇਰਾ ਕਰਜ਼ਾ ਦੇਣਾ, ਐਵੇਂ ਦਿਮਾਗ ਖਾਣ ਡਿਆ ਏਂ, ਜਾਹ ਦਫ਼ਾ ਹੋ।''

ਧੰਨੇ ਦੀ ਗ਼ੈਰਤ ਜਾਗ ਉਠੀ। ਆਪਣੇ ਮੈਲੇ ਜਿਹੇ ਝੱਗੇ ਦੀ ਕੰਨੀ ਨਾਲ ਉਸ ਆਪਣੀਆਂ ਅੱਖਾਂ ਨਾਲੋਂ ਹੰਝੂ ਝਾੜ ਸੁਟੇ। ਆਪਣੀਆਂ ਕੰਬਦੀਆਂ ਲੱਤਾਂ ਤੇ ਜ਼ੋਰ ਪਾ ਉਹਨਾਂ ਨੂੰ ਕੰਬਣੋਂ ਰੋਕਿਆ, ਤੇ ਮੁੱਠਾਂ ਮੀਟ, ਹਿੰਮਤ ਕਰਕੇ ਬੋਲਿਆ, ''ਮੈਂ ਵੀ ਕੋਈ ਦਾਨ ਨਹੀਂ ਮੰਗਦਾ ਹਜ਼ੂਰ। ਤਿੰਨ ਸਾਲ ਹੋ ਗਏ ਨੇ ਤੁਹਾਡੇ ਕੋਲ ਕੰਮ ਕਰਦਿਆਂ, ਆਪਣੀ ਮੇਹਨਤ...।''

''ਨੀਚ ਕਮੀਨੇ ਤੇਰੀ ਇਹ ਮਜਾਲ।'' ਮਲਕ ਨੂੰ ਸੱਤੀਂ ਕਪੜੀਂ ਅੱਗ ਲੱਗ ਗਈ। ਅੱਖਾਂ ਵਿਚ ਖ਼ੂਨ ਉਤਰ ਆਇਆ। ਗੁੱਸੇ ਨਾਲ ਕੰਬਦੀ ਅਵਾਜ਼ ਵਿਚ ਉਸ ਮਿਸਰ ਨੂੰ ਸੰਬੋਧਨ ਕਰਕੇ ਆਖਿਆ : ਇਸਨੂੰ ਧੱਕੇ ਮਾਰ ਕੇ ਬਾਹਰ ਕੱਢ ਦੇ ਮਿਸਰ।

ਖ਼ਬਰਦਾਰ ਜੇ ਕੋਈ ਅਗੇ ਵਧਿਆ ਤਾਂ, ਮੈਂ ਖੁੱਦ ਹੀ ਚਲਾ ਜਾਵਾਂਗਾ। ਪਰ ਮਲਕ ਤੂੰ ਯਾਦ ਰਖੀਂ ਇਕ ਨ ਇਕ ਦਿਨ ਦੁੱਖੀ ਗਰੀਬਾਂ ਦੀਆਂ ਆਹੀਂ ਤੈਨੂੰ ਲੈ ਡੁਬਣਗੀਆਂ।''

''ਬਕਵਾਸ ਬੰਦ ਕਰ ਨਹੀਂ ਤੇ......

''ਜਿਹਦੇ ਕਾਲਜੇ ਨੂੰ ਹੱਥ ਪਾਈਏ ਉਹ ਅਸੀਸਾਂ ਨਹੀਂ ਦੇਂਦਾ। ਪਰ ...ਮਲਕ ਤੂੰ ਕੀ ਜਾਣੇਂ ਪੁਤਰਾਂ ਨੂੰ ਕਿਵੇਂ ਭੱਠ ਵਿਚ ਪਾਈਦਾ ਏ।''

''ਜ਼ਬਾਨ ਬੰਦ ਕਰ ਕੁੱਤੇ, ਨਹੀਂ ਤੇ ਜੀਭ ਖਿਚ ਲਵਾਂਗਾ ਈ। ਮਿਸਰ ਇਸ ਨੂੰ ਪਕੜ ਕੇ ਲੈ ਜਾਹ ਤੇ ਉੱਨੀ ਦੇਰ ਕੋਰੜੇ ਮਰਵਾਓ ਜਿੰਨੀ ਦੇਰ ਇਹਦਾ ਦਿਮਾਗ ਟਿਕਾਣੇ ਨਹੀਂ ਆ ਜਾਂਦਾ, ਨੀਚ ਕਮੀਨਾ ਮੇਰੇ ਅੱਗੇ ਬੋਲਦਾ ਏ''। ਕਹਿ ਮਲਕ ਵਿਹੜੇ ਵਲ ਖੁਲ੍ਹਦੇ ਦਰਵਾਜ਼ੇ ਥਾਣੀਂ ਬਾਹਰ ਨਿਕਲ ਗਿਆ।

ਤਿੰਨ ਪਹਿਰ ਰਾਤ ਬੀਤ ਚੁੱਕੀ ਸੀ, ਜਦੋਂ ਧੰਨੇ ਦੀ ਹੋਸ਼ ਪਰਤੀ। 'ਪਾਣੀ ਪਾਣੀ' ਕਰਦਿਆਂ ਉਸ ਅੱਖਾਂ ਖੋਲ੍ਹੀਆਂ। ਸਭ ਪਾਸੇ ਘੁੱਪ ਹਨੇਰਾ ਸੀ, ਮੱਸਿਆ ਚੌਦੇਂ ਦੀ ਕਾਲੀ ਡਰਾਉਣੀ ਰਾਤ। ਮਸਤ ਹਾਥੀਆਂ ਵਾਂਗ ਗਰਜਦੇ ਬਦਲ ਅਕਾਸ਼ ਵਿਚ ਇਧਰ ਉਧਰ ਭਜ ਰਹੇ ਸਨ। ਪਲ ਪਲ ਪਿਛੋਂ ਕੜਕ ਕੜਕ ਪੈਂਦੀ ਬਿਜਲੀ ਹਨੇਰੇ ਦੀ ਹਿੱਕ ਨੂੰ ਚੀਰਨ ਦਾ ਅਸਫਲ ਯਤਨ ਕਰਦੀ ਅਜੇ ਬੇਦਮ ਨਹੀਂ ਸੀ ਹੋਈ। ਬਿਸੀਅਰ ਨਾਗ ਵਾਂਗ ਸ਼ੂਕਦੀ ਹਵਾ ਨੇ ਕਈ ਰੁਖ ਜੜ੍ਹੋਂ ਪੁਟ ਸੁਟੇ ਸਨ ਪਰ ਅਜੇ ਉਹ ਸ਼ਾਂਤ ਨਹੀਂ ਸੀ ਹੋਈ। ਬਾਰਸ਼ ਹੁਣ ਭਾਵੇਂ ਥੰਮ ਚੁਕੀ ਸੀ ਪਰ ਕੁਝ ਦੇਰ ਪਹਿਲੇ ਮੋਹਲੇਧਾਰ ਮੀਂਹ ਪੈਣ ਕਾਰਨ ਠੰਢ ਕਾਫ਼ੀ ਵੱਧ ਗਈ ਸੀ।

'ਪਾਣੀ' ਕੁਝ ਦੇਰ ਬਾਅਦ ਧੰਨੇ ਨੇ ਫੇਰ ਪੁਕਾਰਿਆ। ਪਿਆਸ ਨਾਲ ਉਸ ਦਾ ਸੰਘ ਸੁਕਦਾ ਜਾ ਰਿਹਾ ਸੀ। 'ਪਾਣੀ ਪਾਣੀ-ਨੀ' ਆਪਣੇ ਖ਼ੁਸ਼ਕ ਹੋਠਾਂ ਤੇ ਜੀਭ ਫੇਰਦਿਆਂ ਧੰਨਾ ਬੁੜਬੁੜਾਇਆ ਤੇ ਫਿਰ ਇਕ ਪਾਸੇ ਸਿਰ ਸੁਟ ਕੇ ਪੈ ਗਿਆ।

ਕੜ...ਕੜ...ਕੜ ਕੜਕ ਕੇ ਪਈ ਬਿਜਲੀ ਕਾਰਨ ਧੰਨਾ ਡਰ ਕੇ ਕੰਬ ਉਠਿਆ। ਕਾਹਲੀ ਨਾਲ ਉਸ ਉਠ ਕੇ ਭਜਨਾ ਚਾਹਿਆ ਪਰ ਉਸ ਤੋਂ ਉਠ ਨਹੀਂ ਹੋਇਆ। ਉਸ ਨੂੰ ਇਂਞ ਲਗਾ ਜਿਵੇਂ ਛਾਤੀ ਤੋਂ ਹੇਠਾਂ ਹੇਠਾਂ ਉਸ ਦਾ ਸਾਰਾ ਜਿਸਮ ਹੀ ਪਥਰ ਹੋ ਗਿਆ ਹੋਵੇ। ਬਿਜਲੀ ਫੇਰ ਕੜਕੀ ਤੇ ਨਾਲ ਹੀ ਮੀਂਹ ਦਾ ਇਕ ਸ਼ਰਾਟਾ ਜਿਹਾ ਆਇਆ। ਪਾਣੀ ਦੀਆਂ ਕੁੱਝ ਬੂੰਦਾਂ ਧੰਨੇ ਦੇ ਪਿਆਸੇ ਹੋਠਾਂ ਤੇ ਪਈਆਂ। 'ਪਾਣੀ' ਬੁਲ੍ਹਾਂ ਤੇ ਜੀਭ ਫੇਰਦਿਆਂ ਤ੍ਰਬਕ ਕੇ ਧੰਨੇ ਨੇ ਫੇਰ ਉਠਣ ਦਾ ਯਤਨ ਕੀਤਾ। ਅਰਕਾਂ ਭੋਇਂ ਵਿਚ ਲਾ ਉਸ ਉਠਣਾ ਚਾਹਿਆ ਪਰੰਤੂ ਉਸ ਦੀਆਂ ਅਰਕਾਂ ਹੀ ਜ਼ਿਮੀ 'ਚ ਧਸ ਗਈਆਂ।

ਉਸ ਪਾਸਾ ਪਰਤਣਾ ਚਾਹਿਆ, ਪਰ ਗਿੱਲੀ ਮਿੱਟੀ ਵਿਚ ਉਸ ਦੀਆਂ ਅਰਕਾਂ ਏਸ ਤਰ੍ਹਾਂ ਫਸ ਗਈਆਂ ਸਨ ਕਿ ਉਸ ਤੋਂ ਹਿਲ ਨਹੀਂ ਹੋਇਆ। ਇਸ ਮਾੜੀ ਮੋਟੀ ਹਿਲਜੁਲ ਨਾਲ ਉਸ ਦੇ ਜਿਸਮ ਵਿਚ ਕੁੱਝ ਗਰਮੀ ਆਈ। ਉਸਨੇ ਲੇਟੇ ਲੇਟੇ ਆਪਣੀਆਂ ਲੱਤਾਂ ਬਾਹਵਾਂ ਨੂੰ ਹਿਲਾਣ ਦਾ ਯਤਨ ਕੀਤਾ। ਜਿਉਂ ਹੀ ਉਸਦੇ ਅੰਗਾਂ ਵਿਚ ਕੁੱਝ ਹਰਕਤ ਆਈ ਇਕ ਚੀਜ ਉਸਦੇ ਮੂੰਹ 'ਚੋਂ ਆਪ ਮੁਹਾਰੇ ਨਿਕਲ ਗਈ ਉਸਦਾ ਰੋਮ ਰੋਮ ਦੂਖਣ ਲਗ ਪਿਆ ਸੀ। ਸਰੀਰ ਵਿਚ ਗਰਮੀ ਔਣ ਕਾਰਨ ਉਹਦੀ ਚੇਤਨਤਾ ਜਾਗ ਪਈ। ਗਿੱਲੀ ਧਰਤ ਤੋਂ ਚੜ੍ਹਦੀ ਸਿੱਲ ਤੇ ਠੰਢ ਨੂੰ ਮਹਿਸੂਸ ਕਰਦਿਆ ਉਸ ਫੇਰ ਪਾਸਾ ਪਰਤਣਾ ਚਾਹਿਆ ਪਰ ਉਸ ਤੋਂ ਹਿਲ ਨਹੀਂ ਹੋਇਆ।

ਕੜ...ਕੜ...ਕੜ ਕਰਦੀ ਬਿਜਲੀ ਫ਼ੇਰ ਚਮਕ ਉਠੀ। ਬਿਜਲੀ ਦੀ ਗਵਾਚਦੀ ਰੋਸ਼ਨੀ ਵਿਚ ਧੰਨੇ ਨੇ ਵੇਖਿਆ, ਉਸਦੇ ਨੇੜੇ ਕੋਈ ਛੰਨ ਛੱਪਰ ਨਹੀਂ ਤੇ ਜਿਥੇ ਉਹ ਪਿਆ ਹੈ ਹੇਠਾਂ ਨਰਮ ਤੇ ਗਿੱਲੀ ਧਰਤ ਸੀ। ਹੈ...ਮੈਂ ਕਿਥੇ ਆ ? ਹੈਰਾਨ ਹੋਇਆ ਉਹ ਸੋਚਣ ਲਗ ਪਿਆ।

ਤੇ ਫ਼ੇਰ ਹੌਲੀ ਹੌਲੀ ਉਸਨੂੰ ਸਭ ਕੁੱਝ ਯਾਦ ਔਣ ਲਗਾ। ਬੀਤੇ ਕਲ ਦੀਆਂ ਸਾਰੀਆਂ ਘਟਨਾਵਾਂ ਉਸਦੀਆਂ ਅੱਖਾਂ ਸਾਹਵੇਂ ਤਸਵੀਰਾਂ ਵਾਂਗ ਘੁੰਮਣ ਲਗੀਆਂ।

ਕਲ ਦੁਪਹਿਰੇ ਉਹਦੇ ਪਿੰਡੋ ਨਾਈ ਇਕ ਅਜਿਹੀ ਖਬਰ ਲੈਕੇ ਆਇਆ ਸੀ ਕਿ ਸੁਣਦਿਆਂ ਹੀ ਉਹ ਦੀ ਖਾਨਿਓ ਗਈ ਉਹ ਸਿਰ ਤੋਂ ਲੈ ਪੈਰਾਂ ਤਕ ਕੰਬ ਗਿਆ ਉਹਦੀ ਜਿੰਦਗੀ ਦਾ ਇਕੋ ਇਕ ਸਹਾਰਾ ਤੇ ਉਹਦੀ ਮੋਈ ਪਤਨੀ ਦੀ ਅੰਤਮ ਨਿਸ਼ਾਨੀ ਉਹਦਾ ਇਕਲੌਤਾ ਪੁਤਰ ਸਖਤ ਬੀਮਾਰ ਸੀ। ਬੱਚਾ ਪਿਛਲੇ ਕਈ ਦਿਨਾਂ ਤੋਂ ਬੀਮਾਰ ਪਿਆ ਸੀ, ਧੰਨੇ ਨੂੰ ਇਕ ਦੋ ਵਾਰ ਅਗੇ ਵੀ ਸੁਨੇਹੇ ਆਏ ਸਨ ਪੰਰਤੂ ਉਹ ਜਾ ਨਹੀਂ ਸੀ ਸਕਿਆ। ਦੋ ਤਿੰਨ ਵਾਰ ਉਸ ਲੰਬੜ ਤੋਂ ਛੁਟੀ ਮੰਗੀ ਸੀ ਪਰ ਹਰ ਵਾਰ ਹੀ ਉਸਨੂੰ ਉਲਟਾ ਜਿਹਾ ਜਵਾਬ ਮਿਲਿਆ ਸੀ, "ਬੀਮਾਰ ਮੁੰਡਾ ਏ ਤੇ ਛੁੱਟੀ ਤੈਨੂੰ ਚਾਹੀਦੀ ਏ, ਤੂੰ ਕੀ ਕਰੇਗਾ ਜਾ ਕੇ, ਕੰਮ ਕਰ ਅਰਾਮ ਨਾਲ।" ਤੇ 'ਬੇਵਸ' ਧੰਨਾ ਚੁਪ ਕਰ ਰਿਹਾ ਸੀ ਪਰ ਅਜ ਜਦੋਂ ਪਿੰਡੋਂ ਨਾਈ ਆਇਆ ਤਾਂ ਉਸਨੂੰ ਸੁਝ ਗਈ ਸੀ ਕਿ ਹੁਣ ਖ਼ੈਰ ਨਹੀਂ। ਪਰ ਨਾਈ ਬੜਾ ਸਿਆਣਾ

ਸੀ। ਉਸਨੇ ਧੰਨੇ ਨੂੰ ਡੋਲਣ ਨਹੀਂ ਦਿਤਾ। ਵਾਰ ਵਾਰ ਇਹੀ ਕਹਿੰਦਾ ਰਿਹਾ "ਡਰ ਵਾਲੀ ਕੋਈ ਗੱਲ ਨਹੀਂ, ਘਾਬਰ ਨਾ, ਵੈਦ ਹਕੀਮ ਆਖਦੇ ਨੇ ਬਚੇ ਨੂੰ ਉਦਰੇਵੇ ਦਾ ਬੁਖ਼ਾਰ ਏ, ਪਿਉ ਨੂੰ ਮਿਲੇਗਾ ਤਾਂ ਠੀਕ ਹੋ ਜਾਏਗਾ।" ਤੂੰ ਇਕ ਦਿਨ ਲਈ ਚਲਿਆ ਚਲ ਪ੍ਰਮਾਤਮਾ ਭਲੀ ਕਰੇਗਾ।" ਪੰਰਤੂ ਧੰਨੇ ਦਾ ਮਨ ਕੰਬ ਰਿਹਾ ਸੀ। ਉਸ ਕਈ ਵੇਰ ਨਾਈ ਨੂੰ ਮੋਢੇ ਤੋਂ ਫੜਕੇ ਪੁਛਿਆ ਚਾਚਾ ਸਚੋ ਸਚ ਦਸ, ਮੁੰਡੇ ਦੀ ਹਾਲਤ ਬਹੁਤੀ ਖ਼ਰਾਬ ਤੇ ਨਹੀਂ, ਠੀਕ ਤੇ ਹੈ ?"

"ਠੀਕ ਏ ਪੁਤਰਾਂ, ਤੈਨੂੰ ਮਿਲ ਲਵੇਗਾ ਤਾਂ ਹੋਰ ਵੀ ਠੀਕ ਹੋ ਜਾਏਗਾ। "ਪਰ ਤੂੰ ਚਲ ਚਬਦੇ।"

ਧੰਨਾ ਸਭ ਕੁੱਝ ਸਮਝ ਗਿਆ ਸੀ, ਫੇਰ ਉਸਨੇ ਕੁੱਝ ਨਹੀਂ ਪੁੱਛਿਆ। ਭੱਜਾ ਭੱਜਾ ਉਹ ਲੰਬੜ ਵਲ ਚਲਾ ਗਿਆ। ਜਾਂਦਿਆਂ ਹੀ ਉਹਦੇ ਪੈਰਾਂ ਤੇ ਡਿੱਗ ਦੋ ਦਿਨ ਦੀ ਛੁਟੀ ਮੰਗੀ। ਉਸ ਵੇਲੇ ਲੰਬੜ ਆਪਣੇ ਕਿਸੇ ਵਾਕਫ਼ ਨਾਲ ਗੱਲੀ ਰੁੱਝਿਆ ਹੋਇਆ ਸੀ। ਪੈਰਾਂ ਤੇ ਪਏ ਧੰਨੇ ਦੀ ਅਵਾਜ਼ ਨੂੰ ਅਣਸੁਣੀ ਕਰ ਉਹ ਉਵੇਂ ਹੀ ਗੱਲਾਂ ਵਿਚ ਲੱਗਾ ਰਿਹਾ। ਕੁੱਝ ਦੇਰ ਬਾਅਦ ਧੰਨੇ ਨੇ ਉਸਦੇ ਪੈਰ ਦਬਾਦਿਆਂ ਫੇਰ ਆਖਿਆ : "ਲੰਬੜ ਜੀ,......

"ਕੀ ਗੱਲ ਏ ਉਏ" ਲੰਬੜ ਕੜਕ ਕੇ ਬੋਲਿਆ।

"ਜੀ ਮੇਰਾ ਮੁੰਡਾ ਬੜਾ ਬੀਮਾਰ ਏ, ਛੁਟੀ ਚਾਹੀਦੀ ਏ।" ਧੰਨੇ ਨੇ ਹੋਰ ਜ਼ੋਰ ਨਾਲ ਪੈਰ ਦਬਾਂਦਿਆਂ ਆਖਿਆ।

"ਮੁੰਡਾ ਬੀਮਾਰ ਏ ਤੂੰ ਤੇ ਨਹੀਂ, ਜਾਹ ਬੰਦਿਆ ਵਾਕਰ ਕੰਮ ਕਰ ਜਾ ਕੇ ਕੋਈ ਛੁਟੀ ਛਟੀ ਨਹੀਂ ਮਿਲਣੀ। ਤੂੰ ਚੰਗਾ ਬਹਾਨਾ ਲੱਭਿਆ, ਹਰ ਚੌਥੇ ਦਿਨ ਆ ਜਾਂਦਾ, 'ਜੀ ਮੇਰਾ ਮੁੰਡਾ ਬੀਮਾਰ ਏ, ਹੂੰ।' ਲੰਬੜ ਸ਼ੂਕਿਆ ਤੇ ਫੇਰ ਜ਼ੋਰ ਨਾਲ ਥੁੱਕ ਪਹਿਲੇ ਵਾਂਗ ਹੀ ਗੱਲੀ ਜੁਟ ਪਿਆ।

ਧੰਨਾ ਲੰਬੜ ਦੇ ਸੁਭਾ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਹਨੂੰ ਪਤਾ ਸੀ ਜੇ ਇਕ ਵਾਰ ਇਹਦੇ ਮੂੰਹੋਂ ਨਾਂਹ ਨਿਕਲ ਗਈ ਤੇ ਹਾਂ ਹੋਣੀ ਨਹੀਂ। ਇਸ ਲਈ ਉਸਨੇ ਕੋਈ ਜਵਾਬ ਨਹੀਂ ਦਿਤਾ। ਮਰੇ ਜਿਹੇ ਦਿਲ ਨਾਲ ਲੱਤਾਂ ਘਰੀਕਦਾ ਆਪਣੀ ਕੋਠੜੀ ਵਲ ਮੁੜ ਆਇਆ।

"ਚਲੀਏ ,ਪੁਤਰਾਂ ?" ਉਸਨੂੰ ਵਾਪਸ ਆਇਆ ਵੇਖ ਨਾਈ ਬੋਲਿਆ।

ਹੁਣ ਤਕ ਧੰਨਾ ਕਾਫ਼ੀ ਸੰਭਲ ਚੁਕਾ ਸੀ। ਨਾਈ ਦੇ ਕੋਲ ਬੈਠਦਿਆਂ ਉਸ ਆਖਿਆ, "ਚਾਚਾ ਤੂੰ ਚਲ, ਸਾਡਾ ਚੌਧਰੀ ਜ਼ਰਾ ਬਾਹਰ ਗਿਆ ਏ, ਹੁਣੇ ਔਂਦਾ ਏ ਤਾਂ ਮੈਂ ਕੁਝ ਪੈਸੇ ਲੈ ਕੇ ਆਵਾਂਗਾ,ਨਾਲੇ ਇਥੋਂ ਕਿਸੇ ਸਿਆਣੇ ਹਕੀਮ ਨੂੰ ਵੀ ਨਾਲ ਲਈ ਆਵਾਂਗਾ।"

ਪੁੱਤਰਾਂ ਮੇਰੇ ਨਾਲ ਹੀ ਚਲਾ ਚਲ, ਮੇਰੇ ਕੋਲ ਘੋੜੀ ਏ, ਝੱਬਦੇ ਪਹੁੰਚ ਜਾਵਾਂਗੇ, ਵੈਦ ਹਕੀਮ ਨੂੰ ਹੁਣੇ ਹੀ ਲੈ ਚਲਦੇ ਹਾਂ। ਕੱਲਾ ਕਾਹਦੇ ਤੇ ਆਵੇਂਗਾ।"

"ਪਰ ਚਾਚਾ ਪੈਸੇ ਵੀ ਤੇ ਚਾਹੀਦੇ ਨੇ ਨਾ। ਤੂੰ ਚਲ ਮੈਂ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਪਿੰਡ ਪਹੁੰਚ ਜਾਵਾਂਗਾ। ਲੰਬੜ ਦੇ ਔਣ ਦੀ ਦੇਰ ਏ।" ਕਹਿ ਧੰਨਾ ਉਠ ਖਲੋਤਾ।

ਨਾਈ ਨੇ ਵੀ ਹੱਠ ਕਰਨਾ ਉਚਿਤ ਨਹੀਂ ਸਮਝਿਆ। ਉਸਨੂੰ ਛੇਤੀ ਪੁਜਣ ਦੀ ਪੱਕੀ ਕਰਦਾ ਉਹ ਵੀ ਉਠ ਤੁਰਿਆ।

ਬਾਗ ਦੇ ਬਾਹਰਲੇ ਦੁਆਰ ਤਕ ਧੰਨਾ ਉਸਨੂੰ ਛੱਡਣ ਆਇਆ, ਨਾਈ ਚਲਾ ਗਿਆ। ਨਾਈ ਨੂੰ ਵਿਦਿਆ ਕਰਕੇ ਪਰਤਦੇ ਸਮੇਂ ਉਸ ਦਾ ਮਨ ਬਹੁਤ ਬੁਰੀ ਤਰ੍ਹਾਂ ਉਲਝਿਆ ਹੋਇਆ ਸੀ। ਉਹ ਸੋਚ ਰਿਹਾ ਸੀ, ਹੁਣ ਕੀ ਕਰਾਂ, ਕਿਵੇਂ ਜਾਵਾਂ ? ਲੰਬੜ ਤੇ ਨਾਂਹ ਕਰ ਦਿਤੀ ਏ। ਚੌਧਰੀ ਨੂੰ ਪੁਛ ਵੇਖਾਂ......ਪਰ ਉਹ ਤੇ ਲੰਬੜ, ਤੋਂ ਵੀ ਭੈੜਾ ਏ।...ਚੋਰੀ ਨੱਠ ਜਾਵਾਂ...ਪਰ ਜੇ ਫੜਿਆ ਗਿਆ ਤਾਂ...ਫੇਰ ? ਸਿਧਾ ਮਲਕ ਕੋਲ ਚਲਾ ਜਾਵਾਂ। ਉਹ ਵਡੇ ਬੰਦੇ ਨੇ ਸ਼ਾਇਦ ਮੰਨ ਜਾਣ। ਪਰ ਜੇ ਉਹਨਾਂ ਵੀ ਨਾਂਹ ਕਰ ਦਿਤੀ, ਫੇਰ ?...ਜਾਣਾ ਤੇ ਮੈਂ ਜ਼ਰੂਰ ਏ ਭਾਵੇਂ ਕੁਝ ਹੋਵੇ...ਜੇ ਮੁੰਡੇ ਨੂੰ ਕੁਝ ਹੋ ......ਇਸ ਤੋਂ ਅੱਗੇ ਧੰਨੇ ਤੋਂ ਸੋਚ ਨਹੀਂ ਹੋਇਆ ਤੇ ਉਹ ਵਾਹੋਦਾਹੀ ਮਲਕ ਦੀ ਹਵੇਲੀ ਵਲ ਨਠ ਤੁਰਿਆ।

ਸੂਰਜ ਡੁੱਬ ਚੁਕਾ ਸੀ, ਹਨੇਰਾ ਪਲੋਪਲੀ ਪਸਰਦਾ ਜਾ ਰਿਹਾ ਸੀ ਜਦੋਂ ਉਹ ਮਲਕ ਦੀ ਹਵੇਲੀ ਪੁਜਾ। ਅਰਦਲੀ ਦੀ ਮਿੰਨਤ-ਖੁਸ਼ਾਮਦ ਕਰਕੇ ਉਹ ਅੰਦਰ ਲੰਘ ਗਿਆ। ਪਰ ਦਰਵਾਜ਼ਾ ਲੰਘਦਿਆਂ ਹੀ ਉਹ ਮਿਸਰ ਦੀ ਨਜ਼ਰੀ ਪੈ ਗਿਆ।

"ਕੀ ਗੱਲ ਏ ਉਏ ?" ਧੰਨੇ ਨੂੰ ਕੋਲ ਸੱਦ ਕੇ ਮਿਸਰ ਨੇ ਬੜੇ ਰੋਹਬ ਨਾਲ ਪੁਛਿਆ।

'ਜੀ ਮੈਂ ਮਲਕ ਜੀ ਨੂੰ ਮਿਲਣਾ ਏ ?''

'ਉਹ ਇਸ ਵੇਲੇ ਨਹੀਂ ਮਿਲ ਸਕਦੇ, ਕੀ ਕੰਮ ਈ ? ਮਿਸਰ ਨੇ ਉਸਨੂੰ ਸਿਰ ਤੋਂ ਲੈ ਪੈਰਾਂ ਤਕ ਵੇਖਦਿਆਂ ਪੁੱਛਿਆ'' ''ਲੜਿਆ ਏਂ ਕਿਸੇ ਨਾਲ ? ਕਿਸ ਦੀ ਸ਼ਕਾਇਤ ਕਰਨੀ ਆ ?''

''ਜੀ ਸ਼ਕੈਤ ਸ਼ਕੂਤ ਨਹੀਂ । ਮੈਂ ਤੇ ਇਕ ਅਰਜ਼ ਕਰਨੀ ਏ ।'' ਉਸ ਅਧੀਨਗੀ ਨਾਲ ਆਖਿਆ ।

''ਅਰਜ਼ ਸ਼ਬਦ ਅਜੇ ਮਿਸਰ ਦੇ ਮੂੰਹ ਵਿਚ ਸੀ ਕਿ ਉਸ ਨੇ ਇਕ ਪੌਲੀ ਕੱਢ ਮਿਸਰ ਦੀ ਤਲੀ ਤੇ ਰਖਦਿਆਂ ਆਖਿਆ :'' ਮੈਂ ਗਰੀਬ ਤੇ ਅਹਿਸਾਨ ਕਰੋ ਮਿਸਰ ਜੀ, ਮੈਨੂੰ ਮਲਕ ਜੀ ਨੂੰ ਮਿਲਾ ਦਿਉ ।

ਮਿਸਰ ਰਾਜ਼ੀ ਹੋ ਗਿਆ । ''ਮੈਂ ਮਲਕ ਜੀ ਤੋਂ ਆਗਿਆ ਲੈ ਆਵਾਂ ਤੂੰ ਇਥੇ ਖਲੋ ।'' ਕਹਿੰਦਾ ਉਹ ਅੰਦਰ ਚਲਾ ਗਿਆ ।

''ਜਦੋਂ ਮਿਸਰ ਅੰਦਰੋਂ ਪਰਤਕੇ ਆਇਆ ਉਸਦੇ ਚਿਹਰੇ ਤੇ ਜਿੱਤ ਦੀ ਖੁਸ਼ੀ ਸੀ। ''ਚਲ ਭਈ ਜ਼ਰਾ ਜਲਦੀ ਕਰ' ਉਸਨੇ ਉਹਦੇ ਕੋਲ ਆ ਕੇ ਆਖਿਆ ਤੇ ਫੇਰ ਉਸਨੂੰ ਉਡੀਕੇ ਬਗੈਰ ਮੂੰਹ ਮੋੜਕੇ ਅੰਦਰ ਵਲ ਤੁਰ ਪਿਆ । ਉਹ ਵੀ ਲੱਤਾਂ ਧਰੀਕਦਾ ਉਸ ਦੇ ਪਿਛੇ ਹੋ ਤੁਰਿਆ ।

ਦੀਵਾਨਖਾਨੇ ਦੇ ਦਰਵਾਜ਼ੇ ਕੋਲ ਧੰਨੇ ਨੂੰ ਰੁਕਣ ਲਈ ਆਖ ਮਿਸਰ ਨੇ ਅੱਗੇ ਜਾ ਕੇ ਮਲਕ ਨੂੰ ਕੁੱਝ ਆਖਿਆ । ਉਹ ਉਸ ਨੇ ਸੁਣਿਆ ਨਹੀਂ ਸੀ। ਪਰ ਮਿਸਰ ਦੇ ਪਿਛੇ ਦਲਹੀਜ਼ਾਂ ਵਿਚ ਖੜੇ ਉਸ ਨੂੰ ਜਿਸ ਕੈਰੀ ਨਜ਼ਰ ਨਾਲ ਮਲਕ ਨੇ ਤਕਿਆ ਸੀ ਯਾਦ ਕਰਕੇ ਉਹਦਾ ਸਰੀਰ ਹੁਣ ਵੀ ਕੰਬਣ ਲਗ ਪਿਆ ਸੀ।

ਮਲਕ ਦੇ ਸਾਹਵੇਂ ਉਸ ਤੋਂ ਖਲੋ ਨਹੀਂ ਸੀ ਹੁੰਦਾ । ਉਹ ਬੜੀ ਹਿੰਮਤ ਕਰਕੇ ਆਪਣਾ ਦੁਖ ਰੋਇਆ । ਉਸਦੇ ਬੋਲ ਕੰਬ ਰਹੇ ਸਨ। ਤੇ ਉਸ ਤੋਂ ਬਾਅਦ ਜੋ ਗੱਲਬਾਤ ਉਹਦੇ ਤੇ ਮਲਕ ਦੇ ਦਰਮਿਆਨ ਹੋਈ ਉਸ ਨੂੰ ਚੰਗੀ ਯਾਦ ਨਹੀਂ ਸੀ ਪਰ ਉਸਨੂੰ ਇਹ ਯਾਦ ਆ ਰਿਹਾ ਸੀ ਕਿ ਉਸ ਮਲਕ ਨੂੰ 'ਕੁੱਝ ਅਜਿਹਾ' ਆਖਿਆ ਸੀ ਕਿ ਸੁਣਕੇ ਉਹ ਅੱਗ ਬਗੋਲਾ ਹੋ ਗਿਆ ਸੀ ਤੇ ਬੜੀ ਗਰਜ਼ਵੀਂ ਆਵਾਜ਼ ਵਿਚ ਚੀਕਿਆ ਸੀ ''ਲੈ ਜਾਉ ਇਸਨੂੰ ਤੇ ਉਨੀ ਦੇਰ ਕੋਰੜੇ ਮਾਰੋ ਜਿਤਨੀ ਦੇਰ ਇਹਦਾ ਦਿਮਾਗ ਟਿਕਾਣੇ..''

ਕੋਰੜੇ ਦਾ ਨਾਂ ਯਾਦ ਆਉਂਦਿਆ ਹੀ ਧੰਨੇ ਦੇ ਰੋਮ ਰੋਮ ਵਿਚ ਤਰਾਟਾਂ ਪੈਣ ਲਗ ਪਈਆਂ ਕੋਰੜੇ ਖਾ ਖਾ ਕੇ ਉਹਦਾ ਜਿਸਮ ਅੰਬਿਆਂ ਪਿਆ ਸੀ। ਹਾਂ...ਏ . ਏ ਇਕ ਠੰਡੀ ਆਹ ਭਰਦਿਆ ਉਸ ਅੱਖਾਂ ਮੀਟ ਲਈਆਂ ਰਾਤ ਦਾ ਨਜ਼ਾਰਾ ਪ੍ਰਤਖ ਉਸ ਦੀਆਂ ਅੱਖਾਂ ਸਾਹਵੇ ਆ ਖਲੋਤਾ। ਚਾਰੇ ਪਾਸਿਉਂ ਬੰਦ ਗੁਦਾਮ ਦੇ ਵਿਚਕਾਰਲੇ ਕਮਰੇ ਵਿਚ ਉਹ ਚਾਰ ਬੰਦਿਆ ਵਿਚਕਾਰ ਨੰਗ ਪਨੰਗਾ ਘਿਰਿਆਂ ਖੜਾ ਕੰਬ ਰਿਹਾ ਸੀ। ਉਹਨਾਂ ਚੰਹੁ ਬੰਦਿਆਂ ਦੇ ਹੱਥਾਂ ਵਿਚ ਤੇਲ ਭਿੱਜੇ ਚਮੜੇ ਦੇ ਕੋਰੜੇ ਸਨ। ਧੰਨਾ ਕਦੇ ਉਹਨਾਂ ਬੰਦਿਆਂ ਦੇ ਮਜ਼ਬੂਤ ਫਰਕਦੇ ਡੌਲਿਆ ਵਲ ਵੇਖਦਾ, ਤੇ ਕਦੇ ਉਹਨਾਂ ਦੇ ਹਥ ਵਿਚ ਫੜੇ ਚਮੜੇ ਦੇ ਕੋਰੜਿਆ ਵਲ ਤੇ ਕਦੇ ਉਹਨਾਂ ਦੀਆਂ ਅੱਖਾਂ 'ਚੋ ਕੁੱਝ ਲੱਭਣ ਦਾ ਯਤਨ ਕਰਦਾ ਸੀ।

ਕਦੀ ਕਿੰਨੀ ਦੇਰ ਤੋਂ ਉਹ ਚਾਰੇ ਬੰਦੇ ਤਿਆਰ-ਬਰ ਤਿਆਰ ਖੜੇ ਸਨ। ਪਈ ਨਾਲੋਂ ਉਗਰੀ ਦਾ ਭੈਅ ਜ਼ਿਆਦਾ ਹੁੰਦਾ ਹੈ। ਉਸ ਨੂੰ ਜਾਪਦਾ ਪਿਆ ਸੀ ਕਿ ਉਹਨਾਂ ਦੇ ਹੱਥਾਂ ਵਿਚ ਫੜੇ ਕੋਰੜੇ ਉਸ ਦੇ ਜਿਸਮ ਤੇ ਪੈ ਰਹੇ ਸਨ। ਉਹ ਤ੍ਰੇਲੀਉ ਤ੍ਰੇਲੀ ਹੋ ਗਿਆ।

ਪਤਾ ਨਹੀਂ ਉਹਦੇ ਮਨ ਵਿਚ ਕੀ ਆਈ ਹਥ ਜੋੜ ਉਹਨਾਂ ਚੰਹੁਆਂ ਬੰਦਿਆਂ ਵਲ ਬੜੀ ਅਜ਼ਿੱਜ਼-ਨਜ਼ਰੇ ਝਾਕਦਿਆਂ ਉਸ ਪੁਛਿਆ 'ਤੁਸੀਂ ਮੈਨੂੰ ਮਾਰੋਗੇ ? ਉਸ ਦੇ ਇਸ ਸਵਾਲ ਤੇ ਉਹ ਸਾਰੇ ਹੀ ਹੱਸ ਪਏ ਸਨ। ਉਹ ਕੱਚਾ ਜਿਹਾ ਗਿਆ ਤੇ ਫ਼ੇਰ ਮਨ ਹੀ ਮਨ ਵਿਚ ਸੋਚਣ ਲਗਾ ਇਹ ਵੀ ਕੋਈ ਪੁਛਣ ਵਾਲੀ ਗੱਲ ਏ ! ਪਰ ..ਇਹ ਮੈਨੂੰ ਕਿਉਂ ਮਾਰਨਗੇ, ਮੈਂ ਇਹਨਾਂ ਦਾ ਕੀ ਵਿਗਾੜਿਆ ? ਇਹਨਾਂ ਨੂੰ ਤੇ ਮੈਂ ਕੁੱਝ ਨਹੀਂ ਆਖਿਆ, ਇਹਨਾਂ ਦਾ ਮੇਰਾ ਕਾਹਦਾ ਵੈਰ ਏ।' ਕਮਰੇ ਵਿਚ ਹੋਏ ਖੜਾਕ ਕਾਰਨ ਉਹ ਦੀ ਸੋਚ ਲੜੀ ਟੁੱਟ ਗਈ ਸੀ। ਉਸ ਡਰਦਿਆ ਡਰਦਿਆਂ ਉਸ ਪਾਸੇ ਵੇਖਿਆ, ਜਿਧਰ ਖੜਾਕ ਹੋਇਆ ਸੀ 'ਕਿਤੇ ਉਹ ਨਾ ਆ ਗਿਆ ਹੋਵੇ ਜਿਦੇ ਹੁਕਮ ਨੂੰ ਇਹ ਉਡੀਕ ਰਹੇ ਨੇ, ਸੋਚ ਉਹ ਕੰਬਣ ਲਗ ਪਿਆ। ਪਰ ਜਦੋਂ ਉਸ ਪਾਸਿਉ ਆਉਂਦਾ ਕੋਈ ਨਾ ਦਿਸਿਆ ਤਾਂ ਉਹਦੇ ਮਨ ਨੂੰ ਕੱਝ ਧਰਵਾਸ ਆ ਗਈ। 'ਰੱਬ ਕਰੇ ਉਹ ਆਵੇ ਹੀ ਨਾ' ਉਹ ਹਥ ਜੋੜ ਰੱਬ ਅੱਗੇ ਅਰਦਾਸ ਕਰਨ ਲਗ ਪਿਆ।

ਪੰਰਤੂ ਅਰਦਾਸ ਲਈ ਜੁੜੇ ਓਹਦੇ ਹੱਥ ਅਜੇ ਖੁਲ੍ਹੇ ਨਹੀਂ ਸਨ ਜਦੋਂ

ਤਾੜ ਕਰਦਾ ਕੋਰੜਾ ਉਹਦੀ ਪਿੱਠ ਤੇ ਪਿਆਂ। "ਹਾ...ਏ...ਏ। ਚੀਸ ਉਹ ਨੇ ਸੰਘ ਵਿਚ ਹੀ ਘੁੱਟੀ ਗਈ, ਤਾੜ, ਕਰਦਾ ਇਕ ਹੋਰ ਕੋਰੜਾ ਪਹਿਲੇ ਵਾਲੀ ਥਾਂ ਹੀ ਆ ਵਜਾ। ਪੀੜ੍ਹ ਨਾਲ ਉਹ ਤੜਪ ਉਠਿਆ। ਕਾਹਲੀ ਨਾਲ ਉਸ ਆਪਣੇ ਦੋਵਾਂ ਹੱਥਾਂ ਨਾਲ ਕੰਡ ਨੂੰ ਢਕਣ ਦਾ ਯਤਨ ਕੀਤਾ। ਤੇ ਐਨੇ ਨੂੰ ਤਾੜ ਕਰਦਾ ਇਕ ਕੋਰੜਾ ਉਹਦੀ ਛਾਤੀ ਤੇ ਆ ਵੱਜਾ, ਉਹ ਲੋਟਣੀ ਖਾ ਕੇ ਡਿੱਗ ਪਿਆ।

ਤੇ ਫੇਰ ਚਹੁੰ ਪਾਸਿਉਂ ਤਾੜ ਤਾੜ ਹੋਣ ਲਗ ਪਈ। ਜਿਥੇ ਜਿਥੇ ਕੋਰੜਾ ਪੈਂਦਾ ਉਥੇ ਉਥੇ ਅੱਗ ਬਲ ਉਠਦੀ, ਉਹ ਅੱਖਾਂ ਮੀਟ 'ਰਾਮ, ਰਾਮ ਕਰਨ ਲੱਗਾ, ਪਰ ਕਿੰਨੀ ਦੇਰ! ਪਿੰਡੇ ਵਿਚ ਪੈਂਦੀਆਂ ਚੀਸਾਂ ਤੇ ਤ੍ਰਾਟਾਂ ਦੀ ਪੀੜ੍ਹ ਉਸਨੂੰ ਬੇਸੁੱਧੀ ਕਰੀ ਜਾ ਰਹੀ ਸੀ। ਉਹ 'ਰਾਮ ਰਾਮ' ਭੁਲ ਗਿਆ ਤੇ ਬੇਸੁਧੀ ਵਿਚ ਉਹ ਜੰਮਣ ਵਾਲੀ ਮਾਂ ਨੂੰ ਪੁਕਾਰਣ ਲਗਾ ਤੇ ਫ਼ੇਰ ਉਸ ਨੂੰ ਕੁੱਝ ਪਤਾ ਨਹੀਂ।

ਪਰ ਮੈਂ ਇਥੇ ਕਿਵੇਂ ਆ ਗਿਆ? ਉਸਨੂੰ ਏਸ ਗੱਲ ਦੀ ਸਮਝ ਨਹੀਂ ਸੀ ਆ ਰਹੀ। ਪਰ ਝਟ ਹੀ ਉਸਦੇ ਮਨ ਨੇ ਇਸ ਉਲਝਣ ਦਾ ਹਲ ਲੱਭ ਲਿਆ। ਆਪਣੇ ਵਲੋਂ ਤੇ ਮਾਰਕੇ ਸੁੱਟ ਗਏ ਹੋਣਗੇ, ਜ਼ਾਲਮ ਡਰਦੇ ਹੋਣਗੇ ਕਿ ਸਾਡੇ ਮੱਥੇ ਖ਼ੂਨ ਲੱਗੇਗਾ। ਪਰ ਰਖਣ ਵਾਲਾ ਬੜਾ ਡਾਢਾ ਏ, ਏਨੀ ਹੋਣ ਤੇ ਵੀ ਰਖ ਲਿਆ ਸੂ। ਪਰ ਦੂਜੇ ਹੀ ਪਲ ਉਹਦਾ ਮਨ ਰੱਬ ਵਿਰੁਧ ਰੋਸ ਨਾਲ ਭਰ ਗਿਆ: ਵਡਾ ਕਰਮ ਕੀਤਾ ਸੂ ਜਾਨ ਬਚਾਕੇ! ਏਦੂੰ ਤੇ ਜਾਨ ਲੈ ਲੈਂਦਾ ਤਾਂ ਚੰਗਾ ਸੀ ਇਹਨਾਂ ਕਸਾਈਆਂ ਤੋਂ ਜਾਨ ਤੇ ਛੁੱਟਦੀ। ਤੇ ਉਸਦੀਆਂ ਅੱਖਾ ਭਰ ਆਈਆਂ। ਉਹ ਸੋਚਣ ਲਗਾ: ਮੈਂ ਗੁਨਾਹ ਕੀ ਕੀਤਾ ਸੀ ਜਿਸਦੇ ਬਦਲੇ ਮੈਨੂੰ ਬਕਰੇ ਨਾਲ ਕੋਹਿਆ ਨੇ। ਆਖ਼ਰ ਬਚੇ ਦੇ ਦਵਾ-ਦਾਰੂ ਲਈ ਚਾਰ ਪੈਸੇ ਹੀ ਮੰਗੇ ਸਨ। ਮਜਬੂਰ ਹੋ ਹੱਥ ਅੱਡਣਾ ਹੀ ਪੈਂਦਾ ਹੈ, ਨਹੀਂ ਤੇ ਕਿਹਦਾ ਜੀਅ ਕਰਦਾ ਏ ਇਹਨਾਂ ਜ਼ਾਲਮਾਂ ਦੇ ਮੂੰਹ ਲਗਣ ਨੂੰ! ਪਰ ਇਹਨਾਂ ਨੂੰ ਕਿਸੇ ਦੇ ਦੁਖ ਸੁਖ ਨਾਲ ਕੀ? ਇਹਨਾਂ ਨੂੰ ਤੇ ਕੰਮ ਨਾਲ ਮਤਲਬ ਏ। ਬਸ ਸਿਰ ਸੁੱਟ ਡੰਗਰਾਂ ਵਾਂਗ ਕੰਮ ਕਰੀ ਜਾਉ ਤਾਂ ਇਹ ਖੁਸ਼ ਰਹਿੰਦੇ ਨੇ। ਜੇ ਜਰਾ ਉਬਾਸਰੋਂ ਤਾਂ ਇਹਨਾਂ ਨੂੰ ਸੱਤੀ ਕਪੜੀ ਅੱਗ ਲਗ ਜਾਂਦੀ ਏ। ਜ਼ਾਲਮ ਅਨਿਆਈ ਆਪਣੇ ਤੋਂ ਬਿਨਾਂ ਕਿਸੇ ਹੋਰ ਨੂੰ ਮਨੁਖ ਹੀ ਨਹੀਂ ਸਮਝਦੇ।

ਹਰਾਮੀ, ਕਿਵੇਂ ਮੂੰਹ ਪਾੜਕੇ ਆਖਦਾ ਸੀ "ਭੱਠ ਵਿਚ ਪਵੇ......... ਗੁੱਸੇ ਨਾਲ ਉਹਦਾ ਸਰੀਰ ਕੰਬਣ ਲਗ ਪਿਆ। ਜੇ ਮੇਰਾ ਵੱਸ ਚਲਦਾ ਤਾਂ ਮੈਂ ਉਹਦਾ ਗੱਲ ਘੁੱਟ ਦੇਣਾ ਸੀ।......ਫੇਰ ਉਹਨੂੰ ਪਤਾ ਲਗ ਜਾਂਦਾ ਕਿ ਕਿਵੇਂ ਕਿਸੇ ਦੀਆਂ ਆਂਦਰਾਂ ਨੂੰ ਹਥ ਪਾਈਦਾ ਹੈ। ਮੁੰਡੇ ਦਾ ਖਿਆਲ ਆਉਂਦਿਆ ਹੀ ਉਹ ਬੇਚੈਨ ਹੋ ਉਠਿਆ। ਪਤਾ ਨਹੀਂ ਕਿਸ ਹਾਲਤ ਵਿਚ ਹੋਵੇ ਵਿਚਾਰਾ? ਮੈਨੂੰ ਛੇਤੀ ਤੋਂ ਛੇਤੀ ਪਿੰਡ ਪਹੁੰਚਣਾ ਚਾਹੀਦਾ ਏ। ਪਰ ਮੈਂ ਉਥੇ ਪਹੁੰਚਕੇ ਕੀ ਸੰਵਾਰ ਲੈਣਾ ਏ। ਕੋਈ ਹਕੀਮ ਵੈਦ ਤੇ ਮੈਂ ਲੈ ਨਹੀਂ ਚਲਿਆ। ਉਹਦਾ ਮਨ ਫੇਰ ਮਲਕ ਵਿਰੁਧ ਨਫ਼ਰਤ ਨਾਲ ਭਰ ਆਇਆ: ਕੀ ਸੀ ਪੰਜ ਸੱਤ ਰੁਪੈਂ ਦੇ ਦੇਂਦਾ ਤਾਂ? ਮੈਂ ਵੀ ਹੱਥਾਂ ਦੀਆਂ ਘੱਤ ਲੈਂਦਾ। ਉਂਞ ਵਡਾ ਧਰਮਪੁਤਰ ਬਣੀ ਫਿਰਦਾ ਏ। ਹਰ ਦੂਜੇ ਦਿਨ ਭੰਡਾਰਾ ਕਰਦਾ ਏ, ਕਿਸੇ ਸਾਧ ਸੰਤ ਨੂੰ ਖਾਲੀ ਨਹੀਂ ਮੋੜਦਾ......ਪਰ ਗਰੀਬਾਂ ਦੀ ਰੱਤ ਨਿੰਬੂ ਵਾਂਗ ਨਿਚੋੜ ਨਿਚੋੜ ਪੀਂਦਾ ਏ। ਪਾਪੀ ਨ ਹੋਵੇ ਤੇ। ਉਹ ਗੁੱਸੇ ਵਿਚ ਆਪੇ ਤੋਂ ਬਾਹਰਾ ਹੋ ਰਿਹਾ ਸੀ।

ਸਰੀਰ ਵਿਚ ਜਿਉਂ ਜਿਉਂ ਗਰਮੀ ਆਉਂਦੀ ਜਾਂਦੀ ਸੀ ਪੀੜ ਦਾ ਅਹਿਸਾਸ ਵੀ ਵਧਦਾ ਜਾ ਰਿਹਾ ਸੀ। ਉਹਦੀ ਨਾੜ ਨਾੜ ਵਿਚ ਤਰਾਟਾਂ ਪੈ ਰਹੀਆਂ ਸਨ, ਰੋਮ ਰੋਮ ਬਲ ਰਿਹਾ ਸੀ, ਸਾਰਾ ਸਰੀਰ ਫੋੜੇ ਵਾਂਗਰ ਦੁਖ ਰਿਹਾ ਸੀ, ਪਿਆਸ ਨਾਲ ਉਹਦਾ ਸੰਘ ਫੇਰ ਸੁਕਣ ਲਗ ਪਿਆ। ਸੁੱਕੇ ਬੁਲ੍ਹਾਂ ਤੇ ਜੀਭ ਫੇਰਦਿਆਂ ਉਸ ਉਠਣ ਦਾ ਯਤਨ ਕੀਤਾ ਪਰ ਇਸ ਵਾਰ ਵੀ ਉਹ ਆਪਣੇ ਯਤਨ ਵਿਚ ਸਫਲ ਨਹੀਂ ਹੋਇਆ।

ਦੂਰ ਕਿਤੇ ਮਸੀਤ ਵਿਚ ਮੁਲਾਂ ਬਾਂਗ ਦੇ ਰਿਹਾ ਸੀ। ਉਹਦੀ ਮਧੁਰ ਤੇ ਰਸੀਲੀ ਅਵਾਜ਼ ਇਸ ਅਡੋਲ ਤੇ ਸ਼ਾਂਤ ਵਾਤਾਵਰਨ ਵਿਚ ਗੂੰਜ ਉਠੀ। ਤਾਂ ਤੇ ਮੈਂ ਨਗਰ ਦੇ ਕਿਤੇ ਨੇੜੇ ਈ ਪਿਆ ਹਾਂ। ਸੋਚ, ਧੰਨੇ ਦੇ ਮਨ ਨੂੰ ਕੁੱਝ ਧਰਵਾਸ ਆਇਆ।

ਬਦਲ ਦੇ ਬੁੱਕਲ 'ਚੋਂ ਉਛਲ ਉਛਲ ਪੈਂਦੀ ਬਿਜਲੀ ਆਖ਼ਰ ਧਰਤੀ ਤੇ ਢਹਿ ਪਈ। ਕੜ ਕੜ-ਕੜ ਦੀ ਭਿਅੰਕਰ ਅਵਾਜ਼ ਨਾਲ ਸਾਰਾ ਆਲਮ ਥਰਥਰਾ ਉਠਿਆ। ਧੰਨਾ ਤ੍ਰਬਕ ਦੇ ਉਠ ਬੈਠਾ ਪਰ ਦੂਜੇ ਹੀ ਪਲ ਉਹ ਇਕ ਪਾਸੇ ਡਿੱਗ ਪਿਆ। ਉਸ ਵਿਚ ਬੈਠਣ ਦੀ ਸੱਤਿਆ

ਬਿਲਕੁਲ ਨਹੀਂ ਸੀ।

ਬਦਲ ਹੁਣ ਬੜੇ ਜ਼ੋਰ ਨਾਲ ਗਰਜ ਰਹੇ ਸਨ। ਤੇਜ਼ ਹਵਾ ਝਖੜ ਦਾ ਰੂਪ ਧਾਰ ਗਈ ਸੀ। ਕੁੱਝ ਮੌਸਮ ਦੀ ਸੀਤ ਤੇ ਕੁੱਝ ਗਿੱਲੀ ਧਰਤੀ ਦੀ ਸਿੱਲ ਧੰਨੇ ਦਾ ਜਿਸਮ ਆਕੜਦਾ ਜਾ ਰਿਹਾ ਸੀ। ਪਲ ਪਲ ਵਧਦੀ ਜਾ ਰਹੀ ਪਿਆਸ ਉਹਦੇ ਸਰੀਰ ਨੂੰ ਹੋਰ ਨਿਤਾਣਾ ਕਰੀ ਜਾ ਰਹੀ ਸੀ। ਉਹਨੂੰ ਭਾਸ ਰਿਹਾ ਸੀ ਕਿ ਜੇਕਰ ਕੁੱਝ ਦੇਰ ਹੋਰ ਇਵੇਂ ਹੀ ਪਿਆ ਰਿਹਾ ਤਾਂ ਉਹ ਪਾਣੀ ਨੂੰ ਸਹਿਕਦਿਆਂ ਹੀ ਮਰ ਜਾਏਗਾ।

ਮੌਤ ਦੇ ਭੈਅ ਨੇ ਉਹਦੇ ਜਿਸਮ ਵਿਚ ਨਵੀਂ ਸਤਿਆ ਲੈ ਆਂਦੀ। ਹੰਭਲਾ ਮਾਰ ਉਹ ਉਠ ਖਲੋਤਾ। ਬਾਂਗ ਦੀ ਅਵਾਜ਼ ਅਜੇ ਤਕ ਉਵੇਂ ਹੀ ਆ ਰਹੀ ਸੀ। ਅਵਾਜ਼ ਦਾ ਪਿਛਾ ਕਰਦਾ ਕਰਦਾ ਉਹ ਉਸੇ ਪਾਸੇ ਹੋ ਤੁਰਿਆ। ਅਜੇ ਉਸ ਦੋ ਤਿੰਨ ਕਦਮ ਹੀ ਪੁੱਟੇ ਸਨ ਕਿ ਉਹ ਭੁੰਵਾਟਣੀ ਖਾ ਕੇ ਡਿੱਗ ਪਿਆ। ਪਰ ਉਸ ਹਿੰਮਤ ਨਹੀਂ ਹਾਰੀ। ਉਠਕੇ ਲੜਖੜਾਂਦਾ ਫੇਰ ਤੁਰ ਪਿਆ।

ਚਾਰੇ ਪਾਸੇ ਘੁਪ ਹਨੇਰਾ ਸੀ। ਰਾਹ ਖਹਿੜਾ ਕੋਈ ਸੁਝਦਾ ਨਹੀਂ ਸੀ, ਉਹ ਜਾਏ ਤੇ ਕਿਧਰ ਜਾਏ ? ਬਦਲਵਾਈ ਰਾਤ ਹੋਣ ਕਾਰਨ ਹਨੇਰਾ ਏਨਾ ਸੰਘਣਾ ਸੀ ਕਿ ਹਥ ਪਸਾਰਿਆਂ ਨਹੀਂ ਸੀ ਦਿਸਦਾ। ਤੇ ਜਿਉਂ ਜਿਉਂ ਉਹ ਲੱਤਾਂ ਧਰੀਕੀ ਤੁਰਿਆ ਜਾ ਰਿਹਾ ਸੀ ਅਵਾਜ਼ ਹੋਰ ਦੂਰ ਹੁੰਦੀ ਜਾ ਰਹੀ ਸੀ। ਏਨੇ ਨੂੰ ਨੇੜੇ ਕਿਤੇ ਮੰਦਰ ਵਿਚ ਟਲੀਆਂ ਵਜਣ ਲੱਗ ਪਈਆਂ, ਹਲਟੀ ਦੀ 'ਟੱਕ, ਟੱਕ' ਦੀ ਅਵਾਜ਼ ਦੇ ਨਾਲ 'ਹਰੇ ਰਾਮ, ਸੀਤਾ ਰਾਮ, ਹਰੇ ਰਾਮ, ਰਾਧੇ ਸ਼ਾਮ' ਦੀਆਂ ਉਚੀਆਂ ਅਵਾਜ਼ਾਂ ਵਾਤਾਵਰਨ ਵਿਚ ਸੁਣਾਈ ਦੇਣ ਲਗ ਪਈਆਂ। ਇਹ ਅਵਾਜ਼ਾਂ ਬਹੁਤ ਨੇੜਿਉਂ ਆਉਂਦੀਆਂ ਲੱਗਦੀਆਂ ਸਨ। ਧੰਨੇ ਦੇ ਕਦਮ ਏਧਰ ਨੂੰ ਹੋ ਟੁਰੇ।

ਮੰਦਰ ਦੇ ਦੁਆਰ ਕੋਲ ਪਹੁੰਚ, ਉਹ ਠਿਠਕ ਕੇ ਰੁਕ ਗਿਆ ਸੀ। ਸਾਹਮਣੇ ਮੰਦਰ ਦੇ ਕਮਰੇ ਵਿਚ ਭਗਵਾਨ ਰਾਮ ਤੇ ਕ੍ਰਿਸ਼ਨ ਦੀਆਂ ਸੰਗਮਰਮਰੀ ਮੂਰਤੀਆਂ ਲਿਸ਼ਕ ਰਹੀਆਂ ਸਨ। ਇਕ ਪੁਜਾਰੀ ਇਹਨਾਂ ਬੁੱਤਾਂ ਦੇ ਖਬੇ ਪਾਸੇ ਵਲ ਖੜਾ ਇਹਨਾਂ ਨੂੰ ਇਸ਼ਨਾਨ ਕਰਵਾ ਰਿਹਾ ਸੀ। ਕਮਰੇ ਦੇ ਦਰਵਾਜ਼ੇ ਦੇ ਬਾਹਰਵਾਰ ਨਾਲੀ ਦੇ ਕੋਲ ਬੈਠਾ ਜੱਤਲ ਕੁੱਤਾ ਅੰਦਰੋਂ ਆ ਰਿਹਾ ਦੁਧੀਆ ਪਾਣੀ ਪਚਕ ਪਚਕ ਪੀ ਰਿਹਾ ਸੀ।

ਧੰਨੇ ਦੇ ਮਨ ਆਈ ਕਿ ਉਹ ਸਿਧਾ ਜਾ ਕੇ ਭਗਵਾਨ ਦੇ ਚਰਨਾਂ ਵਿਚ ਢਹਿਕੇ ਰੋ ਰੋ ਕੇ ਆਪਣਾ ਦੁਖ ਸੁਣਾਏ ਜੇ ਉਹਦੇ ਮਨ ਮੇਹਰ ਪਵੇ ਤਾਂ। ਪਰ ਇਕ ਪੁਰਾਣੀ ਯਾਦ ਨੇ ਉਹਦੇ ਪੈਰ ਜਕੜ ਲੈ! ਅਜ ਤੋਂ ਪੰਜ ਸਤ ਸਾਲ ਪਹਿਲਾਂ ਦੀ ਗੱਲ ਏ ਕਿ ਉਹਨਾਂ ਦੇ ਪਿੰਡ ਦਾ ਇਕ ਬੰਦਾ, ਜਿਹੜਾ ਰਿਸ਼ਤੇ ਵਿਚ ਉਹਦਾ ਦੂਰੋਂ ਨੇੜਿਉਂ ਭਰਾ ਲੱਗਦਾ ਸੀ ਇਕ ਮੰਦਰ ਵਿਚ ਜਾ ਵੜਿਆ। ਪੁਜਾਰੀ ਇਕ ਨੀਵੀਂ ਜਾਤ ਦੇ ਬੰਦੇ ਦੇ ਇਸ ਅਪਰਾਧ ਨੂੰ ਸਹਿਣ ਨਾ ਕਰ ਸਕੇ ਤੇ ਉਹਨਾਂ ਉਹਨੂੰ ਕੁਟ ਕੁਟ ਹੀ ਮਾਰ ਦਿਤਾ ਸੀ। ਉਦੋਂ ਬੜੀ ਹਾਹਾਕਾਰ ਮਚੀ ਸੀ ਪਰ ਉਹਨਾਂ ਪੁਜਾਰੀਆਂ ਦਾ ਕੋਈ ਕੁੱਝ ਨ ਵਿਗਾੜ ਸਕਿਆ। ਸਗੋਂ ਕਾਜ਼ੀ ਨੇ ਉਲਟਾ ਮਾਰੇ ਗਏ ਬੰਦੇ ਦੇ ਟੱਬਰ ਨੂੰ ਡੰਨ ਲਾ ਦਿਤਾ। ਧੰਨਾ ਡਰ ਰਿਹਾ ਸੀ। ਹੁਣ ਉਸਨੂੰ ਸਾਹਮਣੇ ਭਗਵਾਨ ਦੀਆਂ ਮੂਰਤੀਆਂ ਨਹੀਂ ਸਨ ਦਿਸ ਰਹੀਆਂ, ਹਲਟੀ ਦੀ ਟੱਕ ਟੱਕ ਦੀ ਅਵਾਜ਼ ਉਹਦੇ ਕੰਨਾ ਵਿਚ ਗੂੰਜ ਰਹੀ ਸੀ। ਪਲੋਂਪਲੀ ਭੜਕਦੀ ਜਾ ਰਹੀ ਪਿਆਸ ਨੇ ਉਸਨੂੰ ਸਭ ਕੁੱਝ ਭੁਲਾ ਦਿਤਾ। ਉਹ ਅੰਦਰ ਲੰਘ ਹਲਟੀ ਤੇ ਇਸ਼ਨਾਨ ਕਰ ਰਹੇ ਪੁਜਾਰੀਆਂ ਕੋਲ ਜਾ ਖਲੋਤਾ ਸੀ।

ਏਸ ਵੇਲੇ ਮੰਦਰ ਅੰਦਰ ਇਕ ਅਣਜਾਣ ਆਦਮੀ ਨੂੰ ਵੇਖ ਉਹ ਹੈਰਾਨ ਹੋ ਗਏ ਸਨ। ਮੰਤ੍ਰ ਉਚਾਰਦੇ ਉਹਨਾਂ ਦੇ ਹੋਠ ਰੁਕ ਗਏ ਸਨ। ਤੇ ਇਕ ਘੋਖਵੀਂ ਨਜ਼ਰੇ ਉਹਦੇ ਵਲ ਤੱਕਦਿਆਂ ਉਹ ਸਾਰੇ ਇਕ ਵਾਰਗੀ ਹੀ ਬੋਲ ਪਏ ਸਨ। ਅਰੇ ਤੁਮ ਕੌਣ ਹੋ ?

"ਜੀ ਮੈਂ ਧੰਨਾ ਝੀਊਰ ਹਾਂ.. ਮੈਨੂੰ ਬੜੀ ਪਿਆਸ..."

"ਰਾਮ, ਰਾਮ, ਰਾਮ ਹੱਟ ਪਾਪੀ ਦੁਸ਼ਟ ਜਲਦੀ ਸੇ ਬਾਹਰ ਹਟ।" ਉਹਨਾਂ 'ਚੋਂ ਇਕ ਜਣਾ ਲੋਟਾ ਫੜ ਧੰਨੇ ਵਲ ਉਲਾਰਦਾ ਹੋਇਆ ਬੋਲਿਆ ਸੀ।

ਧੰਨਾ ਆਪਣੇ ਪੈਰਾਂ ਤੋਂ ਨਹੀਂ ਹਿਲਿਆ।

ਪੰਡਤ ਅੱਗ ਬਰੋਲਾ ਹੋ ਗਏ: "ਨੀਚ ਪੁਰਸ਼ ਪ੍ਰਭੂ ਦੇ ਸਥਾਨ ਕੋ ਭਰਸ਼ਟ ਕਰਨੇ ਆਇਆ ਹੈ, ਚਲ ਦਫ਼ਾ ਹੋ।" ਦੂਜੇ ਨੇ ਅੱਗੇ ਵਧ ਉਸਨੂੰ ਧੱਕੇ ਮਾਰਦਿਆਂ ਆਖਿਆ।

ਧੰਨਾ ਲੜ ਖੜਾਕੇ ਡਿੱਗ ਪਿਆ। "ਅਰੇ ਪਾਲਗ ਤੁਨੇ ਸੂਦਰ ਕੋ

ਛੂਹ ਲੀਆ ਹੈ।' ਇਹ ਅਵਾਜ਼ ਸੁਣ ਉਹ ਇਕਦਮ ਪਿਛੇ ਹੱਟ ਗਿਆ। ਪਰ ਜ਼ਮੀਨ ਤੇ ਨਿਸਲ ਪਏ ਧੰਨੇ ਵਲ ਉਹ ਇੰਞ ਘੂਰ ਘੂਰ ਵੇਖਦਾ ਰਿਹਾ, ਜਿਵੇਂ ਉਸ ਨੂੰ ਖਾ ਜਾਣਾ ਹੁੰਦਾ ਸੁ।

"ਪਾਣੀ, ਪਾਣੀ" ਧੰਨੇ ਨੇ ਇਕ ਦੋ ਵਾਰ ਫਿਰ ਪੁਕਾਰਿਆ।

"ਠਹਿਰ, ਤੁਮ੍ਹੇਂ ਅਬੀ ਪਾਨੀ ਪਿਲਾਤਾ ਹੂੰ।" ਕਹਿ, ਇਕ ਹੋਰ ਜਣਾ ਹੱਥ ਵਿਚ ਸੋਟਾ ਫੜੀ ਧੰਨੇ ਵਲ ਲਪਕਿਆ। ਮਾਰ ਦੇ ਡਰ ਨਾਲ ਧੰਨਾ ਕੰਬਣ ਲਗ ਪਿਆ, ਪਰ ਉਹ ਆਪਣੀ ਥਾਂ ਤੋਂ ਨਹੀਂ ਹਿਲਿਆ। ਸਗੋਂ ਜ਼ੋਰ ਜ਼ੋਰ ਦੀ ਚੀਕਣ ਲਗ ਪਿਆ। "ਮੈਨੂੰ ਪਾਣੀ ਦਿਓ, ਨਹੀਂ ਤੇ ਮੈਂ ਇਥੇ ਹੀ ਮਰ ਜਾਵਾਂਗਾ।"

ਪੁਜਾਰੀਆਂ ਨੇ ਆਪਸ ਵਿਚ ਕੁਝ ਘੁਸਰ-ਮੁਸਰ ਕੀਤੀ ਤੇ ਫੇਰ ਉਹਨਾਂ 'ਚੋਂ ਸਭ ਤੋਂ ਬਜ਼ੁਰਗ ਬੰਦਾ ਜਿਵੇਂ ਫ਼ੈਸਲਾ ਸੁਣਾਂਦਿਆਂ ਬੋਲਿਆ, "ਅਰੇ ਭਈ ਘੂੰਟ ਪਾਨੀ ਪਿਲਾ ਕਰ ਇਸੇ ਯਹਾਂ ਸੇ ਦਫ਼ਾ ਕਰੋ। ਅਗਰ ਕਿਸੀ ਨੇ ਇਸੇ ਯਹਾਂ ਪੜੇ ਦੇਖ ਲੀਆ ਤੋ ਯੇਹ ਧਰਮ-ਸਥਾਨ ਹੀ ਭ੍ਰਸ਼ਟ ਹੋ ਜਾਏਗਾ। ਅਬੀ ਤੋ ਕਿਸੀ ਨੇ ਇਸੇ ਦੇਖਾ ਨਹੀਂ।" ਤੇ ਉਹਨਾਂ ਨੱਕ ਮੂੰਹ ਵੱਟਦਿਆਂ ਪਾਣੀ ਦਾ ਇਕ ਲੋਟਾ ਉਹਦੇ ਕੋਲ ਰਖ ਦਿਤਾ।

ਧੰਨਾ ਇਕੋ ਡੀਕੇ ਹੀ ਸਾਰਾ ਪਾਣੀ ਪੀ ਗਿਆ। ਪਾਣੀ ਪੀ ਕੇ ਉਹਦੀ ਜਾਨ ਵਿਚ ਜਾਨ ਆਈ। ਉਸ ਪੁਜਾਰੀਆਂ ਦਾ ਧੰਨਵਾਦ ਕੀਤਾ ਤੇ ਮੰਦਰ 'ਚੋਂ ਬਾਹਰ ਨਿਕਲ ਤੁਰਿਆ, "ਅਰੇ ਨੀਚ ਅਬ ਯੇਹ ਲੋਟਾ ਭੀ ਲੇਤਾ ਜਾ।" ਪਿਛੋਂ ਆਵਾਜ਼ ਆਈ ਪਰ ਧੰਨੇ ਨੇ ਪਰਤ ਕੇ ਨਹੀਂ ਵੇਖਿਆ।

ਜਦੋਂ ਧੰਨਾ ਆਪਣੇ ਪਿੰਡ ਪੁੱਜਾ, ਦਿਨ ਕਾਫ਼ੀ ਚੜ੍ਹ ਚੁਕਾ ਸੀ। ਭਾਵੇਂ ਰਾਹ ਵਿਚ ਉਸ ਨੂੰ, ਇਸ ਪਾਸੇ ਵਲ ਆਉਂਦਾ ਇਕ ਘੋੜ-ਸਵਾਰ ਮਿਲ ਪਿਆ ਸੀ, ਜਿਸ ਨੇ ਉਸ ਦੀ ਹਾਲਤ ਤੇ ਤਰਸ ਖਾ ਉਸ ਨੂੰ ਆਪਣੇ ਘੋੜੇ ਤੇ ਬਿਠਾਲ ਲਿਆ ਸੀ ਪਰ ਫੇਰ ਵੀ ਪੈਂਡਾ ਥੋੜ੍ਹਾ ਨਹੀਂ ਸੀ।

ਘੋੜੇ ਤੋਂ ਉਤਰ, ਉਸ ਰਹਿਮ-ਦਿਲ ਘੋੜ-ਸਵਾਰ ਨੂੰ ਲਖ ਲਖ ਅਸੀਸਾਂ ਦੇਂਦਾ, ਜਦੋਂ ਉਹ ਆਪਣੇ ਘਰ ਵਲ ਟੁਰਿਆ ਤਾਂ ਉਹਦਾ ਦਿਲ ਬਹੁਤ ਬੁਰੀ ਤਰ੍ਹਾਂ ਧੜਕ ਰਿਹਾ ਸੀ। ਸਾਰੇ ਰਾਹ ਉਸ ਨੂੰ ਭੈੜੇ ਭੈੜੇ ਖ਼ਿਆਲ ਆਉਂਦੇ ਰਹੇ ਸਨ, ਜਿਨ੍ਹਾਂ ਤੋਂ ਡਰਿਆ ਤੇ ਸਹਿਮਿਆ ਉਹ ਅਨੇਕਾਂ ਸੁਖਣਾਂ ਸੁਖਦਾ ਆਇਆ ਸੀ। ਕਈ ਦੇਵੀ ਦੇਵਤੇ ਉਸ ਅਰਾਧੇ ਸਨ, ਕਈ ਪੀਰ ਫ਼ਕੀਰ ਧਿਆਏ ਸਨ। ਪਰ ਉਹਦੇ ਮਨ ਦਾ ਭੈਅ ਘਟਣ ਦੀ ਬਜਾਏ ਵਧਦਾ ਹੀ ਗਿਆ। ਕਲ ਦੇ ਉਹਦੇ ਖੱਬੇ-ਅੰਗ ਵੀ ਪਏ ਫਰਕਦੇ ਸਨ। ਮੰਦਰੋਂ ਜਦੋਂ ਉਹ ਪਾਣੀ ਪੀ ਕੇ ਨਿਕਲਿਆ ਸੀ ਕਾਲੀ ਬਿਲੀ ਉਹਦਾ ਰਾਹ ਕਟ ਗਈ ਸੀ। ਇਹ ਸਭ ਕਿਸੇ ਆਉਣ ਵਾਲੀ ਬਿਪਤਾ ਦੀਆਂ ਨਿਸ਼ਾਨੀਆਂ ਨੇ, ਉਹਦਾ ਮਨ ਡਰ ਰਿਹਾ ਸੀ ਤੇ ਉਹ ਵਾਰ ਵਾਰ ਆਪਣੇ ਮਨ ਨੂੰ ਧੀਰਜ ਦੇਣ ਲਈ ਰੱਬ ਅੱਗੇ ਅਰਜ਼ੋਈਆਂ ਕਰ ਰਿਹਾ ਸੀ : "ਰੱਬਾ ਸੁਖ ਰਖੀਂ, ਮੁੰਡਾ ਰਾਜ਼ੀ ਹੋਵੇ।" ਪਰ ਜਿਉਂ ਜਿਉਂ ਘਰ ਨੇੜੇ ਆ ਰਿਹਾ ਸੀ, ਉਹਦੇ ਦਿਲ ਦੀ ਧੜਕਣ ਵੀ ਤੇਜ਼ ਹੁੰਦੀ ਜਾ ਰਹੀ ਸੀ।

ਪਿੰਡ ਦੀਆਂ ਗਲੀਆਂ ਸਖਣੀਆਂ ਸਨ। ਥੜੇ ਸੁੰਞੇ ਸਨ। ਖੂਹ ਵੀ ਖਾਲਮ-ਖਾਲੀ ਸੀ। ਧੰਨੇ ਨੂੰ ਇਹ ਸਭ ਬੜਾ ਅਜੀਬ ਅਜੀਬ ਲੱਗਾ। "ਪਿੰਡ ਵਿਚ ਕੀ ਭਾਣਾ ਵਰਤ ਗਿਆ ਏ, ਸਾਰਾ ਪਿੰਡ ਹੀ ਸਖਣਾ

ਪਿਆ ਏ। ਏਦਾਂ ਤੇ ਅੱਗੇ ਕਦੇ ਨਹੀਂ ਹੋਇਆ, ਇਹ ਸੋਚ ਕੇ ਉਹਦੇ ਕਦਮ ਹੋਰ ਤੇਜ਼ ਹੋ ਗਏ।

ਪਿੰਡ ਦੀ ਦੂਜੀ ਪੱਤੀ ਉਹਨਾਂ ਦਾ ਘਰ ਸੀ। ਸਾਰਾ ਪਿੰਡ ਉਹ ਲੰਘ ਆਇਆ ਪਰ ਕੋਈ ਬੰਦਾ ਪਰੰਦਾ ਉਹਦੀ ਨਜ਼ਰੀਂ ਨਹੀਂ ਸੀ ਪਿਆ। ਹੈਰਾਨ ਪ੍ਰੇਸ਼ਾਨ ਧੰਨਾ ਘਰਾਂ ਦੇ ਬੰਦ-ਦਰਵਾਜ਼ਿਆਂ ਨੂੰ ਘੂਰਦਾ ਟੁਰਿਆ ਜਾ ਰਿਹਾ ਸੀ ਕਿ ਇਕ ਦਰਵਾਜ਼ੇ ਕੋਲੋਂ ਲੰਘਦਿਆਂ ਉਸ ਨੂੰ ਘੁਸਰ ਮੁਸਰ ਦੀ ਅਵਾਜ਼ ਆਈ, ਉਹਦੇ ਪੈਰ ਰੁਕ ਗਏ। ਦਰਵਾਜ਼ੇ ਨਾਲ ਕੰਨ ਲਾ ਉਸ ਘੁਸਰ ਮੁਸਰ ਸੁਣਨ ਦਾ ਯਤਨ ਕੀਤਾ : ਕੋਈ ਕਹਿ ਰਿਹਾ ਸੀ, "ਏਨੀ ਠੰਢ ਪੈਂਦੀ ਮੈਂ ਆਪਣੀ ਜ਼ਿੰਦਗੀ ਵਿਚ ਕਦੇ ਨਹੀਂ ਸੁਣੀ। ਅਜ ਤੇ ਸੀਤ ਪੈ ਰਹੀ ਏ। ਬਾਹਰ ਨਿਕਲਣ ਨੂੰ ਜੀ ਨਹੀਂ ਕਰਦਾ।" ਸੁਣ ਧੰਨੇ ਦੇ ਮਨ ਨੂੰ ਕੁਝ ਹੌਸਲਾ ਜਿਹਾ ਆ ਗਿਆ, ਪਿੰਡ ਵਿਚ ਸੁਖ ਹੀ ਏ, ਠੰਢ ਦੇ ਮਾਰੇ ਲੋਕ ਬਾਹਰ ਨਹੀਂ ਨਿਕਲੇ, ਸੋਚ ਉਹ ਫਿਰ ਟੁਰ ਪਿਆ।

ਆਪਣੇ ਘਰ ਵਲ ਜਾਂਦੀ ਗਲੀ ਦਾ ਮੋੜ ਮੁੜਦਿਆਂ ਹੀ ਉਸਨੇ ਵੇਖਿਆ ਕਿ ਬਹੁਤ ਸਾਰੀਆਂ ਜ਼ਨਾਨੀਆਂ ਉਹਨਾਂ ਦੇ ਵਿਹੜੇ ਵਿਚ ਜੁੜੀਆਂ ਬੈਠੀਆਂ ਹਨ। ਧੰਨਾ ਕੰਬ ਗਿਆ : ਜਾਹ ਜਾਂਦੀਏ ਏਥੇ ਤੇ ਕੋਈ ਭਾਣਾ ਵਰਤ ਗਿਆ ਲਗਦਾ ਏ। ਉਹਦੇ ਦਿਲ ਵਿਚ ਆਈ ਕਿ ਵਾਪਸ ਨਸ ਜਾਏ। ਹੁਣ ਕਿਹੜਾ ਮੂੰਹ ਲੈ ਕੇ ਉਹ ਘਰ ਵੜੇਗਾ। ਸੋਚ ਉਹਦੇ ਕਦਮ ਰੁਕ ਗਏ। ਕਿੰਨੀ ਦੇਰ ਉਹ ਉਥੇ ਹੀ ਖੜਾ ਸੋਚਦਾ ਰਿਹਾ ਤੇ ਫੇਰ ਪਿਛੇ ਨੂੰ ਪਰਤ ਪਿਆ। ਗਲੀ ਦਾ ਮੋੜ ਮੁੜਦਿਆਂ ਉਹਦੇ ਪੈਰ ਜਿਵੇਂ ਜੰਮ ਗਏ, ਕੀ ਮੈਂ ਅੰਤਮ-ਘੜੀ ਆਪਣੇ ਪੁਤਰ ਦਾ ਮੂੰਹ ਵੀ ਨਹੀਂ ਵੇਖਾਂਗਾ, ਸੋਚ ਉਹ ਅਬੜਵਾਹੇ ਘਰ ਵਲ ਭੱਜ ਉਠਿਆ।

ਘਰ ਤੋਂ ਪੰਜ ਦਸ ਹੱਥ ਉਰਾਂ ਹੀ ਉਸਨੂੰ ਵਡੀ ਚਾਚੀ ਮਿਲ ਪਈ। "ਆ ਗਿਆ ਏਂ ਪੁੱਤ? ਧੰਨੇ ਦੀ ਪਿੱਠ ਤੇ ਪਿਆਰ ਦੇਂਦਿਆਂ ਉਸ ਪੁਛਿਆ।

"ਚਾਚੀ......।" ਇਸ ਤੋਂ ਵਧ ਧੰਨਾ ਕੁੱਝ ਨਹੀਂ ਬੋਲ ਸਕਿਆ।

ਪਰ ਚਾਚੀ ਦੀਆਂ ਬੁੱਢੀਆਂ ਤੇ ਅਨੁਭਵੀ ਅੱਖਾਂ ਉਹਦੀ ਘਬਰਾਹਟ ਨੂੰ ਤਾੜ ਗਈਆਂ "ਤੂੰ ਏਨਾ ਘਬਰਾਇਆ ਕਿਉਂ ਏਂ, ਕਾਲੂ ਠੀਕ ਏ।" ਉਸਨੂੰ ਦਿਲਾਸਾ ਦੇਂਦਿਆਂ ਚਾਚੀ ਨੇ ਆਖਿਆ।

ਸੁਣਕੇ ਧੰਨੇ ਨੇ ਸੁਖ ਦਾ ਸਾਹ ਲਿਆ ਪਰ ਉਸਨੂੰ ਜਿਵੇਂ ਚਾਚੀ ਦੇ ਬੋਲਾਂ ਤੇ ਯਕੀਨ ਨਹੀਂ ਆਇਆ, ਉਸਨੇ ਹੈਰਾਨੀ ਨਾਲ ਚਾਚੀ ਦੇ ਮੂੰਹ ਵਲ ਤਕਦਿਆਂ ਪੁਛਿਆ "ਕਾਲੂ ਠੀਕ ਏ ਚਾਚੀ ?"

"ਹਾਂ ਪੁੱਤ। ਪਰ ਤੂੰ ਕੋਈ ਸਿਆਣਾ ਨਹੀਂ ਲਿਆਇਆਂ ਸ਼ਹਿਰੋਂ। ਏਥੇ ਤਾਂ ਤਕੜੀ ਤੋਲੂ ਬਾਣੀਏ ਵੈਦ ਬਣੀਂ ਬੈਠੇ ਨੇ, ਕਿਸੇ ਨੂੰ ਮਰਜ਼ ਦਾ ਪਤਾ ਹੀ ਨਹੀਂ ਲੱਗਦਾ।"

ਚਾਚੀ ਦੇ ਇਹ ਬੋਲ ਸੁਣ ਧੰਨੇ ਤੇ ਜਿਵੇਂ ਸੱਤੁਰ ਘੜੇ ਪਾਣੀ ਪੈ ਗਿਆ। ਉਹਦੀਆਂ ਨਜ਼ਰਾਂ ਝੁਕ ਗਈਆਂ. ਜਵਾਬ ਵਿਚ ਉਹ ਆਖੇ ਤੇ ਕੀ ਆਖੇ, ਉਸਨੂੰ ਕੁੱਝ ਸੁੱਝ ਨਹੀਂ ਰਿਹਾ ਸੀ।

"ਕੋਈ ਨਹੀਂ।" ਚਾਚੀ ਉਹਦੀ ਚੁਪ ਦਾ ਮਤਲਬ ਸਮਝ ਗਈ ਸੀ।

ਧੰਨੇ ਨੇ ਫੇਰ ਵੀ ਕੋਈ ਹੁੰਗਾਰਾ ਨਹੀਂ ਭਰਿਆ ਪਰੰਤੂ ਉਹਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਵਹਿ ਤੁਰੇ। ਚਾਚੀ ਨੇ ਅੱਗੇ ਹੋ ਉਸਨੂੰ ਛਾਤੀ ਨਾਲ ਲਾ ਲਿਆ, "ਨਾ ਪੁਤ ਏਨਾ ਦਿਲ ਨਹੀਂ ਥੋੜ੍ਹਾ ਕਰੀਦਾ, ਜੋ ਮੁਕੱਦਰ ਵਿਚ ਲਿਖਿਆ ਏ ਉਹੋ ਹੀ ਮਿਲਣਾ ਏ, ਪਤਾ ਨਹੀਂ ਕਿਹੜੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ ਭੋਗ ਰਹੇ ਹਾਂ। ਮਨੁੱਖਾ ਜਨਮ ਪਾ ਕੇ ਵੀ ਪਸ਼ੂਆਂ ਵਾਂਗ ਲਾਚਾਰ ਤੇ ਅਵਾਜ਼ਾਰ ਹਾਂ।" ਚਾਚੀ ਆਪ ਫਿਸ ਪਈ।

"ਕਦੋਂ ਆਇਆ ਏਂ ਧੰਨਿਆ" ਉਸਦੇ ਮੋਢੇ ਤੇ ਹੱਥ ਰਖਕੇ ਕਿਸੇ ਪੁਛਿਆ। ਧੰਨੇ ਨੇ ਪਰਤ ਕੇ ਡਿੱਠਾ. ਉਹਦਾ ਵਡਾ ਭਰਾ ਸੰਤੂ ਉਹਨਾਂ ਦੇ ਕੋਲ ਖਲੋਤਾ ਸੀ। ਉਹ ਬੜਾ ਘਬਰਾਇਆ ਹੋਇਆ ਲਗਦਾ ਸੀ। ਅਤੇ ਉਹ ਘਰ ਵਲੋਂ ਨਹੀਂ ਪਿੰਡ ਵਲੋਂ ਆਇਆ ਲਗਦਾ ਸੀ। "ਸੁਣਾ ਪੁਤ. ਸਾਧ ਮੰਨਿਆ ਏ ਕਿ ਨਹੀਂ।" ਸੰਤੂ ਨੂੰ ਸਾਹਮਣੇ ਵੇਖ ਚਾਚੀ ਨੇ ਪੁਛਿਆ।

"ਉਹ ਤੇ ਅਜੇ ਭੋਰੇ 'ਚੋਂ ਹੀ ਨਹੀਂ ਨਿਕਲਿਆ, ਮੈਂ ਕਿੰਨੀ ਦੇਰ ਬੈਠਾ ਉਡੀਕਦਾ ਰਿਹਾ।" ਸੰਤੂ ਨੇ ਮਾਯੂਸ ਹੋ ਜਵਾਬ ਦਿਤਾ ਤੇ ਫੇਰ ਜਿਵੇਂ ਉਸਨੂੰ ਅਚਾਨਕ ਕੁੱਝ ਯਾਦ ਆ ਗਿਆ, ਧੰਨੇ ਵਲ ਮੂੰਹ ਕਰਕੇ ਬੋਲਿਆ, "ਤੂੰ ਨਹੀਂ......ਹਾਲੀ ਉਸ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਚਾਚੀ ਨੇ ਹੱਥ ਦੇ ਇਸ਼ਾਰੇ ਨਾਲ ਉਸਨੂੰ ਚੁਪ ਕਰਾ ਦਿਤਾ।

'ਚੰਗਾ ਆ ਚਲੀਏ, ਕੁੱਝ ਦੇਰ ਬਾਅਦ ਮੈਂ ਫੇਰ ਜਾਂਵਾਂਗਾ, ਉਹਦਾ
ਚੇਲਾ ਕਹਿੰਦਾ ਸੀ ਕਿ ਦੁਪਹਿਰ ਤੋਂ ਪਹਿਲਾਂ ਪਹਿਲਾਂ ਸਾਧ ਬਾਹਰ ਆ
ਜਾਂਦਾ ਏ।' ਕਹਿ ਉਹ ਘਰ ਵਲ ਤੁਰ ਪਿਆ। ਧੰਨਾ ਤੇ ਚਾਚੀ ਵੀ ਲੱਤਾਂ
ਧਰੀਕਦੇ ਉਹਦੇ ਪਿਛੇ ਪਿਛੇ ਟੁਰ ਪਏ।

ਵਿਹੜੇ ਵਿਚ ਆ ਕੇ ਧੰਨੇ ਨੇ ਜੋ ਵੇਖਿਆ, ਉਹਦੇ ਨਾਲ ਉਹਦੀ
ਘਬਰਾਹਟ ਹੋਰ ਵੀ ਵਧ ਗਈ। ਸਾਰੇ ਨੇੜੇ ਤੇੜੇ ਦੇ ਸਾਕ-ਸੰਬੰਧੀ ਤੇ
ਆਂਢੀ-ਗੁਆਂਢੀ ਜੁੜੇ ਬੈਠੇ ਸਨ। ਕਮਰੇ ਦੇ ਦਰਵਾਜ਼ੇ 'ਚੋਂ ਬਾਹਰ ਵਲ
ਆਉਂਦਾ ਕੋਈ ਆਖ ਰਿਹਾ ਸੀ, 'ਪਤਾ ਨਹੀਂ ਕਿਹੜੇ ਜਨਮਾਂ ਦਾ
ਲੈਣ-ਦੇਣ ਏ, ਮੁੰਡਾ ਕਿੱਦਾਂ ਲੁਛ ਰਿਹਾ ਏ। ਮੇਰੇ ਤੋਂ ਤਾਂ ਵੇਖਿਆ
ਨਹੀਂ ਜਾਂਦਾ।'

ਐਨੇ ਨੂੰ ਉਹਦੀ ਛੋਟੀ ਭੈਣ ਉਹਦੇ ਗਲ ਆ ਲਿਪਟੀ, ਉਹ ਕਾਫ਼ੀ
ਰੋਈ ਹੋਈ ਲਗਦੀ ਸੀ, ਉਹਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ ਤੇ ਗੱਲ੍ਹਾਂ
ਤੇ ਵਹਿੰਦੇ ਹੰਝੂਆਂ ਦੇ ਨਿਸ਼ਾਨ ਅਜੇ ਸੁੱਕੇ ਨਹੀਂ ਸਨ। ਵੀਰ ਨੂੰ ਮਿਲਕੇ
ਭੈਣ ਦੀਆਂ ਚੀਕਾਂ ਨਿਕਲ ਗਈਆਂ "ਵੇ ਵੀਰ ਕੋਈ ਚਾਰਾ ਕਰ ਲੈ ਅਸੀਂ
ਲੁੱਟੇ ਚਲੇ ਆਂ, ਕਾਲੂ ਨਾਲ ਬੁਰੀ ਪਈ ਹੁੰਦੀ ਊ।"

ਧੰਨੇ ਨੂੰ ਧਰਤੀ ਵੇਹਲ ਨਹੀਂ ਸੀ ਦੇਂਦੀ, ਨਹੀਂ ਤੇ ਉਹ ਵਿੱਚੇ
ਹੀ ਗ਼ਰਕ ਜਾਂਦਾ। ਉਹ ਕੀ ਚਾਰਾ ਕਰ ਸਕਦਾ ਸੀ, ਜਿਹੜੇ ਦੋ ਰੁਪਏ
ਉਸਨੂੰ ਮਲਕ ਨੇ ਦਿਤੇ ਸਨ ਉਹ ਮਾਰਨ ਵਾਲਿਆਂ ਉਹਦੀ ਬੇਸੁਰਤੀ ਦੀ
ਹਾਲਤ ਵਿਚ ਉਹਦੇ ਜੇਬੋਂ ਕੱਢ ਲਏ ਸਨ।

"ਵੇ ਵੀਰ, ਜੇ ਕਾਲੂ ਨੂੰ ਕੁੱਝ ਹੋ ਗਿਆ ਤਾਂ ਅਸੀਂ ਕੀ ਕਰਾਂਗੇ।"
ਭੈਣ ਦਰਦ ਨਾਲ ਮਰਦੀ ਜਾ ਰਹੀ ਸੀ।

ਧੰਨੇ ਨੂੰ ਕੁੱਝ ਸੁੱਝ ਨਹੀਂ ਸੀ ਰਹਿਆ। ਡੌਰ ਭੌਰ ਹੋਇਆ ਉਹ
ਏਧਰ ਉਧਰ ਵੇਖਣ ਲਗ ਪਿਆ।

"ਹਾ—ਏ—ਹਾ—ਏ—ਏ।" ਕਾਲੂ ਦੇ ਕਰਾਹਣ ਦੀ ਅਵਾਜ਼ ਨੇ
ਉਸਨੂੰ ਝੰਜੋੜ ਸੁਟਿਆ! ਉਹ ਤੇਜ਼ੀ ਨਾਲ ਕਮਰੇ ਵਿਚ ਜਾ ਵੜਿਆ।

"ਵੇਖ ਕਾਲੇ ਤੇਰਾ ਬਾਪੂ ਆਇਆ ਈ।" ਮੁੰਡੇ ਦੇ ਸਰਹਾਂਦੀ
ਬੈਠੀ ਉਹਦੀ ਵਡੀ ਭੈਣ ਨੇ ਮੁੰਡੇ ਦਾ ਮੂੰਹ ਉਹਦੇ ਵਲ ਕਰਦਿਆਂ
ਆਖਿਆ।

ਕਾਲੂ ਨੇ ਬੰਦ ਅੱਖਾਂ ਖੋਲ੍ਹ ਧੰਨੇ ਵਲ ਤਕਿਆ ਤੇ ਫੇਰ ਅੱਖਾਂ ਮੀਟ ਮੂੰਹ ਦੂਜੇ ਪਾਸੇ ਫੇਰ ਲਿਆ।

ਧੰਨੇ ਦਾ ਕਾਲਜਾ ਸੱਲ੍ਹਿਆ ਗਿਆ। ਉਹਦੀ ਬੇਵਸੀ ਸੂਲਾਂ ਬਣ ਬਣ ਉਹਦੇ ਕਾਲਜੇ ਰੜਕ ਰਹੀ ਸੀ! ਉਹਦਾ ਦਿਲ ਕਰਦਾ ਸੀ ਕਿ ਉਹ ਅਗੇ ਹੋ ਬੱਚੇ ਨੂੰ ਚੁਕ ਛਾਤੀ ਨਾਲ ਲਾ ਲਵੇ। ਪਰ ਬੱਚੇ ਦੇ ਨੇੜੇ ਜਾਣ ਦੀ ਹਿੰਮਤ ਉਹਦੇ ਵਿਚ ਨਹੀਂ ਸੀ! ਸ਼ਰਮਿੰਦਗੀ ਨਾਲ ਉਹਦਾ ਸਿਰ ਝੁਕਦਾ ਜਾ ਰਿਹਾ ਸੀ। ਨਿਮੋਝੂਣਾ ਤੇ ਲਾਚਾਰ ਖੜਾ ਉਹ ਸੋਚ ਰਿਹਾ ਸੀ—ਮੇਰੇ ਜਿਹਾ ਅਭਾਗਾ ਬਾਪ ਦੁਨੀਆਂ ਤੇ ਕਿਹੜਾ ਹੋਣਾ ਏ! ਜੇ ਮੈਂ ਇਹੋ ਕੁੱਝ ਹੀ ਵੇਖਣਾ ਸੀ ਤਾਂ ਰਾਤੀਂ ਹੀ ਮਰ ਜਾਂਦਾ ਤਾਂ ਚੰਗਾ ਸੀ। ਇਹੋ ਜਿਹੀ ਜ਼ਿੰਦਗੀ ਬਾਝੋਂ ਕੀ ਥੁੜਿਆ ਪਿਆ ਸੀ?

ਹਾਏ ਹਾ...ਏ...ਹਾ . ਏ। ਮੁੰਡਾ ਪੀੜ ਨਾਲ ਮੱਛੀ ਵਾਂਗ ਤੜਪ ਰਿਹਾ ਸੀ। ਉਸ ਤੋਂ ਜਰ ਨਾ ਹੋਇਆ। ਉਸ ਅਗੇ ਹੋ ਮੁੰਡੇ ਨੂੰ ਗੋਦ ਵਿਚ ਲੈ ਲਿਆ। "ਕਾਲੇ, ਵੇਖ ਪੁਤਰ ਮੈਂ......"ਬੜੀ ਹਿੰਮਤ ਕਰਕੇ ਉਹ ਏਨਾ ਹੀ ਆਖ ਸਕਿਆ।

ਮੁੰਡੇ ਨੇ ਅੱਖਾਂ ਖੋਲ੍ਹ ਉਸਨੂੰ ਇੰਝ ਤਕਿਆ ਜਿਵੇਂ ਉਸਨੂੰ ਪਛਾਣਨ ਦਾ ਯਤਨ ਕਰ ਰਿਹਾ ਹੋਵੇ ਤੇ ਫੇਰ ਸਹਿਸਾ ਉਹਦੀਆਂ ਅੱਖਾਂ ਬੰਦ ਹੋ ਗਈਆਂ। ਸਿਰ ਇਕ ਪਾਸੇ ਲੁੜਕ ਗਿਆ।

ਘਰ ਵਿਚ ਕੁਰਲਾਹਟ ਮਚ ਗਈ। ਕਿੰਨੀ ਦੇਰ ਪਥਰਾਈਆਂ ਨਜ਼ਰਾਂ ਨਾਲ ਉਹ ਆਪਣੀ ਗੋਦ ਵਿਚ ਪਏ ਮੋਏ ਬੱਚੇ ਨੂੰ ਘੂਰਦਾ ਰਿਹਾ ਤੇ ਫੇਰ ਖਿੜ ਖਿੜਾਕੇ ਹੱਸ ਪਿਆ "ਬਸ ਮਰ ਗਿਆ, ਮਰ ਗਿਆ... ਖਤਮ..."ਕਹਿੰਦਾ ਹੋਇਆ ਬੱਚੇ ਦੀ ਲਾਸ਼ ਨੂੰ ਮੰਜੇ ਤੇ ਪਾ ਉਹ ਬਾਹਰ ਨਿਕਲ ਤੁਰਿਆ। ਪਰ ਬਾਹਰਲੇ ਬੂਹੇ ਦੇ ਕੋਲ ਖੜੇ ਇਕ ਚੰਗੇ ਤਕੜੇ ਬੰਦੇ ਦੇ ਸਾਹਮਣੇ ਆ ਕੇ ਉਹ ਰੁਕ ਗਿਆ ਤੇ ਅੱਖ ਝਪਕੇ ਵਿਚ ਹੀ ਉਸ ਨੂੰ ਸੰਘੋਂ ਫੜ ਚੀਕਣ ਲਗ ਪਿਆ "ਤੂੰ ਮਲਕ ਏਂ... ਤੂੰ ਮੇਰੇ ਮੁੰਡੇ ਦਾ ਕਾਤਲ ਏਂ। ਮੈਂ ਤੇਰਾ ਗੱਲ ਘੁਟ ਦਿਆਂਗਾ...ਤੇਰਾ ਲਹੂ ਪੀ ਜਾਵਾਂਗਾ।"

ਰੋਣਾ ਧੋਣਾ ਭੁਲ ਸਾਰੇ ਉਹਦੇ ਦੁਆਲੇ ਆ ਹੋਏ। ਪਰ ਧੰਨਾ ਕਿਸੇ ਦੇ ਕਾਬੂ ਨਹੀਂ ਸੀ ਆ ਰਿਹਾ। ਜਿਉਂ ਜਿਉਂ ਲੋਕੀਂ ਉਹਨੂੰ ਛੁਡਾਣ

ਦਾ ਯਤਨ ਕਰਦੇ ਉਸ ਦੇ ਗਲ ਦੁਆਲੇ ਪਏ ਉਹਦੇ ਹੱਥ ਦੀ ਪਕੜ ਹੋਰ ਪੀਡੀ ਹੁੰਦੀ ਜਾਂਦੀ। ਤੇ ਫੇਰ ਪਤਾ ਨਹੀਂ ਉਹਦੇ ਮਨ ਕੀ ਆਈ, ਉਸ ਆਪਣੇ ਆਪ ਹੀ ਹੱਥ ਪਿਛੇ ਖਿੱਚ ਲਏ—"ਨਹੀਂ ਇਹ ਮਲਕ ਨਹੀਂ... ਮੈਂ ਮਲਕ ਦਾ ਸੰਘ ਘੁਟ ਦਿਆਂਗਾ...ਉਹਦਾ ਲਹੂ ਪੀ ਜਾਵਾਂਗਾ। ਬੁੜ-ਬੁੜਾਂਦਾ ਉਹ ਬਾਹਰ ਨਿਕਲ ਤੁਰਿਆ।

ਪਿਛਲੇ ਦਸ ਪੰਦਰਾਂ ਦਿਨ ਮਲਕ ਬਹੁਤ ਬੁਰੀ ਤਰ੍ਹਾਂ ਉਲਝਿਆ ਰਿਹਾ। ਉਸਨੂੰ ਨ ਦਿਨੇ ਇਕ ਪਲ ਚੈਨ ਮਿਲਿਆ, ਨਾ ਰਾਤੀਂ ਇਕ ਪਲ ਅਰਾਮ। ਦਿਨੇ ਸੂਰਜ ਚੜ੍ਹਣ ਤੋਂ ਪਹਿਲਾਂ ਸ਼ਾਹੀ-ਮੱਹਲ ਪਹੁੰਚਣਾ ਤੇ ਰਾਤੀਂ ਡੂੰਘੇ ਹਨੇਰੇ ਪਏ ਵਾਪਸ ਪਰਤਣਾ ਉਹਦਾ ਜਿਵੇਂ ਨੇਮ ਬਣ ਚੁਕਾ ਸੀ। ਕਈ ਵੇਰ ਤਾਂ ਅੱਧੀ ਰਾਤੀਂ ਵੀ ਜਦੋਂ ਸ਼ਹਿਜਾਦੇ ਦੀ ਤਬੀਅਤ ਜ਼ਿਆਦਾ ਵਿਗੜ ਜਾਂਦੀ ਤਾਂ ਨਵਾਬ ਉਸਨੂੰ ਬੁਲਾ ਭੇਜਦਾ ਸੀ। ਤੇ ਉੱਦਨ ਮਲਕ ਦੀ ਸਾਰੀ ਰਾਤ ਹੀ ਸ਼ਹਿਜ਼ਾਦੇ ਦੀ ਪੁਆਂਦੀ ਖਲੋਤਿਆਂ ਲੰਘ ਜਾਂਦੀ।

ਸਾਰਾ ਦਿਨ ਭਜ ਭਜ ਕੇ ਉਹਦੀ ਨਿਸ਼ਾ ਹੋ ਜਾਂਦੀ ਸੀ। ਉਹਦਾ ਇਕ ਪੈਰ ਜੇ ਸ਼ਹਿਜ਼ਾਦੇ ਦੇ ਕਮਰੇ ਵਿਚ ਹੁੰਦਾ ਤਾਂ ਦੂਸਰਾ ਦਰਬਾਰ ਵਿਚ ਨਵਾਬ ਕੋਲ। ਨਵਾਬ ਦਾ ਹੁਕਮ ਸੀ ਕਿ ਹਰ ਸਮੇਂ ਉਸਨੂੰ ਸ਼ਹਿਜ਼ਾਦੇ ਦੀ ਹਾਲਤ ਤੋਂ ਜਾਣੂ ਰਖਿਆ ਜਾਏ ਤੇ ਵਾਹ ਲੱਗਦੀ ਇਹ ਫ਼ਰਜ਼ ਮਲਕ ਆਪ ਹੀ ਨਿਭਾਉਂਦਾ ਸੀ। ਸ਼ਹਿਜ਼ਾਦੇ ਨੇ ਅਜ ਦਿਨ ਵਿਚ ਕਿਹੜੀ ਦਵਾ ਕਿੰਨੀ ਵਾਰ ਪੀਣੀ ਏ, ਮਲਕ ਤੋਂ ਸਿਵਾਏ ਕੋਈ ਨਹੀਂ ਸੀ ਜਾਣਦਾ। ਸ਼ਹਿਜ਼ਾਦੇ ਨੇ ਕੀ ਖਾਣਾ ਏ ਤੇ ਕੀ ਨਹੀਂ ਖਾਣਾ, ਮਲਕ ਤੋਂ ਹੀ ਪੁੱਛਿਆ ਜਾਂਦਾ ਸੀ। ਕਿਸ ਹਕੀਮ ਦੀ ਦਵਾਈ ਨਾਲ ਮਰਜ਼ ਕੁਝ ਘਟੀ ਸੀ ਤੇ ਕਿਹਦੇ ਇਲਾਜ ਨਾਲ ਮਰਜ਼ ਵਧ ਗਈ ਏ, ਮਲਕ ਨੂੰ ਹੀ ਪਤਾ ਸੀ। ਦਿਨ ਵਿਚ ਕਈ ਵਾਰ ਉਹ ਸਿਆਣੇ ਸਿਆਣੇ ਵੈਦ-ਹਕੀਮ ਇਕੱਠੇ ਕਰਕੇ ਉਹਨਾਂ ਨਾਲ ਸਲਾਹ-ਮਸ਼ਵਰਾ ਕਰਦਾ ਤੇ ਉਹਨਾਂ ਦੀ ਹਰ ਹਦਾਇਤ ਦਾ ਪੂਰੀ ਤਰ੍ਹਾਂ ਧਿਆਨ ਰਖਦਾ। ਇਹਨਾਂ ਦਿਨਾਂ ਵਿਚ ਭਾਵੇਂ ਮਲਕ ਨੂੰ ਕਾਫ਼ੀ ਪਰੇਸ਼ਾਨ ਰਹਿਣਾ ਪਿਆ ਸੀ ਪਰ ਮਨ ਹੀ ਮਨ ਵਿਚ ਉਹ ਬੜਾ ਖੁਸ਼ ਸੀ ਕਿ ਉਸ ਨੂੰ ਆਪਣੇ ਮਾਲਕ ਦੀ ਖਿਦਮਤ ਕਰਨ

ਦਾ ਇਕ ਚੰਗਾ ਮੌਕਾ ਹੱਥ ਲੱਗਾ ਸੀ।

ਨਵਾਬ ਤਾਂ ਉਸ ਤੇ ਅੱਗੇ ਹੀ ਬੜਾ ਖੁਸ਼ ਸੀ। ਉਹ ਉਸ ਨੂੰ ਆਪਣੇ ਸਭ ਤੋਂ ਵਿਸ਼ਵਾਸੀ-ਬੰਦਿਆਂ ਚੋਂ ਗਿਣਦਾ ਸੀ ਕਿਉਂਕਿ ਨਵਾਬ ਚੰਗੀ ਤਰ੍ਹਾਂ ਜਾਣਦਾ ਸੀ ਕਿ ਮਲਕ ਜ਼ਾਤ ਦਾ ਤਾਂ ਭਾਵੇਂ ਹਿੰਦੂ ਹੈ ਪਰ ਹੈ ਮੁਸਲਮਾਨਾਂ ਤੋਂ ਵੀ ਚੰਗਾ। ਇਸਲਾਮ ਦੀ ਜਿੰਨੀ ਖ਼ਿਦਮਤ ਮਲਕ ਨੇ ਕੀਤੀ ਸੀ ਕੋਈ ਚੰਗਾ ਮੁਸਲਮਾਨ ਨਹੀਂ ਕਰ ਸਕਦਾ। ਇਸ ਇਲਾਕੇ ਦੇ ਸੈਂਕੜੇ ਹਿੰਦੂ ਪਰਿਵਾਰਾਂ ਨੂੰ ਮਲਕ ਨੇ ਮੁਸਲਮਾਨ ਹੋਣ ਲਈ ਪ੍ਰੇਰਿਆ ਸੀ। ਅੰਦਰ ਖਾਨੇ ਉਹ ਕਈ ਵੇਰ ਨਵਾਬ ਨਾਲ ਨਿਮਾਜ਼ ਵੀ ਪੜ੍ਹ ਆਇਆ ਸੀ। ਉਹਦੀ ਵਫ਼ਾਦਾਰੀ ਤੇ ਸ੍ਵਾਮੀ-ਭਗਤੀ ਤੇ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ। ਜੇ ਨਵਾਬ ਰਾਤ ਨੂੰ ਦਿਨ ਆਖੇ ਤੇ ਦਿਨ ਨੂੰ ਰਾਤ ਆਖੇ ਤਾਂ ਇਸ ਗੱਲ ਦੀ ਹਾਮੀ ਭਰਨ ਵਾਲਿਆਂ ਵਿਚ ਮਲਕ ਸਭ ਤੋਂ ਮੋਹਰੀ ਸੀ। ਨਵਾਬ ਦੇ ਇਕ ਇਸ਼ਾਰੇ ਤੇ ਉਸ ਅਨੇਕਾਂ ਹਿੰਦੂ ਸ਼ਾਹੂਕਾਰਾਂ ਦਾ ਸਾਰਾ ਧਨ-ਮਾਲ ਖੋਹ ਨਵਾਬ ਦੇ ਪੈਰਾਂ ਵਿਚ ਢੇਰੀ ਕਰ ਦਿਤਾ ਸੀ। ਹਿੰਦੂਆਂ ਦੀ ਜਿਸ ਸੁਹਣੀ ਔਰਤ ਤੇ ਨਵਾਬ ਅੱਖ ਧਰਦਾ ਉਸ ਨੂੰ ਸ਼ਾਹੀ ਮਹੱਲਾਂ ਵਿਚ ਪਹੁੰਚਾਣਾ ਮਲਕ ਆਪਣਾ ਪਰਮ-ਧਰਮ ਸਮਝਦਾ ਸੀ। ਹਿੰਦੂਆਂ-ਮੁਸਲਮਾਨਾਂ ਦੇ ਵਿਚਕਾਰ ਹੋਏ ਕਿਸੇ ਝਗੜੇ ਵਿਚ ਵਧੀਕੀ ਭਾਵੇਂ ਹਿੰਦੂਆਂ ਨਾਲ ਹੀ ਹੋਈ ਹੁੰਦੀ, ਮਲਕ ਮੁਸਲਮਾਨਾਂ ਦਾ ਪੱਖ ਹੀ ਪੂਰਦਾ ਸੀ। ਤੇ ਏਹੀ ਕਾਰਨ ਸਨ ਜਿਹਨਾਂ ਕਰਕੇ ਉਹ ਨਵਾਬ ਦੇ ਕਾਰਕੁਨਾਂ 'ਚੋਂ ਮੋਹਰੀ ਸੀ। ਰਾਜ ਪ੍ਰਬੰਧ ਦਾ ਬਹੁਤਾ ਕੰਮ ਉਹਦੇ ਹੱਥ ਹੀ ਸੀ।

ਸ਼ਹਿਜ਼ਾਦੇ ਦੀ ਬੀਮਾਰੀ ਸਮੇਂ, ਮਲਕ ਦੀ ਨਿਸ਼ਕਾਮ ਸੇਵਾ ਵੇਖਕੇ, ਨਵਾਬ ਦੀਆਂ ਨਜ਼ਰਾਂ ਵਿਚ ਉਹ ਦੀ ਕੀਮਤ ਹੋਰ ਵੀ ਵਧ ਗਈ। ਸ਼ਹਿਜ਼ਾਦੇ ਦੇ ਦੁਖ ਨੂੰ ਜਿਸ ਸ਼ਿੱਦਤ ਨਾਲ ਮਲਕ ਨੇ ਮਹਿਸੂਸਿਆ ਸੀ ਉਸਦੇ ਕਿਸੇ ਸਾਕ-ਸੰਬੰਧੀ ਨੇ ਵੀ ਨਹੀਂ ਸੀ ਮਹਿਸੂਸਿਆ।

ਅਣਗਿਣਤ ਵੈਦ ਹਕੀਮ, ਉਸ ਸ਼ਹਿਜ਼ਾਦੇ ਦੇ ਇਲਾਜ ਲਈ ਦੂਰੋਂ ਨੇੜਿਓਂ ਮੰਗਵਾਏ ਸਨ। ਜਿਥੇ ਕਿਤੇ ਵੀ ਕਿਸੇ ਸਿਆਣੇ ਦੀ ਦਸ ਪਈ ਮਲਕ ਨੇ ਬੰਦੇ ਭੇਜਵਾਣ ਵਿਚ ਦੇਰ ਨਹੀਂ ਕੀਤੀ। ਜੋ ਜੋ ਕਿਸੇ ਦਸਿਆ ਉਹੀ ਕੀਤਾ ਪਰ ਸ਼ਹਿਜ਼ਾਦੇ ਦੀ ਹਾਲਤ ਸੁਧਰਨ ਦੀ ਬਜਾਏ ਦਿਨੋਂ ਦਿਨ ਵਿਗੜਦੀ ਹੀ ਗਈ।

ਪਿਛਲੇ ਕਈ ਸਾਲਾਂ ਤੋਂ ਸ਼ਹਿਜ਼ਾਦਾ ਕਿਸੇ ਨਾ-ਮੁਰਾਦ ਬੀਮਾਰੀ ਨਾਲ ਮੰਜੀ ਤੇ ਜੁੜਿਆ ਪਿਆ ਸੀ। ਬੜੇ ਬੜੇ ਸਿਆਣੇ ਵੈਦ ਹਕੀਮ ਆਪਣੀ ਪੂਰੀ ਵਾਹ ਲਾ ਥਕੇ ਸਨ ਪਰ ਕਿਸੇ ਨੂੰ ਮਰਜ਼ ਦਾ ਪਤਾ ਨਹੀਂ ਸੀ ਲੱਗਾ। ਕੋਈ ਕੁੱਝ ਕਹਿੰਦਾ, ਕੋਈ ਕੁੱਝ। ਹਰ ਨਵੇਂ ਹਕੀਮ ਦੇ ਇਲਾਜ ਨਾਲ ਪਹਿਲੋਂ ਪਹਿਲ ਤਾਂ ਕੁੱਝ ਫ਼ਰਕ ਪੈ ਜਾਂਦਾ ਪਰ ਬਾਅਦ ਵਿਚ ਤਕਲੀਫ਼ ਜ਼ਿਆਦਾ ਵਧ ਜਾਂਦੀ। ਕਿਸੇ ਨੂੰ ਇਸ ਚੰਦਰੀ-ਬਿਮਾਰੀ ਦੀ ਸਮਝ ਨਹੀਂ ਸੀ ਆਉਂਦੀ। ਬੀਮਾਰੀ ਦਾ ਦੌਰਾ ਚੰਦਰਮਾ ਦੇ ਨਾਲ ਵਧਦਾ ਘਟਦਾ ਸੀ। ਹਨੇਰੇ ਦੇ ਤੇਰ੍ਹਾਂ ਚੌਦਾਂ ਦਿਨ ਤੇ ਸ਼ਹਿਜ਼ਾਦਾ ਚੈਨ ਵਿਚ ਗੁਜ਼ਾਰਦਾ ਪਰ ਚਾਨਣ-ਪੱਖ ਲਗਦਿਆਂ ਹੀ ਉਹ ਘੜੀਆਂ ਪਲਾਂ ਤੇ ਹੋ ਜਾਂਦਾ ਸੀ। ਪਰ ਇਸ ਵਾਰ ਹਨੇਰਾ ਪੱਖ ਲੱਗਿਆਂ ਛੇ ਸੱਤ ਦਿਨ ਹੋ ਗਏ ਸਨ, ਸ਼ਹਿਜ਼ਾਦੇ ਦੀ ਹਾਲਤ ਵਿਚ ਕੋਈ ਫ਼ਰਕ ਨਹੀਂ ਆਇਆ, ਸਗੋਂ ਮਰਜ਼ ਵਧ ਰਹੀ ਸੀ।

ਨਵਾਬ ਘਬਰਾ ਉਠਿਆ। ਕਿਤੇ ਇਹ ਟਿਮ-ਟਿਮਾਂਦੀ ਜੀਵਨ-ਜੋਤ ਬੁੱਝ ਨਾ ਜਾਏ। ਲਖਤੇ-ਜਿਗਰ ਇਕਲੌਤੇ ਬੇਟੇ ਦੀ ਵਿਗੜਦੀ ਹਾਲਤ ਨੇ ਨਵਾਬ ਨੂੰ ਇੰਨਾ ਪ੍ਰੇਸ਼ਾਨ ਤੇ ਦੁਖੀ ਕਰ ਦਿਤਾ ਕਿ ਉਹ ਆਪ ਮੰਜੀ ਤੇ ਪੈ ਗਿਆ। ਮਲਕ ਦੀ ਭੱਜ ਦੌੜ ਹੋਰ ਵੀ ਵਧ ਗਈ। ਪਰ ਮਲਕ ਦਿਲੋਂ ਖੁਸ਼ ਸੀ।

ਨਵਾਬ ਦੀ ਖ਼ਬਰ ਲੈਣ ਆਏ ਕਿਸੇ ਹਮਦਰਦ ਨੇ ਨਵਾਬ ਨੂੰ ਦਸ ਪਾਈ ਸੀ ਕਿ ਸੁਲਤਾਨ ਪੁਰ ਦੇ ਨਵਾਬ ਦਾ ਖ਼ਾਨਦਾਨੀ ਹਕੀਮ ਬੜਾ ਸਿਆਣਾ ਏ, ਅੱਲਾ ਤਾਲਾ ਦੇ ਰਹਿਮ ਨਾਲ ਉਹਦੇ ਹਥ ਏਨੀ ਸ਼ਫ਼ਾ ਏ ਕਿ ਜੇ ਉਹ ਕਿਸੇ ਨੂੰ ਰਾਖ ਦੀ ਚੁਟਕੀ ਵੀ ਖੁਆ ਦੇਵੇ ਤਾਂ ਉਹ ਅਰੋਗ ਹੋ ਜਾਂਦਾ ਏ। ਦਸਣ ਵਾਲੇ ਨੇ ਕਿਹਾ ਸੀ। ਇਸ ਹਕੀਮ ਦੀ ਦੱਸ ਨਵਾਬ ਜ਼ਾਲਮ ਖ਼ਾਨ ਨੂੰ ਇਕ ਵੇਰ ਅਗੇ ਵੀ ਪਈ ਸੀ। ਪਰ ਉਸ ਨੇ ਬਹੁਤਾ ਗੌਲਿਆ ਨਹੀਂ ਸੀ। ਕਿਉਂਕਿ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਨਾਲ ਪਿਛਲੇ ਕੁੱਝ ਅਰਸੇ ਤੋਂ ਉਹਦੀ ਅਣ ਬਣ ਚਲੀ ਆ ਰਹੀ ਸੀ, ਇਹ ਅਣ ਬਣ ਵਧਦੀ ਵਧਦੀ ਜ਼ਾਤੀ ਦੁਸ਼ਮਣੀ ਵਿਚ ਬਦਲ ਗਈ ਸੀ। ਜ਼ਾਲਮ ਖ਼ਾਨ ਦੌਲਤ ਖ਼ਾਨ ਤੋਂ ਆਕੀ ਹੋ ਗਿਆ ਸੀ। ਦਿਲੀ-ਦਰਬਾਰ ਵਿਚ ਜਦੋਂ ਵੀ ਉਹ ਜਾਂਦਾ ਦੌਲਤ ਖਾਂ ਵਿਰੁਧ ਚੁਗਲੀਆਂ ਹੀ

ਕਰਦਾ ਰਹਿੰਦਾ। ਜਿਸ ਕਰਕੇ ਦੌਲਤ ਖ਼ਾਂ ਨੇ ਉਸ ਨੂੰ ਇਕ ਦੋ ਵਾਰ ਝਾੜਿਆ ਫਿਟਕਾਰਿਆ ਵੀ। ਇਸੇ ਕਾਰਨ ਹੀ ਜ਼ਾਲਮ ਖ਼ਾਂ ਡਰਦਾ ਸੀ ਕਿ ਕਿਤੇ ਦੁਸ਼ਮਣ ਮੌਕੇ ਦਾ ਨਾਜਾਇਜ਼ ਫ਼ਾਇਦਾ ਨਾ ਉਠਾ ਜਾਏ।

ਪਰ ਹੁਣ ਸ਼ਹਿਜ਼ਾਦੇ ਦੀ ਦਿਨੋਂ ਦਿਨ ਨਿਘਰਦੀ ਜਾਂਦੀ ਹਾਲਤ ਨੇ ਉਸ ਨੂੰ ਸਭ ਕੁਝ ਭੁਲਾ ਦਿਤਾ। ਇਕ ਦਿਨ ਮਲਕ ਨੂੰ ਸੱਦ ਕੇ ਉਸ ਆਖਿਆ : "ਮਲਕ, ਤੁਮ ਸੁਲਤਾਨਪੁਰ ਜਾਓ ਔਰ ਨਵਾਬ ਦੌਲਤ ਖ਼ਾਂ ਕੇ ਖ਼ਾਨਦਾਨੀ ਹਕੀਮ ਕੋ ਸਾਥ ਲੇ ਆਓ।"

"ਜੈਸਾ ਹੁਕਮ ਹਜ਼ੂਰ।" ਮਲਕ ਨੇ ਸਿਰ ਝੁਕਾ ਕੇ ਆਖਿਆ : "ਪਰ ........।" ਤੇ ਜਾਣ ਕੇ ਉਸ ਗੱਲ ਅਧੂਰੀ ਹੀ ਛੱਡ ਦਿਤੀ।

"ਵੋਹ ਕੋਈ ਬਾਤ ਨਹੀਂ। ਮੈਂ ਦੌਲਤ ਖ਼ਾਨ ਕੋ ਹੱਛੀ ਤਰ੍ਹੇ ਜਾਨਤਾ ਹੂੰ, ਵੁਹ ਦਿਲ ਕਾ ਪਾਕ ਹੈ। ਐਸੇ ਸਮੇਂ ਵੋਹ ਇਨਕਾਰ ਨਹੀਂ ਕਰੇਗਾ। ਫਿਰ ਵੀ ਤੁਮ ਮੇਰਾ ਪਰਵਾਨਾ ਲੇਤੇ ਜਾਨਾ।" ਨਵਾਬ ਨੇ ਮਲਕ ਦਾ ਇਸ਼ਾਰਾ ਸਮਝਦਿਆਂ ਆਖਿਆ।

"ਬਹੁਤ ਹੱਛਾ ਹਜ਼ੂਰ।" ਮਲਕ ਨੇ ਫਿਰ ਸਿਰ ਝੁਕਾਇਆ।

"ਹਾਂ ਅਗਰ ਵੋਹ ਇਨਕਾਰ ਕਰੇ ਤੋ ਯੇਹ ਪਰਵਾਨਾ ਉਸੇ ਦੇ ਦੇਨਾ, ਔਰ ਕਹਨਾ ਕਿ ਹਮ ਆਗੇ ਸੇ ਆਪ ਕੀ ਹਰ ਈਨ ਕੇ ਆਗੇ ਸਰ ਝੁਕਾਨੇ ਕਾ ਵਾਅਦਾ ਕਰਤੇ ਹੈਂ। ਆਪ ਯੇਹ ਕਰਮ ਜ਼ਰੂਰ ਕਰੇਂ।" ਕਹਿੰਦਿਆਂ ਨਵਾਬ ਦਾ ਗਚ ਭਰ ਆਇਆ। ਕੁੱਝ ਦੇਰ ਚੁਪ ਰਹਿਣ ਤੋਂ ਬਾਅਦ ਉਸ ਫੇਰ ਆਖਿਆ : "ਤੁਮੇ ਵਹਾਂ ਭੇਜਨੇ ਕਾ ਮਕਸਦ ਯੇਹ ਹੈ ਕਿ ਦੌਲਤ ਖਾਨ ਕੇ ਦਿਲ ਮੇਂ ਹਿੰਦੂਉਂ ਕੇ ਲੀਏ ਬਹੁਤ ਸਤਿਕਾਰ ਹੈ। ਵੋਹ ਕਿਸੀ ਮੋਮਨ ਕੋ ਤੋ ਨਿਰਾਸ ਕਰ ਸਕਤਾ ਹੈ ਪਰ ਹਿੰਦੂ ਕੋ ਨਹੀਂ।"

ਤੇ ਦੂਸਰੇ ਭਲਕ ਮਲਕ ਸੁਲਤਾਨ ਪੁਰ ਲਈ ਚਲ ਪਿਆ ਸੀ। ਨਵਾਬ ਦੇ ਲਿਖਤੀ ਪਰਵਾਨਿਆਂ ਤੋਂ ਇਲਾਵਾ ਉਸ ਨਵਾਬ ਦੌਲਤ ਖ਼ਾਨ ਲਈ ਬਹੁਤ ਸਾਰੇ ਤੋਹਫੇ ਵੀ ਨਾਲ ਲੈ ਲਏ ਸਨ।

ਦੋ ਦਿਨਾਂ ਦੇ ਸਫ਼ਰ ਤੋਂ ਬਾਅਦ ਮਲਕ ਸੁਲਤਾਨ ਪੁਰ ਪੁੱਜਾ। ਸਾਰੇ ਰਾਹ ਉਹ ਆਪਣੇ ਆਪ ਨੂੰ ਪੇਸ਼ ਔਣ ਵਾਲੀ ਹਰ ਮੁਸ਼ਕਲ ਲਈ ਤਿਆਰ ਕਰਦਾ ਰਿਹਾ ਸੀ।

ਪਰ ਸੁਲਤਾਨ ਪੁਰ ਵਿਚ ਸਭ ਕੁਝ ਮਲਕ ਦੇ ਖਿਆਲ ਦੇ ਉਲਟ

ਹੀ ਹੋਇਆ। ਨਵਾਬ ਦੌਲਤ ਖ਼ਾਨ ਨੇ ਭਾਵੇਂ ਜ਼ਾਲਮ ਖ਼ਾਨ ਦੇ ਭੇਜੇ ਤੋਹਫ਼ੇ ਕਬੂਲਣ ਤੋਂ ਇਨਕਾਰ ਕਰ ਦਿਤਾ ਪਰ ਪਰਵਾਨਾ ਪੜ੍ਹਦਿਆਂ ਹੀ ਉਸ ਸ਼ਾਹੀ ਹਕੀਮ ਨੂੰ ਬੁਲਾ ਮਲਕ ਦੇ ਨਾਲ ਸੈਦ ਪੁਰ ਚਲੇ ਜਾਣ ਦਾ ਹੁਕਮ ਦੇ ਦਿਤਾ ਸੀ।

ਮਲਕ ਸ਼ਾਹੀ ਹਕੀਮ ਨੂੰ ਨਾਲ ਲੈ ਜਦੋਂ ਸੈਦਪੁਰ ਪੁੱਜਾ ਸ਼ਹਿਜ਼ਾਦੇ ਦੀ ਹਾਲਤ ਬਹੁਤ ਖਰਾਬ ਸੀ, ਸਾਰੇ ਮਹੱਲ ਵਿਚ ਸਹਿਮ ਤੇ ਸੋਗ ਛਾਇਆ ਹੋਇਆ ਸੀ। ਸਹਿਮੇ ਹੋਏ ਅਹਿਲਕਾਰ ਏਧਰ ਉਧਰ ਨਠੇ ਭੱਜੇ ਫਿਰਦੇ ਸਨ। ਘਬਰਾਏ ਅਮੀਰ ਵਜ਼ੀਰ ਸ਼ਹਿਜ਼ਾਦੇ ਦੇ ਪਲੰਘ ਦੁਆਲੇ ਖੜੇ ਅੱਲਾ ਤਾਲਾ ਪਾਸ ਦੁਆ ਕਰ ਰਹੇ ਸਨ। ਲਾਚਾਰ ਹੋਏ ਵੈਦ ਹਕੀਮ ਆਪਣੀਆਂ ਸ਼ੀਸ਼ੀਆਂ ਫੋਲ ਰਹੇ ਸਨ। ਸ਼ਹਿਜ਼ਾਦੇ ਦੀ ਸਰ੍ਹਾਂਦੀ ਬੈਠਾ ਮੁੱਲਾਂ ਪਾਕ ਕੁਰਾਨ ਦੀਆਂ ਹਦੀਸਾਂ ਪੜ੍ਹ ਰਿਹਾ ਸੀ, ਨਵਾਬ ਦੀ ਹਾਲਤ ਬੜੀ ਤਰਸਯੋਗ ਸੀ, ਉਹ ਪਾਗਲਾਂ ਵਾਂਗ ਏਧਰ ਉਧਰ ਫਿਰਦਾ ਉੱਚੀ ਉੱਚੀ ਖ਼ੁਦਾ ਵੰਦ ਕਰੀਮ ਪਾਸ ਰਹਿਮ ਲਈ ਫ਼ਰਿਆਦਾਂ ਕਰ ਰਿਹਾ ਸੀ। ਥੋੜ੍ਹੀ ਥੋੜ੍ਹੀ ਦੇਰ ਬਾਅਦ ਉਹ ਸ਼ਹਿਜ਼ਾਦੇ ਦੇ ਸਰਹਾਣੇ ਬੈਠ ਉਸ ਦੀ ਨਬਜ਼ ਟਟੋਲਦਾ, ਉਹਦਾ ਮੱਥਾ ਚੁੰਮਦਾ, ਫੇਰ ਹੱਥ ਜੋੜ ਅੱਖਾਂ ਮੀਟ ਖ਼ੁਦਾ ਨੂੰ ਕੁੱਝ ਕਹਿੰਦਾ ਤੇ ਫੇਰ ਉਹ ਪਹਿਲੇ ਦੀ ਤਰ੍ਹਾਂ ਹੀ ਕਾਹਲੀ ਕਾਹਲੀ ਏਧਰ ਉਧਰ ਫਿਰਨ ਲਗ ਪੈਂਦਾ। ਉਹਦਾ ਚਿਹਰਾ ਹਿਰਾਸਿਆ ਹੋਇਆ ਸੀ ਅੱਖਾਂ ਅਣ-ਡੁਲ੍ਹੇ ਹੰਝੂਆਂ ਨਾਲ ਲਿਸ਼ਕ ਰਹੀਆਂ ਸਨ।

ਮਲਕ ਦੇ ਨਾਲ ਇਕ ਓੱਪਰੇ ਆਦਮੀ ਨੂੰ ਦਰਵਾਜ਼ੇ ਵੜਦਾ ਵੇਖ ਉਹਦੀਆਂ ਅੱਖਾਂ ਵਿਚ ਕੁੱਝ ਚਮਕ ਜਿਹੀ ਆਈ। 'ਸ਼ਾਹੀ ਹਕੀਮ ਜੀ' ਕਹਿ ਉਹ ਮਲਕ ਵਲ ਲਪਕਿਆ। ਮਲਕ ਨੇ ਝੁਕ ਕੇ ਪ੍ਰਨਾਮ ਕਰਦਿਆਂ ਆਖਿਆ :

"ਹਾਂ ਹਜ਼ੂਰ ਯਹੀ ਹੈਂ ਨਵਾਬ ਦੋਲਤ ਖ਼ਾਨ ਕੇ ਖ਼ਾਨਦਾਨੀ ਹਕੀਮ ਔਲੀਆ......।"

ਪਰ ਅਜੇ ਮਲਕ ਨੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਨਵਾਬ ਹਕੀਮ ਜੀ ਦੇ ਪੈਰਾਂ ਤੇ ਡਿੱਗ ਗਿੜਗਿੜਾਣ ਲੱਗ ਪਿਆ : ਖ਼ੁਦਾ ਕੇ ਲੀਏ ਮੇਰੇ

ਬਚੇ ਕੋ ਬਚਾ ਲੋ, ਔਲੀਆ...ਮੈਂ ਤੁਮੇਂ ਮੂੰਹ ਮਾਂਗਾ ਇਨਾਮ ਦੂੰਗਾ, ਉਮਰ ਭਰ ਤੁਮਾਰਾ ਅਹਿਸਾਨ ਮਾਨੂੰਗਾ, ਮੁੱਝ ਪਰ ਕਰਮ ਕਰੋ, ਮੇਰੇ ਬਚੇ ਕੀ ਜਾਨ ਬਚਾ ਲੋ।..."

ਹਕੀਮ ਨੇ ਜ਼ਾਲਮਖ਼ਾਨ ਨੂੰ ਬਾਹਾਂ ਤੋਂ ਫੜ ਉਠਾਇਆ ਤੇ ਫੇਰ ਉਸ ਦੇ ਮੋਢੇ ਤੇ ਹਥ ਧਰ ਉਸ ਨੂੰ ਦਿਲਾਸਾ ਦੇਂਦਿਆਂ ਬੋਲਿਆ : ਖ਼ੁਦਾ ਹਾਫ਼ਜ਼, ਖ਼ੁਦਾ ਹਾਫ਼ਜ਼...ਅੱਲਾ ਮੀਆਂ ਦੇ ਘਰ ਕਿਸੀ ਬਾਤ ਕੀ ਕੱਮੀ ਨਹੀਂ ਖ਼ਾਨ, ਉਸ ਦੇ ਦਰ ਸੇ ਕੋਈ ਖਾਲੀ ਨਹੀਂ ਲੋਟਤਾ, ਤੁਮ ਦੁਆ ਕਰੋ ਮੈਂ ਦਵਾ ਕਰਤਾ ਹੂੰ। ਅੱਲਾਹ ਤੱਾਲਾ ਰਹਿਮ ਕਰੇਗਾ।"

ਨਵਾਬ ਦੇ ਢਹਿੰਦੇ ਮਨ ਨੂੰ ਆਸਰਾ ਮਿਲ ਗਿਆ। ਉਹਦੇ ਮਨ ਦਾ ਸਹਿਮ ਜਾਂਦਾ ਰਿਹਾ, ਪਰ ਸ਼ਹਿਜ਼ਾਦੇ ਤੇ ਨਜ਼ਰ ਪੈਂਦਿਆਂ ਹੀ ਉਹ ਫਿਰ ਬੇਚੈਨ ਹੋ ਉਠਿਆ, "ਦੇਖੀਏ ਬਚੇ ਕੀ ਹਾਲਤ ਬਹੁਤ ਨਾਜ਼ੁਕ ਹੈ ਜਲਦੀ ਸੇ ਕੋਈ ਹੀਲਾ ਕੀਜੀਏ, ਮੈਂ ਤੁਮੇਂ ਮੂੰਹ ਮਾਂਗਾ ਇਨਾਮ ਦੂੰਗਾ।

ਹਕੀਮ ਨੇ ਹੁੰਗਾਰਾ ਨਹੀਂ ਭਰਿਆ। ਚੁਪ ਚਾਪ ਅਗੇ ਵਧ ਸ਼ਹਿਜ਼ਾਦੇ ਦੇ ਪਲੰਘ ਤੇ ਬੈਠ ਉਸ ਦੀ ਨਬਜ਼ ਵੇਖਣ ਲਗ ਪਿਆ। ਨਬਜ਼ ਵੇਖਣ ਤੋਂ ਬਾਅਦ ਉਸ ਨੇ ਸ਼ਹਿਜ਼ਾਦੇ ਦੀਆਂ ਅੱਖਾਂ ਦੀਆਂ ਝਿਮਣੀਆਂ ਨੂੰ ਚੁਕ ਕੇ ਵੇਖਿਆ, ਕੁੱਝ ਦੇਰ ਛਾਤੀ ਤੇ ਹਥ ਧਰ ਮੂੰਹ ਵਿਚ ਕੁੱਝ ਗਿਣਦਾ ਰਿਹਾ। ਤੇ ਫੇਰ ਉਸ ਆਪਣਾ ਥੈਲਾ ਫੋਲ ਦੋ ਤਿੰਨ ਸ਼ੀਸ਼ੀਆਂ 'ਚੋਂ ਦਵਾ ਮਿਲਾ ਇਕ ਪੁੜੀ ਬਣਾਈ ਤੇ ਅੱਲਾਹ ਦਾ ਨਾਂ ਲੈ ਉਹ ਪੁੜੀ ਸ਼ਹਿਜ਼ਾਦੇ ਦੇ ਮੂੰਹ ਵਿਚ ਉਲੱਦ ਦਿਤੀ।

ਦਵਾ ਖਾਣ ਤੋਂ ਕੁੱਝ ਦੇਰ ਬਾਅਦ ਹੀ ਸ਼ਹਿਜ਼ਾਦੇ ਦੀ ਹਾਲਤ ਬਦਲਣ ਲਗ ਪਈ ਤੇ ਛੇਤੀ ਹੀ ਉਸ ਦੀ ਅੱਖ ਲਗ ਗਈ।

ਸ਼ਾਹੀ ਮਹੱਲ 'ਚੋਂ ਨਿਕਲ ਮਲਕ ਜਦੋਂ ਆਪਣੀ ਹਵੇਲੀ ਪੁੱਜਾ ਰਾਤ ਪੂਰੇ ਜੋਬਨ ਤੇ ਸੀ। ਚੌਧਵੀਂ ਦੇ ਚੰਨ ਦੀ ਡੁਲ੍ਹ ਡੁਲ੍ਹ ਪੈਂਦੀ ਚਾਨਣੀ ਧਰਤੀ ਦੀ ਬੁਕਲ ਵਿਚ ਸਮਾ ਨਹੀਂ ਰਹੀ ਸੀ। ਤੇ ਸਭ ਪਾਸੇ ਚਾਨਣ ਹੀ ਚਾਨਣ ਖਿਲਰਿਆ ਪਿਆ ਸੀ। ਸਾਰਾ ਸ਼ਹਿਰ ਸੌਂ ਚੁਕਾ ਸੀ।

ਕਿੰਨੀ ਸੋਹਣੀ ਰਾਤ ਏ ! ਮਲਕ ਨੇ ਸੋਚਿਆ ਤੇ ਫੇਰ ਉਸ ਚਹੁੰ ਪਾਸੀਂ ਨਜ਼ਰ ਦੁੜ੍ਹਾਈ, ਸੀਤਲ ਚਾਨਣੀ ਨੂੰ ਮਾਣਦੀ ਹਰ ਵਸਤ ਨਸ਼ਿਆਈ ਹੋਈ ਸੀ। ਰਾਤ ਰਾਣੀ ਦੀ ਭਿੰਨੀ ਭਿੰਨੀ ਸੁਗੰਧ ਨਾਲ ਸਾਰਾ ਵਾਤਾਵਰਨ ਮਹਿਕ ਰਿਹਾ ਸੀ। ਮਲਕ ਦੇ ਪੈਰ ਜਿਵੇਂ ਕੀਲੇ ਗਏ।

ਰਾਤ ਰਾਣੀ ਦੀ ਸੁਗੰਧ ਉਸ ਨੂੰ ਬਚਪਨ ਤੋਂ ਹੀ ਬੜੀ ਚੰਗੀ ਲੱਗਦੀ ਸੀ। ਉਹਨਾਂ ਦੇ ਗਵਾਂਢ ਸੰਤਾਂ ਦਾ ਡੇਰਾ ਸੀ ਜਿਸ ਦੀ ਛੋਟੀ ਜਿਹੀ ਬਗੀਚੀ ਵਿਚ ਰਾਤ ਰਾਣੀ ਦੇ ਬੇਸ਼ੁਮਾਰ ਬੂਟੇ ਲੱਗੇ ਹੋਏ ਸਨ। ਹਰ ਰੋਜ਼ ਜਦੋਂ ਸੰਧਿਆ ਹੁੰਦੀ ਉਹ ਬਗੀਚੀ ਮਹਿਕ ਉਠਦੀ। ਮਹਿਕ ਦੀਆਂ ਲਪਟਾਂ ਉਠ ਉਠ ਸਾਰਾ ਵਾਤਾਵਰਨ ਮਹਿਕਾ ਦੇਂਦੀਆਂ। ਕਿੰਨੀ ਕਿੰਨੀ ਰਾਤ ਤਕ ਜਾਗਦਾ ਮਲਕ ਉਸ ਮਹਿਕ ਨੂੰ ਮਾਣਦਾ ਰਹਿੰਦਾ। ਉਸ ਨੂੰ ਪਤਾ ਨ ਲਗਦਾ ਕਿ ਕਿਹੜੇ ਵੇਲੇ ਉਹਦੀ ਅੱਖ ਲਗ ਜਾਂਦੀ। ਪਰ ਸਵੇਰੇ ਜਦੋਂ ਉਹ ਉਠਦਾ ਉਹਦਾ ਰੋਮ ਰੋਮ ਸੁਗੰਧੀ ਨਾਲ ਭਰਿਆ ਹੁੰਦਾ।

ਇਕ ਦਿਨ ਸੰਧਿਆ ਦੇ ਘੁਸਮੁਸੇ ਵਿਚ ਉਹ ਉਸ ਬਗੀਚੀ ਵਿਚ ਜਾ ਕੇ ਰਾਤ ਰਾਣੀ ਦੇ ਦੋ ਚਾਰ ਬੂਟੇ ਪੁੱਟ ਲਿਆਇਆ ਸੀ, ਪਰ ਇਹ ਚੋਰੀ ਨਹੀਂ ਸੀ। ਬਾਗ ਦੇ ਮਾਲੀ ਨੇ ਉਸ ਨੂੰ ਵੇਖ ਲਿਆ ਸੀ ਤੇ ਤਾੜਨਾ ਭਰੀ ਅਵਾਜ਼ ਵਿਚ ਰੋਕਿਆ ਵੀ ਸੀ ਪਰ ਅੱਗੇ ਵਧ ਕੇ ਉਸ ਨੂੰ ਕੁੱਝ ਕਹਿਣ ਜਾਂ ਫੜਨ ਦਾ ਹੀਆ ਉਹ ਨਹੀਂ ਸੀ ਕਰ ਸਕਿਆ। ਮਾਲੀ ਦੇ ਸਾਹਵੇਂ ਹੀ ਉਸ ਨੇ ਬੂਟੇ ਪੁੱਟੇ ਸਨ ਤੇ ਉਹਦੇ ਸਾਹਵੇਂ ਹੀ ਲੈ ਕੇ ਖਿਸਕ

ਆਇਆ ਸੀ।

ਤੇ ਫੇਰ ਰਾਤ ਰਾਣੀ ਦਾ ਇਕ ਬੂਟਾ ਉਹਨਾਂ ਦੇ ਵਿਹੜੇ ਵਿਚ ਮਹਿਕਣ ਲਗ ਪਿਆ ਸੀ। ਬਾਕੀ ਦੇ ਬੂਟੇ ਉਸ ਨੂੰ ਬਾਹਰ ਸੁਟਣੇ ਪਏ ਸਨ ਕਿਉਂਕਿ ਵਿਹੜੇ ਵਿਚ ਉਹਨਾਂ ਜੋਗੀ ਕੋਈ ਜਗ੍ਹਾ ਨਹੀਂ ਸੀ। ਨਿੱਕਾ ਜਿਹਾ ਉਹਨਾਂ ਦਾ ਘਰ ਸੀ, ਕੁੱਲ ਦੋ ਤਿੰਨ ਛੋਟੇ ਛੋਟੇ ਕਮਰੇ। ਜਿਹਨਾਂ ਵਿਚ ਇਕ ਕਮਰੇ ਵਿਚ ਭਗਵਾਨ ਰਾਮ ਤੇ ਕ੍ਰਿਸ਼ਨ ਦੀਆਂ ਮੂਰਤੀਆਂ ਪਈਆਂ ਸਨ ਤੇ ਉਹ ਪੂਜਾ ਲਈ ਰਾਖਵਾਂ ਸੀ। ਹਰ ਰੋਜ਼ ਸਵੇਰੇ ਸ਼ਾਮ ਉਹ ਆਪਣੀ ਮਾਤਾ ਦੇ ਨਾਲ ਇਹਨਾਂ ਮੂਰਤੀਆਂ ਦੇ ਸਾਹਵੇਂ ਬੈਠ ਪੂਜਾ-ਪਾਠ ਕਰਦਾ ਹੁੰਦਾ ਸੀ, ਪਰ ਉਹਦਾ ਬਾਪ ਕਦੇ ਇਸ ਕਮਰੇ ਵਿਚ ਨਹੀਂ ਸੀ ਵੜਿਆ, ਨ ਹੀ ਕਦੇ ਉਸ ਨੇ ਉਹਨਾਂ ਨੂੰ ਪੂਜਾ ਪਾਠ ਕਰਦਿਆਂ ਵੇਖਿਆ ਸੀ। ਉਸ ਤੇ ਆਪਣੇ ਬਾਪ ਨੂੰ ਕਦੇ ਹੱਸਦਿਆਂ ਵੀ ਨਹੀਂ ਸੀ ਤਕਿਆ। ਹਰ ਵੇਲੇ ਉਹ ਕਿਸੇ ਡੂੰਘੀ ਸੋਚ ਵਿਚ ਡੁੱਬੇ ਡੁੱਬੇ ਰਹਿੰਦੇ। ਕਿਸੇ ਨਾਲ ਖੁਲ੍ਹਕੇ ਗੱਲ ਨਾ ਕਰਦੇ, ਸਦਾ ਘੁੱਟੇ ਘੁੱਟੇ, ਚੁਪ ਚੁਪ, ਉਦਾਸ ਉਦਾਸ ਰਹਿੰਦੇ ਸਨ। ਉਂਝ ਉਹ ਨਗਰ ਦੇ ਮੁਅੱਜ਼ਜ਼ ਬੰਦਿਆਂ ਵਿਚ ਗਿਣੇ ਜਾਂਦੇ ਸਨ। ਨਵਾਬ ਦੇ ਦਰਬਾਰ ਵਿਚ ਉਹ ਚੰਗੇ ਅਹੁੱਦੇ ਤੇ ਸਨ। ਨਗਰ ਨਿਵਾਸੀ ਉਹਨਾਂ ਦਾ ਬੜਾ ਆਦਰ ਸਤਿਕਾਰ ਕਰਦੇ ਸਨ। ਹਿੰਦੂ ਲੋਕ ਉਹਨਾਂ ਨੂੰ ਆਪਣਾ ਸੱਚਾ ਹਮਦਰਦ ਮੰਨਦੇ ਸਨ। ਸਵੇਰ ਸ਼ਾਮ ਉਹਨਾਂ ਦੇ ਘਰ ਦੀ ਬੈਠਕ ਵਿਚ ਫਰਿਆਦੀਆਂ ਦਾ ਇਕ ਇਕੱਠ ਜਿਹਾ ਜੁੜ ਜਾਂਦਾ ਸੀ। ਦੂਰੋਂ ਦੂਰੋਂ ਹਿੰਦੂ ਲੋਕ ਆਪਣੇ ਦੁਖ ਰੋਣ ਉਹਨਾਂ ਪਾਸ ਆਉਂਦੇ ਹਨ।

ਉਹ ਸਭ ਦੀਆਂ ਸ਼ਕਾਇਤਾਂ ਬੜੇ ਧਿਆਨ ਨਾਲ ਸੁਣਦੇ। ਉਹਨਾਂ ਨੂੰ ਧੀਰਜ-ਦਿਲਾਸਾ ਦੇਂਦੇ। ਆਪਣੇ ਵਲੋਂ ਹਰ ਸੰਭਵ ਸਹਾਇਤਾ ਕਰਨ ਦਾ ਵਚਨ ਦੇਂਦੇ। ਤੇ ਇਉਂ ਨਿਰਾਸ ਤੇ ਉਦਾਸ ਚਿਹਰੇ ਲਈ ਉਹਨਾਂ ਕੋਲ ਆਏ ਵਿਅਕਤੀ ਇਕ ਆਸ ਨਾਲ ਮੁਸਕਾਂਦੇ ਵਾਪਸ ਜਾਂਦੇ। ਪਰ ਜਦੋਂ ਉਹ ਚਲੇ ਜਾਂਦੇ, ਕਿੰਨੀ ਕਿੰਨੀ ਦੇਰ ਇਕੱਲ ਵਿਚ ਬੈਠੇ ਉਹ ਹੰਝੂ ਕੇਰਦੇ ਰਹਿੰਦੇ।

ਉਸ ਨੇ ਆਪਣੀ ਮਾਤਾ ਕੋਲੋਂ ਸੁਣਿਆ ਸੀ ਕਿ ਉਹ ਇਹਨਾਂ ਮੁਸਲਮਾਨ-ਹਾਕਮਾਂ ਦੀ ਨੌਕਰੀ ਕਰਨਾ ਪਸੰਦ ਨਹੀਂ ਕਰਦੇ। ਉਹ

ਕਹਿੰਦੇ ਹਨ ਜਿੰਨਾ ਗੁਨਾਹ ਜ਼ੁਲਮ ਕਰਨ ਵਿਚ ਏ, ਉਨਾ ਗੁਨਾਹ ਹੀ ਜ਼ੁਲਮ ਜਰਨ ਤੇ ਵੇਖਣ ਵਿਚ ਏ। ਮੁਸਲਮਾਨ ਹਾਕਮ ਨਿਰਦੋਸ਼ ਤੇ ਮਜ਼ਲੂਮ ਹਿੰਦੂਆਂ ਨਾਲ ਕੁੱਤੇ ਦੀ ਬਾਬ ਕਰਦੇ ਹਨ, ਮੈਥੋਂ ਜਰ ਨਹੀਂ ਹੁੰਦੀ। ਪਰ......। ਉਹਨਾਂ ਦਰਬਾਰੋਂ ਨੌਕਰੀ ਛੱਡਣ ਲਈ ਕਈ ਵੇਰ ਹੱਥ ਪੈਰ ਮਾਰੇ ਸਨ ਪਰ ਨਵਾਬ ਉਹਨਾਂ ਦੀ ਲਿਆਕਤ ਦੀ ਏਨੀ ਕਦਰ ਕਰਦਾ ਸੀ ਕਿ ਉਹ ਕਿਸੇ ਹਾਲਤ ਵਿਚ ਉਹਨਾਂ ਨੂੰ ਨੌਕਰੀ ਤੋਂ ਅਲੱਗ ਨਹੀਂ ਸੀ ਹੋਣ ਦੇਂਦਾ।

ਉਹਦੇ ਬਾਪ ਨੇ ਸਾਰੀ ਉਮਰ ਹਾਕਮਾਂ ਦੀ ਨੌਕਰੀ ਕੀਤੀ ਸੀ ਪਰ ਜਿਸ ਕਿਸਮ ਦੀ ਜ਼ਿੰਦਗੀ ਉਹ ਬਸਰ ਕਰਦੇ ਰਹੇ ਉਹ ਸਾਧਾਰਨ ਮਨੁਖ ਦੀ ਜ਼ਿੰਦਗੀ ਨਾਲੋਂ ਚੰਗੀ ਨਹੀਂ ਸੀ। ਸਾਰੀ ਉਮਰ ਉਹਨਾਂ ਨਾ ਚੰਗਾ ਖਾਧਾ ਤੇ ਨ ਸੋਹਣਾ ਹੰਢਾਇਆ। ਉਮਰ ਭਰ ਦੀ ਕਮਾਈ ਨਾਲ ਉਹ ਆਪਣੇ ਘਰ ਵਿਚ ਚੌਥਾ ਕਮਰਾ ਨਹੀਂ ਸਨ ਬਣਾ ਸਕੇ। ਆਪਣੇ ਬਾਪ ਦੀ ਉਦਾਸੀ ਦਾ ਕਾਰਨ ਉਹਨੂੰ ਅਜ ਤਕ ਸਮਝ ਨਹੀਂ ਆਇਆ।

ਪਰ ਆਪਣੇ ਬਾਪ ਦੀ ਮੌਤ ਤੋਂ ਬਾਅਦ ਜਦੋਂ ਉਸ ਆਪਣੇ ਬਾਪ ਦਾ ਅੱਹੁਦਾ ਸੰਭਾਲਿਆ ਤਾਂ ਦਿਨਾਂ ਵਿਚ ਹੀ ਪਾਸਾ ਪਲਟ ਗਿਆ। ਅਕਲ ਤੇ ਸਿਆਣਪ ਉਸ ਨੂੰ ਵਿਰਸੇ ਵਿਚ ਮਿਲੀ ਸੀ ਤੇ ਆਪਣੀ ਹੁਸ਼ਿਆਰੀ ਤੇ ਚਾਲਾਕੀ ਨਾਲ ਉਹ ਦਿਨਾਂ ਵਿਚ ਨਵਾਬ ਦੀਆਂ ਨਜ਼ਰਾਂ ਵਿਚ ਚੜ੍ਹ ਗਿਆ। ਨਵਾਬ ਦਾ ਵਿਸ਼ਵਾਸ ਜਿਤਣ ਲਈ ਉਸ ਕੀ ਨਹੀਂ ਕੀਤਾ ? ਉਹਦੀ ਖੁਸ਼ੀ ਲਈ ਉਸ ਕੀ ਨਹੀਂ ਲੁਟਾਇਆ ?

ਨਵਾਬ ਦਾ ਉਸ ਤੇ ਖੁਸ਼ ਹੋਣਾ ਸੀ ਕਿ ਉਸ ਲਈ ਰਹਿਮਤਾਂ ਦੇ ਭੰਡਾਰ ਖੁਲ੍ਹ ਗਏ। ਤਿੰਨ ਕਮਰਿਆਂ ਦੇ ਛੋਟੇ ਜਿਹੇ ਘਰ ਦੀ ਥਾਂ ਇਹ ਹਵੇਲੀ ਬਣ ਗਈ। ਅਣਗਿਣਤ ਨੌਕਰ ਚਾਕਰ ਅੱਗੇ ਪਿੱਛੇ ਫਿਰਨ ਲਗੇ। ਹਰ ਮਾਮਲੇ ਵਿਚ ਉਹਦੀ ਪੁਛ ਗਿੱਛ ਹੋਣ ਲਗੀ। ਤੇ ਫੇਰ ਇਕ ਦਿਨ ਐਸਾ ਵੀ ਆਇਆ ਕਿ ਨਵਾਬ ਨੇ ਉਹਦੇ ਤੇ ਖੁਸ਼ ਹੋ ਉਸ ਨੂੰ ਸਾਰੇ ਇਲਾਕੇ ਦਾ ਮਲਕ ਥਾਪ ਦਿਤਾ। ਇਹ ਮਲਕਪੁਣਾ ਉਸ ਨੂੰ ਕਾਫ਼ੀ ਮਹਿੰਗਾ ਪਿਆ ਸੀ। ਇਕ ਵਾਰ ਤਾਂ ਉਹ ਘਬਰਾ ਗਿਆ। ਬਰਾਦਰੀ ਨੇ ਉਸ ਦੀ ਕਾਲੀ ਕਰਤੂਤ ਕਾਰਨ ਉਸ ਨੂੰ ਛੇਕ ਦਿਤਾ। ਉਸ ਦਾ ਮਾਮਾ, ਜਿਸ ਦੀ ਜਵਾਨ-ਜਹਾਨ ਕੁੜੀ ਨੂੰ ਉਸ ਨਵਾਬ ਦੇ ਇਸ਼ਾਰੇ ਤੇ

ਚੁਕਵਾ ਲਿਆਂਦਾ ਸੀ, ਉਹਦੀ ਜਾਨ ਦਾ ਦੁਸ਼ਮਣ ਬਣ ਗਿਆ ਸੀ। ਉਹਨੇ ਭਰੀ ਬਰਾਦਰੀ ਵਿਚ ਇਹ ਪ੍ਰਣ ਕੀਤਾ ਸੀ ਕਿ ਐਸੇ ਨੀਚ ਭਣੇਵੇਂ ਦੇ ਆਪਣੀ ਹੱਥੀਂ ਡੱਕਰੇ ਕਰ ਦੇਵਾਂਗਾ ਤਾਂ ਜੋ ਭਵਿਖ ਵਿਚ ਐਸਾ ਕੁਕਰਮ ਕਰਨ ਦਾ ਕੋਈ ਹੀਆ ਨ ਕਰ ਸਕੇ। ਘਰ ਵਿਚ ਵੀ ਬੜੀ ਦੁਬਧਾ ਖੜੀ ਹੋ ਗਈ। ਉਹਦੀ ਬੁੱਢੀ ਮਾਂ ਨੇ ਪੁੱਤਰ ਦੇ ਇਸ ਕਾਰੇ ਦੇ ਦੁਖੋਂ ਜ਼ਹਿਰ ਖਾ ਲਈ। ਉਹਦੀ ਵਹੁਟੀ ਨੂੰ ਉਹਦੇ ਮਾਪੇ ਆ ਕੇ ਲੈ ਗਏ। ਐਸੇ ਬੇਗ਼ੈਰਤ ਬੰਦੇ ਦੇ ਘਰ ਉਹ ਆਪਣੀ ਧੀ ਨੂੰ ਨਹੀਂ ਸਨ ਰਖਣਾ ਚਾਹੁੰਦੇ। ਮਲਕ ਘਬਰਾ ਗਿਆ। ਉਹ ਕਰੇ ਤੇ ਕੀ ਕਰੇ? ਆਖ਼ਰ ਇਕ ਦਿਨ ਉਸ ਨਵਾਬ ਨੂੰ ਸਾਰੀ ਹਾਲਤ ਕਹਿ ਸੁਣਾਈ। ਸੁਣ ਕੇ ਨਵਾਬ ਹੱਸਦਾ ਹੋਇਆ ਬੋਲਿਆ: "ਬਸ ਇਤਨੀ ਸੀ ਬਾਤ ਪੇ ਘਬਰਾ ਗਏ? ਹਮਾਰੇ ਜੀਤੇ ਜੀ ਕੋਈ ਕਾਫ਼ਰ ਤੁਮ੍ਹਾਰਾ ਬਾਲ ਬਾਂਕਾ ਨਹੀਂ ਕਰ ਸਕਤਾ।"

ਮਲਕ ਦੀ ਘਬਰਾਹਟ ਦੂਰ ਹੋ ਗਈ। ਉਹਨੂੰ ਹੁਣ ਕਾਹਦਾ ਡਰ ਸੀ? ਮਲਕ ਦੀ ਹਿਫ਼ਾਜ਼ਤ ਲਈ ਉਹਦੇ ਘਰ ਦੇ ਬਾਹਰ ਪਹਿਰੇਦਾਰ ਬਿਠਾ ਦਿਤੇ ਗਏ। ਮਲਕ ਦੀ ਬਿਰਾਦਰੀ ਦੇ ਚੌਧਰੀਆਂ ਨੂੰ ਨਵਾਬ ਦੀ ਇਕ ਘੂਰੀ ਨੇ ਹੀ ਸਿਧਾ ਕਰ ਦਿਤਾ। ਉਹਦੇ ਮਾਮੇ ਨੂੰ ਫੜ ਕੇ ਨਵਾਬ ਨੇ ਉਹ ਮਾਰ ਮਰਵਾਈ ਕਿ ਵਿਚਾਰਾ ਆਪਣੇ ਹੋਸ਼-ਹਵਾਸ ਹੀ ਗੁਆ ਬੈਠਾ ਤੇ ਫੇਰ ਮਲਕ ਵਲ ਨਜ਼ਰ ਭਰ ਕੇ ਵੇਖਣ ਦਾ ਹੀਆ ਵੀ ਕੋਈ ਨਹੀਂ ਕਰ ਸਕਿਆ। ਲੋਕੀਂ ਉਹਦੇ ਤੋਂ ਥਰ ਥਰ ਕੰਬਣ ਲਗੇ। ਸ਼ਾਹੀ ਦਰਬਾਰ ਵਿਚ ਉਸ ਨੂੰ ਹੋਰ ਖਿੱਲਤਾਂ ਦਿਤੀਆਂ ਗਈਆਂ।

ਮਲਕ ਭਾਗ ਮਲ ਨੂੰ ਆਪਣੀਆਂ ਪ੍ਰਾਪਤੀਆਂ ਤੇ ਬੜਾ ਮਾਣ ਸੀ। ਇਕ ਮਾਮੂਲੀ ਜਿਹੇ ਹਿੰਦੂ-ਦਰਬਾਰੀ ਦੇ ਪੁਤਰ ਦਾ ਇਲਾਕੇ ਦਾ ਮਲਕ ਥਾਪਿਆ ਜਾਣਾ ਕੋਈ ਸਾਧਾਰਣ ਗੱਲ ਨਹੀਂ ਸੀ। ਤੇ ਉਸ ਤੋਂ ਬਾਅਦ ਉਸ ਨੂੰ ਕਿਸੇ ਚੀਜ਼ ਦੀ ਪਰਵਾਹ ਹੀ ਨਹੀਂ ਰਹੀ। ਧਨ, ਦੌਲਤ, ਮਾਣ ਇੱਜ਼ਤ ਸਭ ਕੁਝ ਆਪਣੇ ਆਪ ਵਧਣ ਲਗ ਪਿਆ। ਇਹ ਹਵੇਲੀ ਤੇ ਇਹਦੇ ਨਾਲ ਲੱਗਦੀ ਜਗੀਰ ਉਹਦੀ ਇਕ ਸਾਲ ਦੀ ਕਮਾਈ ਦਾ ਫਲ ਸਨ।

ਮਲਕ ਨੇ ਇਕ ਨਜ਼ਰ ਭਰ ਸਾਹਮਣੇ ਆਪਣੀ ਮਹੱਲ ਵਰਗੀ

ਹਵੇਲੀ ਵਲ ਤਕਿਆ। ਚਿੱਟੇ ਦੁਧ ਚਾਨਣ ਵਿਚ ਨ੍ਹਾਤੀ ਹਵੇਲੀ ਦਾ ਰੂਪ ਹੋਰ ਨਿਖਰ ਆਇਆ ਸੀ। ਮਲਕ ਨੂੰ ਇਕ ਨਸ਼ਾ ਜਿਹਾ ਆ ਗਿਆ।

ਅਚਾਨਕ ਕਿਸੇ ਖਿਆਲ ਦੇ ਆ ਜਾਣ ਨਾਲ ਉਹਦਾ ਮਨ ਖਿੜ ਗਿਆ : ਜੇ ਸ਼ਾਹਜ਼ਾਦਾ ਠੀਕ ਹੋ ਗਿਆ ਤਾਂ ਨਵਾਬ ਜ਼ਰੂਰ ਉਸ ਨੂੰ ਬਹੁਤ ਸਾਰਾ ਇਨਾਮ ਦੇਵੇਗਾ। 'ਇਨਾਮ ਵਿਚ ਮੈਂ......ਮੈਂ ਪੁਰਾਣਾ ਸ਼ਾਹੀ ਮਹੱਲ ਮੰਗ ਲਵਾਂਗਾ। ਜਦੋਂ ਦਾ ਨਵਾਬ ਨਵੇਂ ਮਹੱਲ ਵਿਚ ਆਇਆ ਏ, ਉਹ ਖਾਲੀ ਹੀ ਪਿਆ ਏ, ਨਵਾਬ ਕਦੇ ਨਾਂਹ ਨਹੀਂ ਕਰਨ ਲਗਾ।' ਤੇ ਖੁਸ਼ੀ ਨਾਲ ਮਲਕ ਦਾ ਮਨ ਝੂਮ ਉਠਿਆ।

ਤੇਜ਼ ਤੇਜ਼ ਕਦਮ ਪੁੱਟਦਾ ਉਹ ਡਿਊਢੀ ਦੇ ਦਰਵਾਜ਼ੇ ਵਲ ਵਧਿਆ। ਬਾਹਰਲੇ ਦੁਆਰ ਤੋਂ ਲੈ ਡਿਉਢੀ ਦੇ ਦਰਵਾਜ਼ੇ ਤਕ ਆਉਂਦੇ ਰਾਹ ਦੇ ਦੋਹੀਂ ਪਾਸੀਂ ਲਗੀ 'ਰਾਤ ਰਾਣੀ' ਦੀ ਸੁਗੰਧ ਹੁਣ ਮਰ ਚੁਕੀ ਸੀ। ਉਹਦੇ ਖ਼ਿਆਲਾਂ ਵਿਚ ਸ਼ਾਹੀ ਮਹੱਲ ਸਮਾ ਚੁਕਾ ਸੀ, ਪੁਰਾਣਾ ਸ਼ਾਹੀ ਮਹੱਲ।

ਡਿਊਢੀ ਦੇ ਦਰਵਾਜ਼ੇ ਕੋਲ ਬੈਠਾ ਪਹਿਰੇਦਾਰ ਊਂਘ ਰਿਹਾ ਸੀ, ਵੇਖ ਮਲਕ ਦੀਆਂ ਭਵਾਂ ਤਣ ਗਈਆਂ : 'ਗਾਫ਼ਲ, ਨਿਮਕ ਹਰਾਮ' ਉਹ ਬੁੜਬੁੜਾਇਆ ਤੇ ਫਿਰ ਰੁਕ ਗਿਆ, ਪਰ ਦੂਜੇ ਹੀ ਪਲ, ਮਲਕੜੇ ਜਿਹੇ ਬੂਹਾ ਖੋਲ੍ਹ ਉਹ ਅੰਦਰ ਲੰਘ ਗਿਆ।'

ਅਜ ਉਹ ਖੁਸ਼ ਸੀ, ਬਹੁਤ ਖੁਸ਼।

ਡਿਊਢੀ ਲੰਘ ਉਹ ਜ਼ਨਾਨਖ਼ਾਨੇ ਵਲ ਵਧਿਆ। ਪਰ ਕੁੱਝ ਕਦਮ ਚਲਕੇ ਹੀ ਉਹ ਰੁਕ ਗਿਆ। 'ਆਜ ਹਮ ਪੀਏਂਗੇ। ਆਜ ਹਮ ਖੁਸ਼ੀ ਕੇ ਜਾਮ ਪੀਏਂਗੇ।' ਮਨ ਹੀ ਮਨ ਵਿਚ ਕਹਿ ਮਲਕ ਦੀਵਾਨਖ਼ਾਨੇ ਵਲ ਮੁੜ ਪਿਆ।

ਮਲਕ ਨੂੰ ਸ਼ਰਾਬ ਦੀਵਾਨਖ਼ਾਨੇ ਵਿਚ ਬੈਠ ਕੇ ਹੀ ਪੀਣੀ ਪੈਂਦੀ ਹੈ। ਆਪਣੀ ਪਤਨੀ ਦੇ ਸਾਹਵੇਂ ਸ਼ਰਾਬ ਪੀਣ ਦੀ ਗੁਸਤਾਖੀ ਉਹ ਨਹੀਂ ਕਰ ਸਕਦਾ। ਉਹ ਨਰਾਜ਼ ਹੋ ਜਾਂਦੀ ਏ, ਤੇ ਉਹਦੀ ਨਰਾਜ਼ਗੀ ਮਲਕ ਤੋਂ ਬਰਦਾਸ਼ਤ ਨਹੀਂ ਹੁੰਦੀ।

"ਕਿੰਨੀ ਪਿਆਰੀ ਔਰਤ ਏ! ਪਰ ਪਤਾ ਨਹੀਂ ਉਹਨੂੰ ਸ਼ਰਾਬ ਨਾਲ ਨਫ਼ਰਤ ਕਿਉਂ ਏ? ਸ਼ਰਾਬ ਵੇਖ ਕੇ ਤੇ ਉਸ ਨੂੰ ਜਿਵੇਂ ਅੱਗ ਲਗ ਜਾਂਦੀ ਏ। ਝੱਟ ਤੜਪਕੇ ਬੋਲਦੀ : "ਮੇਰੇ ਹੁੰਦਿਆਂ ਤੁਹਾਨੂੰ ਸ਼ਰਾਬ ਦੀ ਲੋੜ ਮਹਿਸੂਸ ਹੁੰਦੀ ਏ?" ਜ਼ਾਲਮ, ਦੀ ਇਸ ਗੱਲ ਦਾ ਕੋਈ ਕੀ ਜਵਾਬ ਦਏ! ਜਾਮ ਭਰਕੇ ਮੂੰਹ ਨੂੰ ਲਾਣ ਤੋਂ ਪਹਿਲਾਂ ਮਲਕ ਨੇ ਸੋਚਿਆ ਤੇ ਫੇਰ ਇਕ ਘੁੱਟ ਵਿਚ ਪਿਆਲਾ ਖ਼ਾਲੀ ਕਰ ਸਾਹਮਣੇ ਤਿਪਾਈ ਤੇ ਰਖ ਫੇਰ ਜਾਮ ਭਰ। ਹੋਠਾਂ ਨੂੰ ਲਾਇਆ ਪਰ ਪੀਤਾ ਨਹੀਂ, ਤੇ ਫੇਰ ਹੇਠਾਂ ਰਖ ਦਿਤਾ। 'ਜ਼ਾਲਮ ਕਬੀ ਅਪਨੇ ਹਾਥੋਂ ਸੇ ਜਾਮ ਦਏ ਤੋਂ ਕੈਸਾ ਨਸ਼ਾ ਹੋ! ਦੂਹਰਾ ਨਸ਼ਾ, ਇਕ ਸ਼ਰਾਬ ਕਾ ਨਸ਼ਾ ਔਰ ਦੂਸਰਾ ਉਸਕੀ ਮਤਵਾਲੀ ਆਖੋਂ ਕਾ।

ਆਜ ਹਮ ਉਸੀ ਕੇ ਹਾਥ ਸੇ ਸ਼ਰਾਬ ਪੀਏਂਗੇ।' ਸੋਚ ਮਲਕ ਉਠ ਖਲੋਤਾ। ਅਲਮਾਰੀ 'ਚੋਂ ਈਰਾਨੀ ਸ਼ਰਾਬ ਦੀ ਬੋਤਲ ਲੈ ਜ਼ਨਾਨਖ਼ਾਨੇ ਵਲ ਟੁਰ ਪਿਆ। ਇਸ ਵੇਲੇ ਉਹ ਦਰਬਾਰੀ-ਰੰਗ ਵਿਚ ਆ ਚੁਕਾ ਸੀ।

ਉਸ ਦੀ ਪਤਨੀ ਦੇ ਕਮਰੇ ਵਿਚ ਰੌਸ਼ਨੀ ਅਜੇ ਜਲ ਰਹੀ ਸੀ। ਸ਼ਾਇਦ ਉਹ ਅਜੇ ਜਾਗ ਰਹੀ ਹੋਵੇ? ਇਸ ਖਿਆਲ ਨੇ ਉਸ ਦੇ ਮਨ ਨੂੰ ਪੋਲੀ ਜਿਹੀ ਚੂੰਢੀ ਭਰ ਲਈ। ਉਹ ਖੁਸ਼ੀ ਨਾਲ ਤ੍ਰੱਬਕ ਪਿਆ।

ਜਨਕ ਸਚਮੁਚ ਅਜੇ ਜਾਗਦੀ ਪਈ ਸੀ। ਬਿਸਤਰੇ ਵਿਚ ਬੈਠੀ ਉਸ ਸਮੇਂ ਉਹ ਕੋਈ ਗ੍ਰੰਥ ਪੜ੍ਹ ਰਹੀ ਸੀ। ਜਦੋਂ ਮਲਕ ਨੇ ਦਰਵਾਜ਼ੇ ਵਿਚ ਖਲੋ ਕੇ ਆਖਿਆ: "ਗੁਲਾਮ ਹਾਜ਼ਰ ਹੋ ਸਕਦਾ ਏ।"

ਦਰਵਾਜ਼ੇ ਵਿਚ ਖੜੇ ਆਪਣੇ ਪਤੀ ਨੂੰ ਵੇਖ ਜਨਕ ਦਾ ਚਿਹਰਾ ਕੰਵਲ ਫੁਲ ਵਾਂਗ ਖਿੜ ਗਿਆ: "ਤੁਸੀਂ ਆ ਗਏ।" ਕਹਿੰਦਿਆਂ ਉਹ ਬਿਸਤਰੇ 'ਚੋਂ ਨਿਕਲ ਮਲਕ ਵਲ ਲਪਕੀ।

"ਸਾਰਾ ਦਿਨ ਅਜ ਕਾਂ ਬਨੇਰੇ ਬੈਠਾ ਕਾਂ...ਕਾਂ ਕਰਦਾ ਰਿਹਾ ਸੀ, ਮੈਂ ਕਿਹਾ ਅਜ ਜ਼ਰੂਰ ਤੁਸੀਂ ਆਉਗੇ।" ਪਤੀ ਨੂੰ ਪੈਰੀਂ ਪੈਣਾ ਕਰ ਆਪਣੇ ਸਿਰ ਦਾ ਪਲੂ ਠੀਕ ਕਰਦਿਆਂ ਜਨਕ ਨੇ ਆਖਿਆ।

"ਤਾਂ ਇੰਤਜ਼ਾਰ ਹੋ ਰਹੀ ਸੀ, ਮੈਂ ਆਖਿਆ ਅਜ ਅਧੀ ਰਾਤ ਵੇਲੇ... ਤੇ ਮਲਕ ਨੇ ਗੱਲ ਅਧੂਰੀ ਹੀ ਛਡ ਦਿਤੀ ਤੇ ਉਹਦੀਆਂ ਨਜ਼ਰਾਂ ਜਨਕ ਦੇ ਚਿਹਰੇ ਤੇ ਹੀ ਜੰਮ ਗਈਆਂ ਸਨ।

ਜਨਕ ਸ਼ਰਮਾ ਗਈ ਸੀ, ਉਹਦੀਆਂ ਨਜ਼ਰਾਂ ਝੁਕ ਗਈਆਂ। ਹਯਾ ਨਾਲ ਉਹਦੀਆਂ ਸੰਧੂਰੀ ਗੱਲ੍ਹਾਂ ਹੋਰ ਲਾਲ ਹੋ ਗਈਆਂ ਸਨ।

'ਏਧਰ ਦੇਖ ਮੇਰੇ ਵਲ।' ਉਸ ਦੀ ਠੋਡੀ ਨੂੰ ਫੜ, ਉਸ ਦੀ ਝੁਕੀ ਨਿਗਾਹ ਨੂੰ ਉਪਰ ਕਰਨ ਦਾ ਯਤਨ ਕਰਦਿਆਂ ਮਲਕ ਨੇ ਆਖਿਆ।

"ਹਟੋ ਪਰਾਂ।" ਇਕ ਮਸਤ-ਨਜ਼ਰ ਮਲਕ ਦੀਆਂ ਅੱਖਾਂ ਵਿਚ ਝਾਕ ਜਨਕ ਨੇ ਫੇਰ ਨਿਗਾਹ ਝੁਕਾ ਲਈ।

"ਦੇਖ ਨਾ।"

ਊ...ਹੂੰ। ਜਨਕ ਨੇ ਅੱਖਾਂ ਮੀਟ ਸਿਰ ਫੇਰਿਆ।

"ਸਿਰਫ਼ ਇਕ ਵੇਰ।" ਮਲਕ ਨੇ ਜਿਵੇਂ ਤਰਲਾ ਕੀਤਾ।

ਪਰ ਜਨਕ ਦੀ ਨਿਗਾਹ ਉਪਰ ਨਹੀਂ ਉਠੀ।

ਮਲਕ ਨੇ ਬਾਂਹ ਵਧਾ ਉਸਨੂੰ ਆਪਣੇ ਵਲ ਖਿਚ ਲਿਆ ਤੇ ਫਿਰ ਉਹਦੀਆਂ ਬੰਦ-ਪਲਕਾਂ ਨੂੰ ਚੁੰਮਦਾ ਬੋਲਿਆ : 'ਜਾਨ'! ਨਾਜ਼ਕ ਵੇਲ ਵਾਂਗ ਜਨਕ ਮਲਕ ਨਾਲ ਚਿੰਮੜ ਗਈ।ਪਰ ਦੂਜੇ ਹੀ ਪਲ ਤ੍ਰਬਕਕੇ ਪਰ੍ਹਾਂ ਹਟ ਗਈ।

ਮਲਕ ਨੇ ਸਵਾਲੀਆਂ ਨਜ਼ਰਾਂ ਨਾਲ ਉਸ ਵਲ ਵੇਖਿਆ ।

"ਤੁਸੀਂ ਅਜ ਫੇਰ ਪੀ ਕੇ ਆਏ ਹੋ ?"

ਮਲਕ ਮੁਸਕਰਾ ਪਿਆ। "ਹਾਂ ਜਾਨ, ਆਜ ਹਮ ਨੇ ਫਿਰ ਪੀ ਹੈ। ਜ਼ਾਲਮ, ਤੁਮਾਰੀ ਤਰਹ ਯੇਹ ਭੀ ਮੁੱਝ ਸੇ ਛੂਟਤੀ ਨਹੀਂ ।" ਤੇ ਲੜਖੜਾਂਦਾ ਮਲਕ ਪਲੰਘ ਤੇ ਜਾ ਪਿਆ ।

ਜਨਕ ਕੁੱਝ ਨਹੀਂ ਬੋਲੀ। ਚੁਪ ਚਾਪ ਪਲੰਘ ਕੋਲ ਬੈਠ ਮਲਕ ਦੇ ਪੈਰਾਂ 'ਚੋਂ ਜੁਤੀ ਲਾਹੁਣ ਲਗ ਪਈ।

"ਤੁਮ ਬਹੁਤ ਹੱਛੀ ਹੋ ਜਾਨ, ਹਮ ਤੁਮ ਪਰ ਬਹੁਤ ਖੁਸ਼ ਹੈਂ ।" ਬਿਸਤਰੇ ਤੇ ਹੱਥ ਮਾਰਦਿਆਂ ਮਲਕ ਬੋਲਿਆ ।

ਜਨਕ ਅਜੇ ਵੀ ਚੁਪ ਸੀ।

"ਤੁਮ ਖਫ਼ਾ ਹੋ ਗਈ ਜਾਨ।" ਦੇਖੋ ਐਸੇ ਖੁਸ਼ੀ ਕੇ ਮੌਕੇ ਪਰ ਨਰਾਜ਼ਗੀ ਹੱਛੀ ਨਹੀਂ ਹੋਤੀ।" ਲੋਰ ਵਿਚ ਝੂਮਦਿਆਂ ਮਲਕ ਨੇ ਆਖਿਆ : "ਆਜ ਤੁਮੇ ਖਫ਼ਾ ਨਹੀਂ ਹੋਨਾ ਚਾਹੀਏ, ਆਜ ਹਮ ਬਹੁਤ ਖੁਸ਼ ਹੈਂ ਔਰ ਖੁਸ਼ੀ ਮੇਂ ਖ਼ਤਾ ਹੋ ਹੀ ਜਾਤੀ ਹੈ।"

ਪਲ ਦੀ ਪਲ ਜਨਕ ਸੋਚੀਂ ਪੈ ਗਈ। ਐਡੀ ਖੁਸ਼ੀ ਵਾਲੀ ਕਿਹੜੀ ਗੱਲ ਹੋ ਸਕਦੀ ਏ। ਕੀ ਕੋਈ ਦੱਬਿਆ ਖਜ਼ਾਨਾ ਲੱਭਿਆ ਨੇ। ਜਾਂ ਬਹੁਤ ਵਡਾ ਇਨਾਮ ਮਿਲਿਆ ਨੇ ਦਰਬਾਰੋਂ ਜਾਂ......ਜਨਕ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

"ਆਜ ਹਮਾਰੀ ਖੁਸ਼ੀ ਮੇਂ ਤੁਮੇਂ ਭੀ ਸ਼ਰੀਕ ਹੋਨਾ ਹੋਗਾ। ਆਜ ਹਮ ਤੁਮੇਂ ਵੀ ਪਿਲਾਏਂਗੇ। ਪੀਓਗੀ ਨਾ ਜਾਨ।' ਜਨਕ ਨੂੰ ਬਾਹੋਂ ਫੜ ਆਪਣੇ ਵਲ ਖਿਚਦਿਆਂ ਮਲਕ ਦਰਬਾਰੀ ਲਹਿਜੇ ਵਿਚ ਬੋਲਿਆ।

ਜਨਕ ਆਪਣੀ ਜਗ੍ਹਾ ਤੋਂ ਹਿੱਲੀ ਨਹੀਂ।

ਇਧਰ ਆਉ।

ਊਂ...ਹੂੰ। ਪਹਿਲੇ ਦੱਸੋ ਗੱਲ ਕੀ ਏ ?

'ਤੁਮ ਇਧਰ ਆਉ ਨ ।'

"ਸ਼ਹਿਜ਼ਾਦੇ ਦਾ ਕੀ ਹਾਲ ਹੈ, ਠੀਕ ਏ ਕੁੱਝ। ਜਨਕ ਨੇ ਗੱਲ ਦਾ ਰੁਖ ਮੋੜਣ ਦਾ ਯਤਨ ਕੀਤਾ।

"ਨਹੀਂ ਹੂਆ ਤੋ ਹੋ ਜਾਏਗਾ। ਪਰ ਹਮ ਨੇ ਉਸ ਸੇ ਕਿਆ ਲੇਨਾ ਦੇਨਾ ਹੈ।" ਮਲਕ ਨੇ ਬੇਪ੍ਰਵਾਹੀ ਨਾਲ ਜਵਾਬ ਦਿਤਾ।

ਫੇਰ ਇਹ ਖੁਸ਼ੀ.........

"ਹਾਂ...ਹਾਂ...ਸਭ ਬਤਾਊਂਗਾ। ਪਰ ਪਹਿਲੇ ਤੁਮ ਹਮਾਰੀ ਏਕ ਬਾਤ ਮਾਨੋ...ਮਾਨੋਗੀ ਨਾ ?" ਜਨਕ ਦੀ ਗੱਲ ਨੂੰ ਵਿਚੋਂ ਹੀ ਟੋਕਦਿਆਂ ਮਲਕ ਬੜੀ ਅਧੀਨਗੀ ਨਾਲ ਬੋਲਿਆ।

"ਪਹਿਲੇ ਦਸੋ।"

"ਨਹੀਂ ਪਹਿਲੇ ਵਾਅਦਾ ਕਰੋ।" ਮਾਨੋਗੀ ਨਾ, ਮਲਕ ਨੇ ਉਹਦਾ ਹੱਥ ਆਪਣੇ ਹੱਥਾਂ ਵਿਚ ਲੈ ਘੁਟਦਿਆਂ ਆਖਿਆ।

"ਊਂ ਹੂੰ, ਪਹਿਲੇ ਦਸੋ।"

"ਪਹਿਲੇ ਵਾਅਦਾ।"

"ਫੇਰ ਦਸੋਗੇ ?"

"ਜ਼ਰੂਰ।"

"ਦਸੋ ਫਿਰ।"

"ਮਾਨੋਂਗੀ ?"

"ਵਹਿਦਾ ਜੋ ਕੀਤਾ ਏ ਮੰਨਾਂਗੀ ਕਿਵੇਂ ਨਾ ?" ਸ਼ਰਾਰਤ ਭਰੀ ਨਜ਼ਰ ਨਾਲ ਮਲਕ ਵਲ ਤਕਦਿਆਂ ਜਨਕ ਬੋਲੀ।

ਮਲਕ ਕੁਝ ਦੇਰ ਚੁਪ ਚਾਪ ਜਨਕ ਦੇ ਚਿਹਰੇ ਵਲ ਤੱਕਦਾ ਰਿਹਾ ਤੇ ਫੇਰ ਉਹਦੇ ਮੋਢੇ ਤੇ ਹਥ ਰਖਦਿਆਂ ਬੋਲਿਆ : "ਜਾਨ ਆਜ ਤੁਮ ਹਮੇਂ ਅਪਨੇ ਹਾਥੋਂ ਸੇ ਜਾਮ ਦੋ ਤੋ..."

"ਹੈਂ !" ਹੈਰਾਨੀ ਨਾਲ ਜਨਕ ਦਾ ਮੂੰਹ ਅੱਡਿਆ ਗਿਆ। ਇਸ ਗੱਲ ਦਾ ਤੇ ਉਸ ਨੂੰ ਚਿਤ ਚੇਤਾ ਵੀ ਨਹੀਂ ਸੀ।

"ਦੇਖੋ ਇਨਕਾਰ ਨਹੀਂ ਕਰਨਾ, ਤੁਮ ਵਾਅਦਾ ਕਰ ਚੁਕੀ ਹੋ।" ਮਲਕ ਆਪਣੀ ਜਿਤ ਦੀ ਖੁਸ਼ੀ ਵਿਚ ਮੁਸਕਰਾ ਰਿਹਾ ਸੀ।

ਹੁਣ ਕੋਈ ਚਾਰਾ ਨਹੀਂ ਸੀ।

ਮਲਕ ਨੇ ਆਪਣੇ ਜਾਮੇ ਹੇਠੋਂ ਸ਼ਰਾਬ ਦੀ ਬੋਤਲ ਕੱਢ ਜਨਕ ਵਲ

ਵਧਾਂਦਿਆਂ ਆਖਿਆ ; "ਅਬ ਤੋ ਜਾਮ ਦੇਨਾ ਹੀ ਹੋਗਾ।"

ਜਨਕ ਨੇ ਨੱਕ ਮੂੰਹ ਵਟਦਿਆਂ ਬੋਤਲ ਫੜ ਲਈ। ਜਾਮ ਭਰ ਚੁਪ ਚਾਪ ਮਲਕ ਵਲ ਵਧਾ ਦਿਤਾ। ਉਸ ਵਲ ਵੇਖਿਆ ਤਕ ਵੀ ਨਾ। ਪਰ ਮਲਕ ਨੇ ਬੜੀ ਅਦਾ ਨਾਲ ਜਾਮ ਕਬੂਲ ਪਿਆਲਾ ਮੂੰਹ ਨੂੰ ਲਾਇਆ ਤੇ ਇਕੋ ਘੁੱਟ ਵਿਚ ਖ਼ਾਲੀ ਕਰ ਜਨਕ ਵਲ ਵਧਾਂਦਿਆਂ ਬੋਲਿਆ : "ਏਕ ਔਰ ਜਾਨ।"

ਜਨਕ ਨੇ ਇਕ ਜਾਮ ਹੋਰ ਭਰ ਦਿਤਾ। ਮਲਕ ਉਹ ਵੀ ਗਟਾਗਟ ਪੀ ਗਿਆ ਤੇ ਫੇਰ ਪਿਆਲਾ ਉਸ ਵਲ ਵਧਾਂਦਾ ਹੋਇਆ ਬੋਲਿਆ : "ਏਕ ਔਰ।"

ਜਨਕ ਅਡੋਲ ਖੜੀ ਰਹੀ।

"ਦੋ ਨਾ ਜ਼ਾਨ, ਤੁਮ ਬਹੁਤ ਹੱਛੀ ਹੋ । ਏਕ ਜਾਮ...ਸਿਰਫ਼...ਏਕ ਜਾਮ ਔਰ। ਵਾਅਦਾ ਕਰਤਾ ਹੂੰ ਫਿਰ ਔਰ ਨਹੀਂ ਮਾਂਗਤਾ।"

"ਪੱਕੀ ਬਾਤ" ਕਹਿ ਜਨਕ ਨੇ ਇਕ ਹੋਰ ਜਾਮ ਭਰ ਦਿਤਾ।

"ਯੇਹ ਜਾਮ ਤੁਮ੍ਹਾਰੇ ਨਾਮ" ਭਰਿਆ ਪਿਆਲਾ ਜਨਕ ਦੇ ਸਾਹਮਣੇ ਕਰ, ਮਲਕ ਨੇ ਆਖਿਆ ਤੇ ਫੇਰ ਇਕੋ ਡੀਕ ਨਾਲ ਪਿਆਲਾ ਖਾਲੀ ਕਰ ਕੇ ਵਗਾਹ ਮਾਰਿਆ।

"ਤੁਮ ਬਹੁਤ ਹੱਛੀ ਹੋ, ਜਾਨ, ਤੁਮ ਬਹੁਤ ਹੁਸੀ . , ਕਹਿੰਦਾ ਕਹਿੰਦਾ ਮਲਕ ਰੁਕ ਗਿਆ। ਉਸ ਨੂੰ ਇੰਝ ਲਗਾ ਜਿਵੇਂ ਕੋਈ ਨਵੀਂ ਸ਼ਕਤੀ ਉਹਦੇ ਜਿਸਮ ਵਿਚ ਪ੍ਰਵੇਸ਼ ਕਰ ਰਹੀ ਸੀ। ਉਹਦੇ ਸਿਰ ਨੂੰ ਚੱਕਰ ਚੜ੍ਹ ਰਹੇ ਸਨ। ਅੱਖਾਂ ਅੱਗੇ ਇਕ ਧੁੰਦ ਜਿਹੀ ਛਾ ਰਹੀ ਸੀ। ਉਸ ਅੱਖਾਂ ਮੀਟ ਲਈਆਂ। ਚੱਕਰ ਆਉਣੇ ਹੋਰ ਤੇਜ਼ ਹੋ ਗਏ । ਉਸ ਨੂੰ ਜਾਪਦਾ ਸੀ ਕਿ ਸਾਰਾ ਆਲਮ ਹੀ ਇਸ ਚੱਕਰ ਵਿਚ ਘੁੰਮ ਰਿਹਾ ਹੈ।

ਹੁਣ ਉਹ ਪੂਰੇ ਨਸ਼ੇ ਵਿਚ ਸੀ। ਜਿਉਂ ਜਿਉਂ ਨਸ਼ਾ ਵਧਦਾ ਗਿਆ ਸੀ ਤਿਉਂ ਤਿਉਂ ਉਹਦੇ ਹਾਵ-ਭਾਵ ਬਦਲਦੇ ਗਏ ਸਨ। ਉਹਦੇ ਬੋਲ ਚਾਲ ਵਿਚ ਦਰਬਾਰੀ-ਰੰਗ ਗੂਹੜਾ ਹੁੰਦਾ ਗਿਆ ਸੀ । ਇਸ ਵੇਲੇ ਉਹ ਗੋਲ ਤਕੀਏ ਦੀ ਢਾਸਣਾ ਲਾਈ ਨਵਾਬ ਵਾਂਗ ਬੈਠਾ ਹੋਇਆ ਝੂਮ ਰਿਹਾ ਸੀ। ਥੋੜ੍ਹੀ ਥੋੜ੍ਹੀ ਦੇਰ ਬਾਅਦ ਉਹ ਬੁੜਬੁੜਾਣ ਲਗ ਪੈਂਦਾ "ਤੁਮ ਬਹੁਤ ਹੱਛੀ ਹੋ ਜਾਨ। ਬਹੁਤ ਹੱਛੀ।"

ਅਚਾਨਕ ਉਹਦੇ ਮਨ ਵਿਚ ਪਤਾ ਨਹੀਂ ਕੀ ਆਈ, ਉਸ ਨਜ਼ਰ ਉਪਰ ਉਠਾ, ਚਾਰੇ ਪਾਸੇ ਬੜੀ ਘੋਖਵੀਂ ਨਜ਼ਰੇ ਤਕਿਆ ਤੇ ਫੇਰ ਬੁੜਬੁੜਾਣ ਲਗ ਪਿਆ : "ਕੋਈ ਨਹੀਂ । ਸਭ ਮਰ ਗਏ । ਜਾਨ...ਜਾਨ......ਜਾਨ ਤੇ ਉਹ ਉਚੀ ਉਚੀ ਜਨਕ ਨੂੰ ਵਾਜਾਂ ਮਾਰਣ ਲਗ ਪਿਆ ।

ਜਨਕ ਆਪਣੇ ਪੈਰਾਂ ਤੋਂ ਨਹੀਂ ਹਿੱਲੀ । ਉਹ ਹੈਰਾਨ ਜਿਹੀ ਹੋਈ ਬੜੀ ਦਿਲਚਸਪੀ ਨਾਲ ਆਪਣੇ ਪਤੀ-ਦੇਵ ਦੇ ਬਦਲਦੇ ਰੰਗ-ਢੰਗ ਨੂੰ ਵੇਖ ਰਹੀ ਸੀ । ਮਲਕ ਨੇ ਜ਼ਿੰਦਗੀ ਵਿਚ ਪਹਿਲੇ ਕਦੇ ਏਨੀ ਜ਼ਿਆਦਾ ਸ਼ਰਾਬ ਨਹੀਂ ਸੀ ਪੀਤੀ । ਵਧ ਤੋਂ ਵਧ ਇਕ ਜਾਂ ਦੋ ਜਾਮ; ਉਹ ਵੀ ਸਾਥੀ ਦਰਬਾਰੀਆਂ ਨਾਲ ਮਹਿਫ਼ਲ ਵਿਚ ਬੈਠਕੇ ਇਕੱਲਾ ਤੇ ਉਹ ਇਕ ਤੋਂ ਵਧ ਜਾਮ ਪੀ ਹੀ ਨਹੀਂ ਸੀ ਸਕਦਾ । ਪਰ ਅਜ ਉਸ ਕਈ ਜਾਮ ਪੀਤੇ ਸਨ ਤੇ ਉਹ ਵੀ ਮੂੰਹੋਂ-ਮੂੰਹ ਛਲਕਦੇ ਜਾਮ । ਨਸ਼ੇ ਨਾਲ ਉਹਦੀਆਂ ਅੱਖਾਂ ਨਾਲ ਹੋ ਗਈਆਂ ਸਨ । ਜਿਸਮ ਆਕੜ ਗਿਆ ਸੀ । ਗਰੂਰ ਭਰੇ ਚਿਹਰੇ ਨਾਲ ਏਧਰ ਉਧਰ ਝਾਕਦਿਆਂ ਮਲਕ ਫੇਰ ਬੁੜਬੁੜਾਇਆ "ਜਾਨ ਕ...ਹਾਂ...ਹੋ...ਤੁਮ...ਹ...ਮ...ਤੁ...ਮ...ਪਰ...ਬਹੁ...ਹ.. ਤ...ਖੁ ...ਸ਼...ਸ ਹੈ । ਮਾਂਗੋ ਕਿਆ ਚਾਹਤੀ ਹੋ ?" ਉਹਦਾ ਬੋਲ ਕੰਬ ਰਿਹਾ ਸੀ ।

ਜਨਕ ਨੂੰ ਹਾਸਾ ਆ ਗਿਆ ਪਰ ਉਸ ਨੇ ਬੁਲ੍ਹ ਟੁਕ ਹਾਸਾ ਬੁਲ੍ਹਾਂ ਵਿਚ ਹੀ ਘੁਟ ਲਿਆ ।

ਮਾਂ...ਗ...ਲੋ...ਜਾਨ । ਜੋ...ਚਾਹੋ ਮਾਂ...ਗ...ਲੋ...ਹਮ...ਮ ...ਤੁ...ਮਾ...ਗੀ...ਹ...ਰ...ਮੁਰਾ...ਦ...ਪੂਰੀ...ਕ...ਰ...ਨੇ...ਕਾ ਵਾ...ਅ...ਦਾ...ਕ...ਰ ਤੇ ਹੈਂ । ਆਪਣੇ ਗੋਡੇ ਤੇ ਹਥ ਮਾਰਦਿਆਂ ਮਲਕ ਨੇ ਨਵਾਬੀ ਰੋਹ ਭਰੀ ਅਵਾਜ਼ ਵਿਚ ਆਖਿਆ ।

ਇਸ ਵਾਰ ਜਨਕ ਆਪਣੇ ਹਾਸੇ ਤੇ ਕਾਬੂ ਨਹੀਂ ਪਾ ਸਕੀ । ਉਹ ਖਿੜ ਖਿੜਾਕੇ ਹਸ ਪਈ ।

"ਕਿਆ ਹੁਸੀਨ ਲਗਤੀ ਹੋ । ਜਾਨ । ਗੁਲ ਖਿਲੇ ਹੀ ਹੱਛੇ ਲਗਤੇ ਹੈਂ, ਏਕ ਬਾਰ ਫਿਰ ਮੁਸਕਰਾਓ, ਯਹਾਂ ਆ ਕਰ, ਮੇਰੇ ਪਾਸ ਬੈਠੋ । ਹਥ ਦੇ ਇਸ਼ਾਰੇ ਨਾਲ ਜਨਕ ਨੂੰ ਪਾਸ ਬੁਲਾਂਦਿਆਂ ਮਲਕ ਬੜੇ ਅੰਦਾਜ਼ ਨਾਲ ਬੋਲਿਆ ।

ਜਨਕ ਦਾ ਹਾਸਾ ਡੁਲ੍ਹ ਡੁਲ੍ਹ ਪੈ ਰਿਹਾ ਸੀ। ਆਪਣੇ ਦੁਪੱਟੇ ਦੀ ਕੰਨੀ ਨੂੰ ਦੰਦਾਂ ਵਿਚ ਘੁੱਟ ਹਾਸਾ ਰੋਕਣ ਦਾ ਯਤਨ ਕਰਦੀ ਉਹ ਮਲਕ ਦੇ ਕੋਲ ਆ ਕੇ ਬੈਠ ਗਈ। ਮਲਕ ਨੂੰ ਏਸ ਰੰਗ ਵਿਚ ਪਹਿਲੇ ਉਸ ਕਦੇ ਨਹੀਂ ਸੀ ਵੇਖਿਆ। ਉਹਨੂੰ ਬੜਾ ਅਜੀਬ ਅਜੀਬ ਲਗ ਰਿਹਾ ਸੀ।

"ਤੁਮ ਬਹੁਤ ਹਛੀ ਹੋ ਜਾਨ। ਹਮ ਤੁਮ ਪਰ ਬਹੁਤ ਖੁਸ਼ ਹੈਂ! ਮਾਂਗ ਲੋ ਕੁੱਛ।" ਪਿਆਰ ਨਾਲ ਉਹਦੇ ਜਿਸਮ ਨੂੰ ਪਲੋਸਦਿਆਂ ਮਲਕ ਬੋਲਿਆ।

"ਕਿਆ ਮਾਂਗੂ ਹਜ਼ੂਰ? ਆਪਕੀ ਰਹਿਮਤ ਸੇ ਕਿਸੀ ਬਾਤ ਕੀ ਕਮੀ ਨਹੀਂ।" ਜਨਕ ਵੀ ਸ਼ਰਾਰਤ ਤੇ ਤੁਲ ਆਈ ਜਾਪਦੀ ਸੀ।

"ਨਹੀਂ, ਕੁਛ ਤੋ ਮਾਂਗ ਲੋ ਹੁਸੀਨਾ। ਹਮ ਤੁਮੇਂ ਮੂੰਹ ਮਾਂਗੀ ਮੁਰਾਦ ਦੇਂਗੇ। ਇਨਕਾਰ ਕਰਕੇ ਹਮਾਰੀ ਤੌਹੀਨ ਨ ਕਰੋ।"

"ਬਹੁਤ ਹੱਛਾ ਹਜ਼ੂਰ।" ਜਨਕ ਨੇ ਸਿਰ ਝੁਕਾਕੇ ਆਖਿਆ "ਹਰ ਮੁਰਾਦ ਪੂਰੀ ਕਰੋਗੇ?"

"ਆਪ ਕੋ ਹਮਾਰੀ ਤੌਫ਼ੀਕ ਪਰ ਸ਼ੱਕ ਹੈ ਕਿਆ? ਮਲਕ ਗੁੱਸੇ ਵਿਚ ਆ ਗਿਆ।

"ਹਜ਼ੂਰ ਕਾ ਇਕਬਾਲ ਬੁਲੰਦ ਹੋ। ਦਾਸੀ ਨੇ ਐਸੀ ਤੋ ਕੋਈ ਬਾਤ ਨਹੀਂ ਕਹੀ। ਜਨਕ ਨੇ ਸਿਰ ਝੁਕਾ ਬੁਲ੍ਹੀਆਂ ਵਿਚ ਮੁਸਕਰਾਦਿਆਂ ਆਖਿਆ।

"ਤੋ ਫਿਰ ਜੋ ਚਾਹੋ ਮਾਂਗ ਲੋ।"

"ਹਜ਼ੂਰ......" ਜਨਕ ਨੇ ਦੋਵੇਂ ਹਥ ਜੋੜ ਲਏ।

"ਹਾਂ......ਹਾਂ......ਮਾਂਗੋਂ।"

"ਮੁਝੇ ਏਕ ਲਾਲ ਦੇ ਦੋ। ਮੇਰੀ ਸਖਣੀ ਝੋਲੀ ਭਰ ਦੋ।"

ਸੁਣਦਿਆਂ ਸਾਰ ਮਲਕ ਤੇ ਸੱਤ੍ਰ ਘੜੇ ਪਾਣੀ ਆ ਪਿਆ। ਉਹਦਾ ਸਾਰਾ ਨਸ਼ਾ ਜਿਵੇਂ ਕਾਫ਼ੂਰ ਹੋ ਗਿਆ। ਇਕ ਠੰਢੀ ਆਹ ਭਰ, ਕਾਲਜੇ ਤੇ ਹਥ ਰਖ ਬੋਲਿਆ, "ਜਨਕ... ਤੁਮ ਨੇ ਮੇਰੇ ਰਿਸਤੇ ਜ਼ਖ਼ਮ ਮੇਂ ਨਸ਼ਤਰ ਮਾਰ ਦੀਆ ਹੈ। ਯਿਹ ਕਿਆ ਮਾਂਗਾ ? ਯਿਹ ਕੋਈ......।"

"ਮੇਰੇ ਜਹੀ ਔਰਤ ਏਸ ਤੋਂ ਵਧ ਹੋਰ **ਕੀ** ਮੰਗ ਸਕਦੀ ਏ, ਸਵਾਮੀ।" ਕਹਿ ਜਨਕ ਉਸ ਦੀਆਂ ਬਾਹਾਂ ਵਿਚ ਸਿਮਟ ਗਈ।

ਅਜ ਜਨਕ ਨੂੰ ਇਕੱਲਿਆਂ ਹੀ ਪੂਜਾ ਲਈ ਜਾਣਾ ਪਿਆ। ਇਹ ਪਹਿਲਾ ਮੌਕਾ ਸੀ ਕਿ ਮਲਕ ਦੇ ਘਰ ਹੁੰਦਿਆਂ ਉਹ ਇਕੱਲੀ ਪੂਜਾ ਕਰਨ ਗਈ ਸੀ। ਹਰ ਰੋਜ਼ ਪਹਿਰ ਰਾਤ ਰਹਿੰਦੀ ਉਹ ਦੋਵੇਂ ਜੀਅ ਉਠ ਖਲੋਂਦੇ। ਇਸ਼ਨਾਨ-ਪਾਣੀ ਤੋਂ ਬਾਅਦ ਵਖੋ ਵਖਰੇ ਆਸਣ ਲਾ ਉਹ ਆਪਣੇ ਨਿਤਨੇਮ ਦਾ ਪਾਠ ਕਰਦੇ ਤੇ ਫੇਰ ਦੋਵੇਂ ਇਕੱਠੇ ਹੀ ਸ਼ਿਵਾਲੇ ਭਗਵਾਨ ਦੀ ਪੂਜਾ ਕਰਨ ਜਾਂਦੇ ਸਨ। ਪੂਜਾ ਦਾ ਥਾਲ ਕਦੇ ਮਲਕ ਦੇ ਹੱਥ ਹੁੰਦਾ ਸੀ, ਕਦੇ ਜਨਕ ਦੇ ਹੱਥ।

ਪਰ ਅਜ ਮਲਕ ਸਵੇਰੇ ਉਠਿਆ ਨਹੀਂ ਤੇ ਜਦੋਂ ਜਨਕ ਨੇ ਉਸ ਨੂੰ ਉਠਾਣਾ ਚਾਹਿਆ ਤਾਂ ਤਬੀਅਤ ਖਰਾਬ ਹੋਣ ਦਾ ਬਹਾਨਾ ਕਰ ਉਸ ਆਪਣਾ ਮੂੰਹ-ਸਿਰ ਵਲ੍ਹੇਟ ਲਿਆ। ਜਨਕ ਨੇ ਵੀ ਬਹੁਤਾ ਜ਼ੋਰ ਨਹੀਂ ਦਿਤਾ। ਉਹ ਆਪਣੀ ਰਾਤ ਦੀ ਭੁੱਲ ਤੇ ਪਛਤਾ ਰਹੀ ਸੀ। "ਮੈਂ ਕਾਹਨੂੰ ਕਹਿਣਾ ਸੀ। ਧੀਆਂ ਪੁੱਤਰ ਕਈ ਬੰਦੇ ਦੇ ਆਪਣੇ ਵਸ ਹੁੰਦੇ ਨੇ? ਜੋ ਕਰਮਾਂ ਵਿਚ ਲਿਖਿਐ, ਉਹੀ ਮਿਲਣਾ ਏ ਨਾ। ਮੈਂ ਐਵੇਂ ਇਹਨਾਂ ਦਾ ਦਿਲ ਦੁਖਾਇਆ। ਪਰ ਮੂੰਹੋਂ ਨਿਕਲੀ ਗੱਲ ਹੁਣ ਵਾਪਸ ਨਹੀਂ ਸੀ ਹੋ ਸਕਦੀ।

ਪਾਠ ਵਿਚ ਉਹਦਾ ਮਨ ਨਹੀਂ ਲੱਗਾ। ਪੂਜਾ ਕਰਨ ਜਾਣ ਦੀ ਤਿਆਰੀ ਕਰਦੀ ਵੀ ਉਹ ਮਲਕ ਦੇ ਉਦਾਸ ਚਿਹਰੇ ਵਲ ਚੋਰ-ਨਜ਼ਰੇ ਝਾਕਦੀ ਰਹੀ ਸੀ। ਤੇ ਫੇਰ ਭੈੜੇ ਜਿਹੇ ਦਿਲ ਨਾਲ ਪੂਜਾ ਦਾ ਥਾਲ ਲਈ ਸ਼ਿਵਾਲੇ ਚਲੀ ਗਈ ਸੀ।

ਜਦੋਂ ਉਹ ਪਰਤ ਕੇ ਆਈ। ਮਲਕ ਉਦੋਂ ਤਕ ਵੀ ਬਿਸਤਰੇ ਵਿਚ ਪਿਆ ਸੀ। ਜਨਕ ਦੀ ਉਦਾਸੀ ਹੋਰ ਗਾਹੜੀ ਹੋ ਗਈ। ਉਹਦੇ ਮਨ ਦਾ ਸੰਤਾਪ ਹੋਰ ਵਧ ਗਿਆ।

''ਤੁਸੀਂ ਅਜੇ ਉੱਠੇ ਨਹੀਂ ।'' ਜਨਕ ਨੇ ਉਹਦੇ ਮੂੰਹ ਤੋਂ ਰਜ਼ਾਈ ਪਰ੍ਹਾਂ ਕਰਦਿਆਂ ਸਹਿਮੀ ਜਿਹੀ ਅਵਾਜ਼ ਵਿਚ ਆਖਿਆ ।

''ਐਵੇਂ ਅਜ ਜੀ ਹੀ ਨਹੀਂ ਕਰਦਾ ਉਠਣ ਨੂੰ ।'' ਮਲਕ ਨੇ ਅੰਗੜਾਈ ਲੈ ਪਾਸਾ ਪਰਤ ਲਿਆ ।

''ਮੈਨੂੰ ਮਾਫ਼ ਕਰ ਦਿਓ ਸਵਾਮੀ, ਮੈਂ......

''ਜਨਕ......''

''ਮੈਨੂੰ ਮਾਫ਼ ਕਰ ਦਿਉ ਨਾ ਸਵਾਮੀ, ਮੈਂ ਤੁਹਾਡਾ ਦਿਲ.....''ਜਨਕ ਦਾ ਗੱਚ ਭਰ ਆਇਆ ਸੀ ।

''ਐਸੀ ਕੋਈ ਗੱਲ ਨਹੀਂ । ਜ਼ਿੰਦਗੀ ਵਿਚ ਜਿਹੜੀ ਘਾਟ ਹੁੰਦੀ ਏ, ਉਹ ਅਣਗੌਲਿਆਂ ਮਿੱਟ ਥੋੜਾ ਜਾਂਦੀ ਏ । ਕਦੇ ਨ ਕਦੇ ਚੀਸ ਬਣ ਹੋਠਾਂ ਰਾਹੀਂ ਨਿਕਲ ਹੀ ਆਉਂਦੀ ਏ । ਤੇਰਾ ਕੀ ਦੋਸ਼ ਏ...?''

''ਪਰ ਮੈਂ.........

''ਜਨਕ ਮੈਂ ਉਸ ਦਿਨ ਨੂੰਉ,ਮਰਾਂ ਦਾ ਸਹਿਕ ਰਿਹਾ ਹਾਂ, ਜਿਸ ਦਿਨ ਮੈਨੂੰ ਵੀ ਕੋਈ......(ਮਲਕ ਦਾ ਗੱਚ ਭਰ ਆਇਆ ਤੇ ਉਸ ਨੇ ਗੱਲ ਅਧੂਰੀ ਹੀ ਛੱਡ ਦਿਤੀ । ਪਰ ਛਤੀ ਹੀ ਉਸ ਆਪਣੇ ਮਨ ਤੇ ਕਾਬੂ ਪਾ ਲਿਆ)...ਤੇ ਆਪਣੀ ਏਸ ਰੀਝ ਦੀ ਪੂਰਤੀ ਲਈ ਮੈਂ ਕੀ ਕੁੱਝ ਨਹੀਂ ਕੀਤਾ ? ਕਿਥੇ ਨਹੀਂ ਗਿਆ ? ਪਰ ਮੇਰੀ ਸਖਣੀ ਝੋਲ ਵਿਚ ਮੁਰਾਦ ਦਾ ਫਲ ਕਿਸੇ ਨਹੀਂ ਪਾਇਆ । ਮਲਕ ਦੀਆਂ ਅੱਖਾਂ ਭਰ ਆਈਆਂ ।

''ਤੁਸੀਂ ਏਨੇ ਉਦਾਸ ਕਿਉਂ ਹੁੰਦੇ ਜੇ । ਕੀ ਪਤਾ ਰੱਬ......। ਉਹਦੇ ਘਰ ਕਿਸੇ ਚੀਜ਼ ਦਾ ਘਾਟਾ ਏ ?'' ਜਨਕ ਨੇ ਮਲਕ ਨੂੰ ਧੀਰਜ ਦੇਂਦਿਆਂ ਆਖਿਆ ।

ਕਿੰਨੀ ਦੇਰ ਮਲਕ ਨੇ ਹੁੰਗਾਰਾ ਨਹੀਂ ਭਰਿਆ । ਤੇ ਫੇਰ ਜਿਵੇਂ ਆਪਣੇ ਆਪ ਨਾਲ ਹੀ ਗੱਲਾਂ ਕਰਨ ਲਗ ਪਿਆ ।

''ਉਹਦੇ ਘਰ ਘਾਟਾ ਤੇ ਕੋਈ ਨਹੀਂ । ਤੇ ਨ ਹੀ ਉਹਦੇ ਰੰਗਾਂ ਦਾ ਕਿਸੇ ਨੂੰ ਪਤਾ ਏ । ਪਰ ਹੁਣ ਤੇ ਆਸ ਹੀ ਮਰ ਚਲੀ ਏ, ਸਾਰੀ ਉਮਰ ਲੰਘ ਗਈ ਏ, ਸਹਿਕਦਿਆਂ ਹੀ । ਸੁਖਾਂ ਸੁਖ, ਮੰਨਤਾਂ ਮੰਨ, ਦਰ ਦਰ ਦੀ ਖ਼ਾਕ ਛਾਣੀ ਏ ਪਰ......ਪਰ ਤੂੰ ਸਚ ਪੁੱਛੇਂ ਤਾਂ ਹੁਣ ਮੈਨੂੰ ਭਗਵਾਨ ਤੇ ਬਿਲਕੁਲ ਵਿਸ਼ਵਾਸ਼ ਨਹੀਂ ਰਿਹਾ ।

"ਏਨਾ ਦਿਲ ਨਹੀਂ ਥੋੜ੍ਹਾ ਕਰੀਦਾ, ਕਦੇ ਨ ਕਦੇ ਤੇ ਸੁਣ ਹੀ ਲਏਗਾ। ਕਹਿੰਦੇ ਨੇ ਨ ਉਹਦੇ ਘਰ ਦੇਰ ਹੈ, ਅੰਧੇਰ ਨਹੀਂ।"

ਮਲਕ ਵਿਅੰਗਮਈ ਹਸਣੀ ਹੱਸਿਆ : "ਤੂੰ ਬਹੁਤ ਭੋਲੀ ਏਂ। ਅਜ ਕਲ ਤੇ ਸਭ ਪਾਸੇ ਅੰਧੇਰ ਹੀ ਅੰਧੇਰ ਹੈ, ਮੈਨੂੰ ਤੇਰੇ ਤੇ ਬੜਾ ਤਰਸ ਆਉਂਦਾ ਏ ਕਿ ਮੈਂ ਬੁੱਢੜ ਵਾਰੇ ਐਵੇਂ ਤੇਰੀ ਜ਼ਿੰਦਗੀ ਬਰਬਾਦ ਕੀਤੀ ਏ। ਜੇ ਮੇਰੇ ਕਰਮਾਂ ਵਿਚ ਹੀ ਨਹੀਂ ਸੀ ਤਾਂ......।"

ਜਨਕ ਨੇ ਮਲਕ ਦੇ ਮੂੰਹ ਤੇ ਹਥ ਰਖ ਉਸ ਨੂੰ ਅੱਗੇ ਕੁੱਝ ਕਹਿਣ ਤੋਂ ਰੋਕ ਲਿਆ।

ਫੇਰ ਕਿੰਨੀ ਦੇਰ ਚੁਪ ਛਾਈ ਰਹੀ। ਉਦਾਸ ਉਦਾਸ ਨਜ਼ਰਾਂ ਨਾਲ ਦੋਵੇਂ ਇਕ ਦੂਜੇ ਨੂੰ ਚੋਰ ਨਜ਼ਰੇ ਤਕਦੇ ਰਹੇ। ਆਖ਼ਰ ਜਨਕ ਨੇ ਚੁਪ ਨੂੰ ਤੋੜਦਿਆਂ ਆਖਿਆ : "ਚਲੋ ਉਠੋ ਜ਼ਰਾ ਬਾਗ ਵਲ ਹੋ ਆਈਏ। ਬੜੇ ਦਿਨ ਹੋ ਗਏ ਨੇ ਮੈਂ ਕਦੇ ਬਾਗ ਵਲ ਹੀ ਨਹੀਂ ਗਈ।"

"ਪਰ ਮੇਰੀ ਤਬੀਅਤ ਠੀਕ......

"ਨਹੀਂ, ਉਠੋ ਨ ਸਵਾਮੀ, ਮੇਰੇ ਲਈ ਹੀ ਚਲੋ" ਜਨਕ ਨੇ ਮਲਕ ਨੂੰ ਬਾਹੋਂ ਫੜ ਉਠਾਂਦਿਆਂ ਆਖਿਆ।

ਮਰੇ ਜਿਹੇ ਦਿਲ ਨਾਲ ਮਲਕ ਉਠ ਹੀ ਪਿਆ।

ਹਵੇਲੀ ਦੇ ਪਿਛਵਾੜੇ ਮਲਕ ਦਾ ਆਲੀਸ਼ਾਨ ਬਾਗ ਹੈ। ਕਈ ਏਕੜਾਂ ਵਿਚ ਫੈਲਿਆ ਇਹ ਬਾਗ ਸਾਰੇ ਇਲਾਕੇ ਵਿਚ ਇਕ ਅਜੂਬੇ ਜਿਨੀ ਖਿੱਚ ਰਖਦਾ ਹੈ। ਦੂਰ ਦੂਰ ਦੇ ਦੇਸ਼ਾਂ ਤੋਂ ਫਲਦਾਰ ਤੇ ਫੁਲਦਾਰ ਬੂਟੇ ਮੰਗਵਾਕੇ ਇਥੇ ਲਗਵਾਏ ਗਏ ਹਨ।

ਹਰ ਮੌਸਮ ਦਾ ਹਰੇਕ ਫੁਲ ਇਸ ਬਾਗ ਵਿਚ ਖਿੜਦਾ ਹੈ। ਤੇ ਹਰੇਕ ਰੁੱਤ ਦਾ ਹਰ ਮੇਵਾ ਇਸ ਬਾਗ ਵਿਚ ਹੁੰਦਾ ਹੈ। ਇਸ ਵਿਚ ਅਨੇਕਾਂ ਮਖਮਲੀ ਘਾਹ ਦੇ ਮੈਦਾਨ ਹਨ; ਕੁੱਝ ਗੋਲਾਕਾਰ, ਕੁੱਝ ਤਿਕੋਨੇ, ਕੁੱਝ ਚੱਪਟੇ ਤੇ ਕੁੱਝ ਪਾਨ-ਨੁਮਾ ਸ਼ਕਲ ਦੇ। ਇਹਨਾਂ ਘਾਹ ਦੇ ਮੈਦਾਨਾਂ ਦੇ ਦੁਆਲੇ ਕਿਆਰਿਆਂ ਵਿਚ ਸਦਾਂ-ਬਹਾਰੇ ਤੇ ਮੌਸਮੀ ਫੁਲ ਮਹਿਕਦੇ ਹਨ। ਵਿਚਕਾਰ ਸੰਗ ਮਰਮਰੀ ਫੁਹਾਰੇ ਹਨ ਜਿਹਨਾਂ ਦੁਆਲੇ ਉਸੇ ਸ਼ਕਲ ਦੇ ਨਿਕੇ ਨਿਕੇ ਤਾਲ ਬਣੇ ਹੋਏ ਹਨ। ਬਾਗ ਦੇ ਵਿਚਕਾਰ ਇਕ ਛੋਟੀ ਜਿਹੀ ਝੀਲ ਬਣਾਈ ਗਈ ਹੈ। ਇਹ ਝੀਲ ਬਾਗ ਨੂੰ ਦੋ ਭਾਗਾਂ ਵਿਚ ਵੰਡਦੀ ਹੈ। ਇਕ ਪਾਸੇ ਫੁਲਦਾਰ ਪੌਦੇ ਹਨ ਤੇ ਦੂਸਰੇ ਪਾਸੇ ਫਲਦਾਰ ਦਰਖਤਾਂ ਦੀਆਂ ਝੰਗੀਆਂ। ਸਿੱਧੀਆਂ ਪਾਲਾਂ ਵਿਚ ਲਗੇ ਦਰਖਤਾਂ ਦੇ ਵਿਚਕਾਰਲੇ ਰਸਤੇ ਦਿਸ-ਹੱਦੇ ਤਕ ਜਾਂਦੇ ਹਨ।

ਸ਼ਹਿਰ ਤੋਂ ਇੱਕਲਵਾਂਝੇ ਹੋਣ ਕਾਰਨ ਇਥੇ ਵਾਤਾਵਰਨ ਬੜਾ ਸੁਹਾਣਾ ਤੇ ਸ਼ਾਂਤ ਹੈ। ਹਵਾ ਨਾਲ ਕਲੋਲਾਂ ਕਰਦੇ ਪੱਤਿਆਂ ਦਾ ਮਧੁਰ ਸੰਗੀਤ, ਝੀਲ ਵਿਚ ਤਰਦੀਆਂ ਮੁਰਗਾਬੀਆਂ, ਝਾੜੀਆਂ ਵਿਚ ਟਪੋਸੀਆਂ ਮਾਰ ਰਹੇ ਮਾਸੂਮ ਖਰਗੋਸ਼, ਦਰਖਤਾਂ ਤੇ ਬੈਠੇ ਬੋਲਦੇ ਪੰਛੀਆਂ ਦੀਆਂ ਭਿੰਨ ਭਿੰਨ ਅਵਾਜ਼ਾਂ, ਮਨੁਖੀ ਮਨ ਨੂੰ ਮੋਹ ਲੈਂਦੀਆਂ ਹਨ। ਮਲਕ ਨੂੰ ਇਹ ਬਾਗ ਬੜਾ ਪਿਆਰਾ ਸੀ। ਆਪਣੀ ਪਹਿਲੀ ਵੇਹਲ ਵਿਚ ਮਲਕ ਹਰ ਰੋਜ਼ ਏਥੇ ਸੈਰ ਲਈ ਆਉਂਦਾ ਹੈ ਤੇ ਕਿੰਨੀ ਕਿੰਨੀ ਦੇਰ ਇਸ ਸੁਹਾਣੇ

ਵਾਤਾਵਰਨ ਵਿਚ ਵਿਚਰਦਾ ਹੋਇਆ ਕੁਦਰਤ ਦੇ ਅਗੰਮੀ ਸੰਗੀਤ ਨੂੰ ਮਾਣਦਾ ਰਹਿੰਦਾ ।

ਇਸ ਬਾਗ ਦੀ ਨਿਗਰਾਨੀ ਤੇ ਸੇਵਾ ਸੰਭਾਲ ਲਈ ਉਸ ਨੇ ਚਾਲ੍ਹੀ ਪੰਜਾਹ ਬੰਦੇ ਰਖੇ ਹੋਏ ਹਨ, ਜੋ ਸਵੇਰ ਤੋਂ ਸ਼ਾਮ ਤਕ ਇਸਨੂੰ ਸੰਵਾਰਦੇ ਰਹਿੰਦੇ ਹਨ। ਇਹ ਸਾਰੇ ਬੰਦੇ ਹੈਣ ਵੀ ਬੜੇ ਸਿਆਣੇ ਤੇ ਹਿੰਮਤੀ, ਇਹਨਾਂ 'ਚੋਂ ਬਹੁਤੇ ਤਾਂ ਨੇੜੇ ਤੇੜੇ ਦੇ ਪਿੰਡਾਂ ਦੇ ਚੌਧਰੀਆਂ ਤੇ ਜ਼ਿਮੀਦਾਰਾਂ ਵਲੋਂ ਮਲਕ ਨੂੰ ਤੋਹਫੇ ਦੇ ਤੌਰ ਤੇ ਭੇਜੇ ਹੋਏ ਹਨ ਤੇ ਕੁੱਝ ਉਹ ਵਾਹੀਕਾਰ ਹਨ ਜਿਹਨਾਂ ਦੀ ਜ਼ਮੀਨ ਮਲਕ ਦੇ ਮੁਰੱਬਿਆਂ ਦੇ ਨਾਲ ਲਗਦੀ ਹੋਣ ਕਾਰਨ ਖੁਸ ਗਈ ਹੈ। ਇਹ ਅਣ-ਮੁੱਲੇ ਗੁਲਾਮ ਪਹੁ-ਫੁਟੀ ਤੋਂ ਲੈ ਤਰਕਾਲਾਂ ਤਕ ਜਾਨਵਾਰਾਂ ਵਾਕੁਰ ਸਿਰ ਸੁਟ ਕੰਮ ਕਰਦੇ ਹਨ ਤੇ ਰਾਤ ਨੂੰ ਮਲਕ ਦੇ ਭੰਡਾਰੇ 'ਚੋਂ ਮਿਲਿਆ ਸੁੱਕਾ-ਮਿਸਾ ਅੰਨ ਖਾ ਸਬਰ ਨੂੰ ਸੀਨੇ ਲਾਈ ਸੌਂ ਜਾਂਦੇ ਹਨ। ਤੇ ਸਵੇਰੇ ਪਹਿਰ ਰਾਤ ਰਹਿੰਦੇ ਹੀ ਡਰਦੇ ਡਰਦੇ ਉਠ ਖੜੋਂਦੇ ਹਨ। ਲੰਬੜ ਦੇ ਚਾਬੁਕ ਦਾ ਭੈਅ ਉਹਨਾਂ ਨੂੰ ਰਾਤੀਂ ਵੀ ਚੈਨ ਨਾਲ ਸੌਣ ਨਹੀਂ ਦੇਂਦਾ!

ਲੰਬੜ ਸੁਭਾ ਦਾ ਹੈ ਵੀ ਬੜਾ ਜ਼ਾਲਮ। ਤੇ ਉਹ ਵੀ ਵਗਾਰੀ ਫੜਿਆ। ਪਰ ਉਹ ਏਨਾ ਚੁਰਚਰਾ ਤੇ ਨਿਮਕ ਹਲਾਲ ਬੰਦਾ ਹੈ ਕਿ ਪਿਛਲੇ ਦਸ ਸਾਲਾਂ ਵਿਚ ਮਲਕ ਨੂੰ ਕਦੇ ਵੀ ਉਹਦੇ ਵਿਰੁਧ ਕੋਈ ਗਿਲਾ ਨਹੀਂ ਹੋਇਆ। ਮਾਲਕ ਦੇ ਸੁਭਾ ਨੂੰ ਉਹ ਚੰਗੀ ਤਰ੍ਹਾਂ ਸਮਝਦਾ ਹੈ ਤੇ ਉਸਨੂੰ ਖੁਸ਼ ਰਖਣ ਦੇ ਸਾਰੇ ਭੇਦ ਉਹ ਜਾਣਦਾ ਹੈ। ਪਹਿਰ ਰਾਤ ਰਹਿੰਦੇ ਹੀ ਉਹ ਕੰਮੀਆਂ ਦੀਆਂ ਝੌਂਪੜੀਆਂ ਵਲ ਚੱਕਰ ਮਾਰਦਾ ਹੈ। ਤੇ ਉਸ ਸਮੇਂ ਤਕ ਸੁੱਤਾ ਜਿਹੜਾ ਵੀ ਉਹਦੀ ਨਜ਼ਰੀ ਪੈ ਜਾਏ, ਉਸਨੂੰ ਲਤੋਂ ਫੜ ਧਰੀਕਦਾ ਹੋਇਆ ਆਪਣੀ ਕੋਠੜੀ ਲੈ ਜਾਂਦਾ ਹੈ। ਤੇ ਉਥੇ ਬੜੀ ਬੇਰਹਿਮੀ ਨਾਲ ਚਾਬੁਕਾਂ ਨਾਲ ਅਜਿਹੀ ਮਾਰ ਮਾਰਦਾ ਹੈ ਕਿ ਉਹ ਕੋਹੇ ਜਾ ਰਹੇ ਬੱਕਰੇ ਵਾਂਗ ਕੁਰਲਾਂਦਾ ਤੇ ਚਿੱਲ੍ਹਾਂਦਾ। ਸਾਰਾ ਦਿਨ, ਮਾਵੇ ਦੇ ਨਸ਼ੇ ਨਾਲ ਮਸਤ ਹੋਇਆ ਉਹ ਚਾਬੁਕ ਫੜੀ ਬਾਗ ਵਿਚ ਘੁੰਮਦਾ ਰਹਿੰਦਾ ਹੈ। ਕਿਸੇ ਵਲੋਂ ਕੰਮ ਵਿਚ ਜ਼ਰਾ ਢਿੱਲ-ਮਠ ਹੋਈ ਨਹੀਂ ਤੇ ਉਹਦੀ ਪਿਠ ਤੇ ਚਾਬੁਕ ਪਈ ਨਹੀਂ। ਉਹਦੇ ਨਿਰਦਈ ਸੁਭਾ ਤੋਂ ਸਾਰੇ ਡਰਦੇ ਹਨ।

ਮਲਕ ਸਾਹਿਬ ਆਪਣੀ ਪਤਨੀ ਸਮੇਤ ਜਦੋਂ ਸ਼ਿਵਦੁਆਰੇ ਪੂਜਾ ਕਰਨ ਉਪਰੰਤ ਹਰ ਰੋਜ਼ ਇਥੇ ਸੈਰ ਲਈ ਆਉਂਦੇ ਹਨ ਉਸ ਵੇਲੇ ਅਜੇ ਪੇਤਲਾ ਪੇਤਲਾ ਹਨੇਰਾ ਹੀ ਹੁੰਦਾ ਹੈ, ਪਰ ਉਦੋਂ ਤਕ ਸਾਰੇ ਬੰਦੇ ਆਪੋ ਆਪਣੀ ਕੰਮੀਂ ਕਾਰੀਂ ਲਗ ਚੁੱਕੇ ਹੁੰਦੇ ਹਨ।

ਪਰ ਅਜ! ਜਿਸ ਸਮੇਂ ਉਹ ਬਾਗ ਵਿਚ ਪੁੱਜੇ, ਸੂਰਜ ਦੀਆਂ ਰੁਪਹਿਰੀ ਕਿਰਨਾਂ ਧਰਤੀ ਦਾ ਮੱਥਾ ਚੁੰਮ ਰਹੀਆਂ ਸਨ ਤੇ ਪ੍ਰੇਮ-ਰਤੀ ਧਰਤ ਦਾ ਕਣ ਕਣ ਮੁਸਕਰਾ ਰਿਹਾ ਸੀ।

"ਵੇਖੋ ਨ ਘਾਹ ਤੇ ਪਈ ਤਰੇਲ ਮੋਤੀਆਂ ਵਾਂਗ ਲਿਸ਼ਕ ਰਹੀ ਏ, ਇੰਝ ਲਗਦਾ ਏ, ਜਿਵੇਂ ਮੋਤੀਆਂ ਦਾ ਹੀ ਫ਼ਰਸ਼ ਲਗਾ ਹੋਵੇ।

"ਹੂੰ।"

"ਵੇਖੋ ਤੇ ਸਹੀ, ਐਵੇਂ ਹੀ 'ਹੂੰ' ਕਰ ਦਿਤੀ ਜੇ।"

ਮਲਕ ਨੇ ਨਜ਼ਰ ਭਰ ਜਨਕ ਦੇ ਚਿਹਰੇ ਵਲ ਤਕਿਆ। ਤੇ ਫੇਰ ਹਉਕਾ ਭਰ ਉਸ ਨਜ਼ਰਾਂ ਝੁਕਾ ਲਈਆਂ, ਬੋਲਿਆ ਨਹੀਂ।

"ਤੁਸੀਂ ਮੈਨੂੰ ਮਾਫ਼ ਨਹੀਂ ਕੀਤਾ?" ਜਨਕ ਨੇ ਬੜੀ ਅਧੀਨਗੀ ਨਾਲ ਆਖਿਆ। ਮਲਕ ਦੀਆਂ ਅੱਖਾਂ 'ਚੋਂ ਉਹਦੀ ਉਦਾਸੀ ਉਹ ਭਾਪ ਗਈ ਸੀ।

ਮਲਕ ਨੇ ਹੁੰਗਾਰਾ ਨਹੀਂ ਭਰਿਆ।

"ਹੁਣ ਮੈਨੂੰ ਮਾਫ਼ ਕਰ ਦਿਉ, ਪਰਤ ਕੇ ਅਜਿਹੀ ਗੁਸ...।"

ਤੇ ਮਲਕ ਨੇ ਅਛੋਪਲੇ ਹੀ ਆਪਣਾ ਹੱਥ ਉਸ ਦੇ ਮੂੰਹ ਅੱਗੇ ਰਖ ਉਸ ਨੂੰ ਅੱਗੇ ਕੁਝ ਕਹਿਣ ਤੋਂ ਰੋਕ ਦਿਤਾ। ਪਰ ਬੋਲਿਆ ਉਹ ਫੇਰ ਵੀ ਨਹੀਂ।

ਕੁੱਝ ਦੇਰ ਹੋਰ ਉਹ ਚੁਪਚਾਪ ਟਹਿਲਦੇ ਰਹੇ।

"ਤੁਸੀਂ ਬੋਲਦੇ ਕਿਉਂ ਨਹੀਂ?" ਜਨਕ ਤੋਂ ਪਤੀ ਦੀ ਖਾਮੋਸ਼ੀ ਸਹਿਣ ਨਹੀਂ ਸੀ ਹੋ ਰਹੀ।

"ਮੇਰਾ ਜੀਅ......।"

ਮਰਦਾਂ ਦੇ ਤੇ ਪਹਾੜਾਂ ਵਰਗੇ ਜਿਗਰੇ ਹੁੰਦੇ ਹਨ। ਇਸ ਤਰ੍ਹਾਂ ਨਿੱਕੀ ਨਿਕੀ ਗੱਲੇ......

ਤੈਨੂੰ ਨਿਕੀ ਜਿਹੀ ਗੱਲ ਲਗਦੀ ਏ ਜਨਕ ਪਰ ਮੈਂ......ਮਲਕ

ਨੂੰ ਲਫ਼ਜ਼ ਨਹੀਂ ਸਨ ਸੁੱਝ ਰਹੇ ਅੱਗੇ ਕਹਿਣ ਨੂੰ।

"ਮੈਂ ਤੁਹਾਡਾ ਦਿਲ ਦੁਖਾਇਆ ਏ, ਮੈਨੂੰ ਮਾਫ਼ ਕਰ ਦਿਉ।" ਕਹਿੰਦੀ ਜਨਕ ਪਤੀ ਦੇ ਪੈਰਾਂ ਵਲ ਝੁੱਕ ਗਈ।

"ਕਮਲੀ ਨ ਹੋਵੇ ਤੇ, ਤੂੰ ਕਾਹਦਾ ਦਿਲ ਦੁਖਾਇਆ ਏ ? ਦਿਲ ਦੁਖਾਣ ਵਾਲੇ ਨੂੰ ਸ਼ਾਇਦ ਕਦੇ ਇਹਦਾ ਅਹਿਸਾਸ ਹੀ ਨਹੀਂ ਹੋਇਆ। ਠੰਢਾ ਸਾਹ ਭਰਕੇ ਮਲਕ ਫੇਰ ਚੁਪ ਹੋ ਗਿਆ।

ਕਿੰਨੀ ਦੇਰ ਉਹ ਖਾਮੋਸ਼ ਨਾਲ ਨਾਲ ਟਹਿਲਦੇ ਰਹੇ। ਜਨਕ ਨੇ ਕਈ ਵਾਰ ਨਜ਼ਰ ਬਚਾ ਚੋਰ-ਨਜ਼ਰੇ ਮਲਕ ਦੇ ਚਿਹਰੇ ਵਲ ਤਕਿਆ : ਨਿਰਾਸ਼ਾ ਦੇ ਰੰਗ ਵਿਚ ਡੁੱਬਾ ਚਿਹਰਾ ਉਦਾਸ ਮੁਰਝਾਇਆ ਜਿਹਿਆ। ਜਨਕ ਤੋਂ ਪਤੀ ਦੀ ਇਹ ਹਾਲਤ ਵੇਖੀ ਨਹੀਂ ਸੀ ਜਾਂਦੀ। ਪਰ ਮਲਕ ਨੂੰ ਕੁੱਝ ਕਹਿਣ ਦੀ ਹਿੰਮਤ ਉਸ ਵਿਚ ਨਹੀਂ ਸੀ। ਪਰ ਆਖ਼ਿਰ ਉਸ ਹਿੰਮਤ ਕਰ ਹੀ ਲਈ। ਮਲਕ ਦੇ ਗਲ ਬ਼ਾਹਵਾਂ ਪਾ ਉਸ ਬੜੇ ਪਿਆਰ-ਮਈ ਅੰਦਾਜ਼ ਨਾਲ ਆਖਿਆ : ਸਵਾਮੀ ਤੁਸੀਂ ਏਨਾ ਮਾਯੂਸ ਕਿਉਂ ਹੁੰਦੇ ਹੋ ?"

ਮਲਕ ਨੇ ਫੇਰ ਵੀ ਹੁੰਗਾਰਾ ਨਹੀਂ ਭਰਿਆ। ਸਗੋਂ ਉਹ ਸਖਣੀਆਂ ਨਜ਼ਰਾਂ ਨਾਲ ਸਖਣੇ ਅਕਾਸ਼ ਨੂੰ ਘੂਰਣ ਲਗ ਪਿਆ। ਤੇ ਫੇਰ ਕੁੱਝ ਦੇਰ ਬਾਅਦ ਉਸ ਨੂੰ ਜਿਵੇਂ ਕੁੱਝ ਯਾਦ ਆ ਗਿਆ ਹੋਵੇ, ਬੋਲਿਆ : ਜਨਕ......

'ਜੀ' ਜਨਕ ਨੇ ਉਤਾਵਲ ਨਾਲ ਹੁੰਗਾਰਾ ਭਰਿਆ।

"ਕਹਿੰਦੇ ਨੇ ਪੁਤਰ-ਹੀਨ ਮਨੁੱਖ ਨੂੰ ਸੁਰਗ ਨਸੀਬ ਨਹੀਂ ਹੁੰਦਾ, ਭਾਵੇਂ ਉਹ ਕਿੱਡਾ ਵੀ ਧਰਮਾਤਮਾ ਹੋਵੇ।"

"ਰਾਮ...ਰਾਮ...ਰਾਮ। ਕਿਹੋ ਜਿਹੀਆਂ ਗੱਲਾਂ ਕਰਦੇ ਹੋ। ਅਜੇ ਅਸੀਂ ਕਿਹੜਾ......

"ਨਹੀਂ ਭਾਗਵਾਨੇ ਤੂੰ......।" ਜਨਕ ਨੂੰ ਵਿਚੋਂ ਹੀ ਟੋਕ ਮਲਕ ਬੋਲਿਆ : ਪਰ ਆਪ ਵੀ ਓਹ ਗਲ ਅਧੂਰੀ ਹੀ ਛੱਡ ਚੁਪ ਹੋ ਗਿਆ।

ਫੇਰ ਕਿੰਨੀ ਦੇਰ ਚੁਪ ਛਾਈ ਰਹੀ। ਮਲਕ ਹੁਣ ਹੋਰ ਵੀ ਉਦਾਸ ਹੋ ਗਿਆ ਸੀ। ਹਾਰੇ ਹੋਏ ਜੁਆਰੀਏ ਵਾਂਗ ਨਿਰਾਸ ਤੇ ਬੇਆਸ ਹੋਇਆ ਉਹ ਅਤੀਤ ਵਿਚ ਗਵਾਚ ਚੁਕਾ ਸੀ।

ਜਨਕ ਨੂੰ ਆਪਣੇ ਆਪ ਤੇ ਬੜਾ ਕ੍ਰੋਧ ਆ ਰਿਹਾ ਸੀ। ਉਹ ਵਾਰ ਵਾਰ ਆਪਣੇ ਆਪ ਨੂੰ ਕੋਸ ਰਹੀ ਸੀ. ਮੈਂ ਕਾਹਨੂੰ ਇਹ ਗੱਲ ਕਹਿਣੀ ਸੀ, ਇਹ ਕੋਈ ਬੰਦੇ ਦੇ ਵਸ ਦੀ ਗੱਲ ਥੋੜ੍ਹੀ ਏ, ਰੱਬ ਦੇ ਵਸ ਦੀ ਦਾਤ ਏ। ਮੈਂ ਐਵੇਂ ਇਹਨਾਂ ਦਾ ਦਿਲ ਦੁਖਾਇਆ। ਪਰ......ਮੈਂ ਗੁਨਾਹ ਤੇ ਕੋਈ ਨਹੀਂ ਕੀਤਾ, ਕਦੇ ਨ ਕਦੇ ਮਨ ਦੀ ਲਾਲਸਾ ਜ਼ਬਾਨ ਤੇ ਆ ਹੀ ਜਾਂਦੀ ਏ। ਨਾਲੇ ਮੈਂ ਤੇ ਹਾਸੇ ਗਾਂਵੇ ਕਿਹਾ ਸੀ। ਮੈਂ ਸੋਚਿਆ ਇਸ ਵੇਲੇ ਨਸ਼ੇ ਵਿਚ ਨੇ। ਤੇ ਨਸ਼ੇ ਵਿਚ ਬੰਦਾ ਆਪਣੇ ਆਪ ਨੂੰ ਰੱਬ ਤੋਂ ਘਟ ਨਹੀਂ ਸਮਝਦਾ। ਮੈਨੂੰ ਕੀ ਪਤਾ ਸੀ ਕਿ ਏਹਨਾਂ ਦਿਲ ਨੂੰ ਹੀ ਲਾ ਲੈਣੀ ਏ। ਉਹਦਾ ਮਨ ਉਹਦਾ ਪੱਖ ਪੂਰਦਾ।ਪਰ ਫੇਰ ਉਸ ਸੋਚਿਆ : ਚਾਹੇ ਕੁੱਝ ਵੀ ਹੋਵੇ ਇਸ ਵੇਲ ਞਿਹਨਾਂ ਦੀ ਹਾਲਤ ਬੜੀ ਤਰਸ ਯੋਗ ਏ। ਤੇ ਉਸ ਨੇ ਮਲਕ ਦਾ ਧਿਆਨ ਕਿਸੇ ਹੋਰ ਪਾਸੇ ਮੋੜਣ ਦਾ ਯਤਨ ਕਰਦਿਆਂ ਆਖਿਆ : "ਵੇਖੋ ਨ ਜੀ, ਕਿੰਨੀ ਧੁਪ ਨਿਕਲ ਆਈ ਏ, ਪਰ ਅਜ ਕੋਈ ਬੰਦਾ ਪਰੰਦਾ ਨਹੀਂ ਦਿਸਦਾ ਬਾਗ ਵਿਚ।"

'ਹੂੰ' ਮਲਕ ਦੀ ਗ਼ੈਰਤ ਜਿਵੇਂ ਟੁੰਬੀ ਗਈ। ਉਹਦੇ ਉਦਾਸ ਚਿਹਰੇ ਤੇ ਗੁੱਸੇ ਦੇ ਚਿਨ੍ਹ ਉਭਰ ਆਏ। ਮੱਥੇ ਤਿਊੜੀ ਪਾ, ਕੈਰੀ ਨਜ਼ਰੇ ਏਧਰ ਉਧਰ ਤੱਕਦਾ ਉਹ ਬੁੜਬੁੜਾਇਆ : ਕੋਈ ਨਹੀਂ...ਸਾਰੇ ਮਰ ਗਏ ਨੇ ਕਿਤੇ ?"

"ਅਸੀਂ ਵੀ ਤੇ ਕਿੰਨੇ ਦਿਨਾਂ ਤੋਂ ਏਧਰ ਨਹੀਂ ਆਏ।"

"ਹੱਛਾ।" ਮਲਕ ਉਸਦਾ ਭਾਵ ਸਮਝ ਗਿਆ। ਉਹਦੇ ਮੱਥੇ ਦੀਆਂ ਤਿਊੜੀਆਂ ਹੋਰ ਸੰਘਣੀਆਂ ਹੋ ਗਈਆਂ। ਗੁੱਸੇ ਨਾਲ ਭਖਦਾ ਉਹ ਬੋਲਿਆ : "ਮੇਰੇ ਨਾਲ ਵੀ ਚਾਰ ਸੌ ਵੀਹਾਂ ਕਰਦੇ ਨੇ ਹਰਾਮੀ ! ਮੈਂ ਏਹਨਾਂ ਨੂੰ ਉਹ ਸਬਕ ਸਿਖਾਵਾਂਗਾ ਕਿ ਸਾਰੀ ਉਮਰ ਯਾਦ ਰਖਣਗੇ।" ਤੇ ਮਲਕ ਲੰਬੜ ਦੀ ਕੋਠੜੀ ਵਲ ਹੋ ਤੁਰਿਆ।

ਹਾਲੇ ਉਸ ਪੰਜ ਸੱਤ ਕਦਮ ਹੀ ਪੁੱਟੇ ਸਨ ਕਿ ਸਾਹਮਣਿਉਂ ਬੁੱਢਾ ਚੌਕੀਦਾਰ ਆਉਂਦਾ ਉਸਦੀ ਨਜ਼ਰੀ ਪੈ ਗਿਆ। ਉਹਦੇ ਕਦਮ ਰੁਕ ਗਏ। ਚੌਕੀਦਾਰ ਨੇ ਕੋਲ ਆ ਝੁੱਕ ਕੇ ਪ੍ਰਨਾਮ ਕੀਤਾ ਤੇ ਹਮੇਸ਼ਾਂ ਵਾਂਗ ਗੁਲਾਬ ਦੇ ਟਹਿਕਦੇ ਫੁਲਾਂ ਦਾ ਇਕ ਗੁਲਦਸਤਾ ਮਲਕ ਵਲ ਵਧਾਂਦਿਆਂ ਬੋਲਿਆ : "ਰਾਜਾ ਜੀ ਕਾ ਇਕਬਾਲ ਬੁਲੰਦ ਹੋ।"

ਮਲਕ ਨੇ ਉਸ ਦੇ ਪ੍ਰਨਾਮ ਨੂੰ ਗੌਲਿਆ ਨਹੀਂ। ਬੜੀ ਬੇਰੁਖੀ ਨਾਲ ਉਸ ਉਹਦੇ ਹਥੋਂ ਗੁਲਾਬ ਦੇ ਫੁਲਾਂ ਦਾ ਗੁਲਦਸਤਾ ਝਪਟ ਮਾਰ ਕੇ ਖੋਹ ਲਿਆ। ਤੇ ਫੇਰ ਬੜੀ ਕੁਰਖਤ ਅਵਾਜ਼ ਵਿਚ ਬੋਲਿਆ : ਚੌਕੀਦਾਰ ਲੰਬੜ ਕਿਥੇ ਹੈ ? ਬੁਲਾਕੇ ਲਿਆ ਉਹਨੂੰ।''

'ਜੀ ਹਜ਼ੂਰ।''

''ਜੀ ਹਜ਼ੂਰ ਦੇ ਬਚੇ, ਜਾ ਦਫ਼ਾ ਹੋ, ਜਲਦੀ ਜਾ ਕੇ ਲੰਬੜ ਨੂੰ ਬੁਲਾ ਲਿਆ।''

ਚੌਕੀਦਾਰ ਬੜਾ ਪੁਰਾਣਾ ਬੰਦਾ ਸੀ। ਉਹ ਮਲਕ ਦੇ ਸੁਭਾ ਦਾ ਚੰਗੀ ਤਰ੍ਹਾਂ ਜਾਣੂ ਸੀ। ਉਹ ਭਾਂਪ ਗਿਆ ਕਿ ਮਲਕ ਇਸ ਵੇਲੇ ਕ੍ਰੋਧ ਵਿਚ ਹੈ। ਤੇ ਲੰਬੜ ਨੂੰ ਬੁਲਾਕੇ ਉਸ ਨਾਲ ਖ਼ੈਰ ਨਹੀਂ ਕਰੇਗਾ...ਤੇ.. ਤੇ ਹੁਣ ਜਿੰਨਾਂ ਗੁੱਸਾ ਮਲਕ ਲੰਬੜ ਤੇ ਕੱਢੇਗਾ, ਉਹ ਸਾਰਾ ਮਗਰੋਂ ਉਹਦੇ ਜਿਹੇ ਗਰੀਬਾਂ ਤੇ ਹੀ ਨਿਕਲੇਗਾ। ਇਸ ਲਈ ਉਹ ਉਥੋਂ ਹਿਲਿਆ ਨਹੀਂ।

ਇਹ ਵੇਖ ਮਲਕ ਨੂੰ ਹੋਰ ਗੁੱਸਾ ਚੜ੍ਹ ਗਿਆ : ''ਜਾਂਦਾ ਨਹੀਂ ਤੂੰ ?''

''ਹਜ਼ੂਰ ਲੰਬੜ ਸਾਰੇ ਬੰਦਿਆਂ ਨੂੰ ਲੈ ਕੇ ਮੁਰੱਬਿਆਂ ਨੂੰ ਗਿਆ ਹੋਇਆ ਏ, ਪਿਛਲੇ ਦਿਨਾਂ ਤੋਂ ਉਥੇ ਕੰਮ ਜ਼ਿਆਦਾ ਸੀ।'' ਚੌਕੀਦਾਰ ਨੇ ਪਹਾੜ ਜਿੱਡਾ ਝੂਠ ਬੋਲਿਆ। ਭਾਵੇਂ ਉਹ ਜਾਣਦਾ ਸੀ ਕਿ ਜੇਕਰ ਪਾਜ ਖੁਲ੍ਹ ਗਿਆ ਤਾਂ ਉਹਦੇ ਨਾਲ ਬਰੀ ਹੋਵੇਗੀ। ਲੰਬੜ ਤੇ ਇਸ ਵੇਲੇ ਆਪਣੀ ਕੋਠੜੀ ਵਿਚ ਸੁਲਫ਼ਾ ਪੀ ਕੇ ਸੁੱਤਾ ਪਿਆ ਸੀ।

''ਮੁਰੱਬਿਆ ਨੂੰ ? ਅਜ ਕਲ ਬੀਜਾਈ ਹੋ ਰਹੀ ਏ ?''

''ਜੀ ਹਜ਼ੂਰ !...ਸਾਰੇ ਅੱਧੀ ਰਾਤੀ ਹੀ ਚਲੇ ਜਾਂਦੇ ਨੇ। ਵੇਖਦਾ ਹਾਂ, ਜੇਕਰ ਵਾਪਸ ਆ ਗਿਆ ਹੋਵੇ ਤਾਂ...''

''ਹਾਂ ਦੇਖ, ਮੈਂ ਏਥੇ ਹੀ ਹਾਂ। ਜੇ ਆ ਗਿਆ ਹੋਵੇ ਤਾਂ ਉਹਨੂੰ ਨਾਲ ਲੈ ਕੇ ਜਲਦੀ ਆ।'' ਕਹਿ ਮਲਕ ਪਿਛੇ ਨੂੰ ਪਰਤ ਪਿਆ।

ਲੰਬੜ ਦੀ ਕੋਠੜੀ ਦਰਖਤਾਂ ਦੇ ਇਕ ਸੰਘਣੇ ਝੁੰਡ ਵਿਚ ਸੀ। ਮਲਕ ਦੀਆਂ ਨਜ਼ਰਾਂ ਤੋਂ ਬਚਦਾ, ਡਿੰਗੇ ਟੇਢੇ ਰਸਤਿਉਂ ਹੋ ਜਦੋਂ ਚੌਂਕੀਦਾਰ ਉਥੇ ਪਹੁੰਚਿਆ ਲੰਬੜ ਜਾਗ ਕੇ ਉਸਲਵੱਟੇ ਭੰਨ ਰਿਹਾ ਸੀ। ਚੌਕੀਦਾਰ ਨੂੰ ਵੇਖ ਅੱਖਾਂ ਮਲਦਾ ਉਹ ਬੋਲਿਆ ''ਕੀ ਗੱਲ ਏ ਉਏ, ਸਵੇਰੇ ਸਵੇਰੇ ਕਿਵੇਂ ਆਇਐਂ ?''

' ਚੌਧਰੀ, ਮਲਕ ਸਾਹਿਬ......

"ਹੈਂ ! ਮਲਕ ਸਾਹਿਬ । ਲੰਬੜ ਇਕਵਾਰਗੀ ਕੰਬ ਗਿਆ । "ਕਿਥੇ ਨੇ ? ਉਹ ਤੇ ਬਾਹਰ ਗਏ ਹੋਏ ਸਨ...ਸੁਲਤਾਨਪੁਰ ।" ਤੇ ਘਬਰਾਹਟ ਵਿਚ ਉਹ ਕਿੰਨੇ ਹੀ ਸਵਾਲ ਪੁਛ ਗਿਆ ।

"ਕਦੇ ਦੇ ਬਾਗ ਵਿਚ ਆਏ ਹੋਏ ਨੇ ।"

"ਤਾਂ ਤੇ......ਲੰਬੜ ਸੋਚੀਂ ਪੈ ਗਿਆ । ਕੁੱਝ ਦੇਰ ਬਾਅਦ ਉਸ ਫੇਰ ਪੁਛਿਆ । ਗੁੱਸੇ ਵਿਚ ਤੇ ਨਹੀਂ ਮਲਕ ਸਾਹਿਬ ?"

"ਹੈਸਨ ਤੇ ਗੁੱਸੇ ਵਿਚ ਪਰ ਮੈਂ......"

"ਪਰ ਤੂੰ ਕੀ ? ਲੰਬੜ ਨੇ ਕਾਹਲੀ ਨਾਲ ਪੁਛਿਆ ।"

"ਮੈਂ ਝੂਠ ਬੋਲ ਕੇ ਠੰਢਾ ਕਰ ਆਇਆਂ ।"

"ਉਹ ਕਿਵੇਂ ?"

"ਪੁਛਦੇ ਸਨ ਲੰਬੜ ਕਿਥੇ ਹੈਂ, ਮੈਂ ਕਿਹਾ ਸੀ ਸਾਰੇ ਬੰਦਿਆਂ ਸਮੇਤ ਮੁਰੱਬਿਆਂ ਨੂੰ ਗਏ ਆ । ਬਾਗ ਵਿਚ ਅਜ ਕੋਈ ਬੰਦਾ ਪਰੰਦਾ ਨਹੀਂ ਦਿਸਦਾ ।"

"ਸੱਚ ! ਸ਼ਾਬਾਸ਼ ਤੂੰ ਬਹੁਤ ਸਿਆਣਾ ਏਂ ।" ਲੰਬੜ ਨੇ ਸੁਖ ਦਾ ਸਾਹ ਲੈਂਦਿਆਂ ਆਖਿਆ ।

"ਪਰ ਤੁਸੀਂ ਜ਼ਰਾ ਜਲਦੀ ਚਲੋ, ਮਲਕ ਸਾਹਿਬ ਕਿਤੇ ਏਧਰ ਹੀ ਨਾ ਆ ਜਾਣ । ਫੇਰ ਤੁਹਾਡੇ ਨਾਲ ਮੇਰੀ ਜਾਨ ਦੀ ਵੀ ਖ਼ੈਰ ਨਹੀਂ ।" ਚੌਕੀਦਾਰ ਨੇ ਅਹਿਸਾਨ ਜਤਾਂਦਿਆਂ ਆਖਿਆ ।

"ਪਰ ਤੂੰ ਆਪੇ ਤੇ ਆਹਨਾਂ ਏਂ ਕਿ ਤੂੰ ਆਖ ਆਇਐਂ ਕਿ ਮੈਂ ਮੁੱਰਬਿਆ ਨੂੰ ਗਿਆ ਹੋਇਆ" ਲੰਬੜ ਨੂੰ ਕੁੱਝ ਸ਼ੱਕ ਜਿਹਾ ਪੈ ਗਿਆ ।

"ਪਰ ਚੌਧਰੀ, ਮੈਂ ਇਹ ਵੀ ਆਖ ਆਇਆ ਕਿ ਹੁਣ ਤਕ ਤੁਸੀਂ ਪਰਤ ਆਏ ਹੋਵੇਗੇ ।"

"ਕਿਉਂ ?"

ਜੇਕਰ ਗੁੱਸੇ ਵਿਚ ਆਏ ਮਲਕ ਸਾਹਿਬ ਉਧਰ ਨੂੰ ਤੁਰ ਪੈਂਦੇ ਫੇਰ......?

ਚੌਕੀਦਾਰ ਦੀ ਦੂਰ ਅੰਦੇਸ਼ੀ ਨੇ ਲੰਬੜਦਾਰ ਨੂੰ ਕਾਇਲ ਕਰ ਲਿਆ ਸੀ । ਉਹਦੇ ਮੋਢੇ ਨੂੰ ਥਾਪੜਦਿਆਂ ਬੋਲਿਆ : "ਤੂੰ ਤੇ ਛੁਪਿਆ ਲਾਲ

ਨਿਕਲਿਆ ਏਂ ।''

"ਪਰ ਤੁਸੀਂ ਜਲਦੀ ਚਲੋ । ਕਿਤੇ ਖੇਲ ਹੀ ਨ ਚੌਪਟ ਹੋ ਜਾਏ ।''

"ਹੁਣੇ ਲੈ ।'' ਕਹਿੰਦਿਆਂ ਲੰਬੜ ਕਾਹਲੀ ਨਾਲ ਤਿਆਰ ਹੋਣ ਲਗ ਪਿਆ । ਮੂੰਹ ਹਥ ਧੋ ਉਸ ਕਪੜੇ ਬਦਲ ਲਏ ਤੇ ਫੇਰ ਲੋਈ ਦੀ ਬੁਕਲ ਮਾਰ ਬਾਹਰ ਵਲ ਨਿਕਲਦਿਆਂ ਬੋਲਿਆ : "ਚਲ ਭਈ ।''

ਚੌਕੀਦਾਰ ਦੇ ਨਾਲ ਜਦੋਂ ਲੰਬੜ ਮਲਕ ਪਾਸ ਪੁੱਜਾ ਉਦੋਂ ਤਕ ਉਹ ਸ਼ਾਂਤ ਹੋ ਚੁਕਾ ਸੀ। ਮਲਕ ਸਾਹਿਬ ਨੂੰ ਝੁਕ ਕੇ ਪ੍ਰਨਾਮ ਕਰਨ ਤੋਂ ਬਾਅਦ ਉਸ ਸਾਹਮਣੇ ਖੜੋ ਬੜੇ ਅਦਬ ਨਾਲ ਪੁਛਿਆ। "ਤੁਸਾਂ ਗਰੀਬ ਨੂੰ ਯਾਦ ਕੀਤਾ ਏ ਮਹਾਰਾਜ। ਦਾਸ ਹਾਜ਼ਰ ਹੈ ।''

ਮਲਕ ਨੇ ਨਜ਼ਰ ਭਰ ਲੰਬੜ ਨੂੰ ਸਿਰ ਤੋਂ ਪੈਰਾਂ ਤਕ ਵੇਖਿਆ ਤੇ ਫ਼ੇਰ ਮੁਸਕਰਾ ਕੇ ਬੋਲਿਆ "ਬੀਜਾਈ ਦਾ ਕੰਮ ਠੀਕ ਠਾਕ ਹੋ ਰਿਹਾ ਏ ਨ।''

"ਹਾਂ ਬੰਦਾ ਪਰਵਰ, ਤੁਹਾਡੀ ਰਹਿਮਤ ਨਾਲ ਸਭ ਕੰਮ ਠੀਕ ਠਾਕ ਹੋ ਰਹੇ ਨੇ। ਮੈਂ ਹੁਣੇ ਮੁੱਰਬਿਆ ਵਲੋਂ ਆ ਰਿਹਾ ਆਂ ।

'ਸਾਰੇ ਬੰਦੇ ਠੀਕ ਠਾਕ ਕੰਮ ਕਰ ਰਹੇ ਨੇ, ਕੋਈ ਤੰਗ ਤੇ ਨਹੀਂ ਕਰਦਾ ਤੈਨੂੰ ।''

"ਨਹੀਂ, ਗਰੀਬ ਨਿਵਾਜ਼, ਤੁਹਾਡੇ ਹੁੰਦਿਆਂ ਮੈਨੂੰ ਕੋਈ ਤੰਗ ਕਰ ਸਕਦਾ ਏ ?''

"ਛੁੱਟੀ ਤੇ ਕਿੰਨੇ ਕੁ ਗਏ ਨੇ ।''

"ਕੋਈ ਵੀ ਨਹੀਂ ਹਜ਼ੂਰ ।''

"ਕੋਈ ਵੀ ਨਹੀਂ, ਇਹ ਕਿਵੇਂ ਹੋ ਸਕਦਾ ਏ ? ਇਹਨਾਂ ਦਿਨਾਂ ਵਿਚ ਤਾਂ ਅਮੂਮਨ ਕੁੱਝ ਨ ਕੁੱਝ ਬੰਦੇ ਜ਼ਰੂਰ ਦਾਅ ਮਾਰ ਜਾਂਦੇ ਨੇ ।''

"ਪਰ ਮਹਾਰਾਜ ਏਸ ਵਾਰ ਤੇ......ਕਹਿੰਦਾ ਕਹਿੰਦਾ ਲੰਬੜ ਰੁਕ ਗਿਆ। ਉਸ ਨੂੰ ਕੁੱਝ ਯਾਦ ਆ ਗਿਆ ਜਾਪਦਾ ਸੀ।

"ਹਾਂ ਤੂੰ ਕੀ ਕਹਿ ਰਿਹਾ ਸਾਂਏ ?'' ਮਲਕ ਦੀ ਅਵਾਜ਼ ਜ਼ਰਾ ਕੁਰੱਖਤ ਹੋ ਗਈ ਸੀ।

"ਹਜ਼ੂਰ ਇਕ ਬੰਦਾ ਗਿਆ ਏ ਛੁਟੀ ।''

"ਦੇਖਿਆਂ ਨਿਕਲ ਗਿਆ ਨਾ ਕੋਈ ਨ ਕੋਈ। ਕੌਣ ਏ ਉਹ ?''

"ਧੰਨਾ', ਹਜ਼ੂਰ......ਧੰਨਾ ਖਾਨਾਵਾਲੀ ਦਾ।"

"ਕਦੋਂ ਦਾ ਗਿਆ ਏ ?"

"ਜੀ ਜਦੋਂ ਦਾ ਤੁਹਾਡੇ ਤੋਂ ਛੁੱਟੀ ਲੈ ਕੇ ਗਿਆ ਏ ਪਰਤਿਆ ਨਹੀਂ।"

"ਮੇਰੇ ਤੋਂ ਛੁੱਟੀ ਲੈਕੇ ?"ਮਲਕ ਸੋਚੀਂ ਪੈ ਗਿਆ ਤੇ ਫ਼ੇਰ ਜਿਵੇਂ ਉਸ ਨੂੰ ਯਾਦ ਆ ਗਿਆ। ਮੱਥੇ ਵੱਟ ਪਾ ਬੜੇ ਗੁੱਸੇ ਨਾਲ ਬੋਲਿਆ : "ਉਹ ਬਦਦਿਮਾਗ ਹਰਾਮੀ ਅਜੇ ਤਕ ਨਹੀਂ ਆਇਆ।"

"ਜੀ ਨਹੀਂ।"

"ਉਹਦਾ ਪਤਾਂ ਕੀਤਾ ਏ ?"

"ਜੀ ਨਹੀਂ।"

"ਜੀ ਨਹੀਂ ਦੇ ਬਚੇ।......ਕਿਉ ਨਹੀਂ ਪਤਾ ਕੀਤਾ। ਇਸ ਤਰ੍ਹਾਂ ਤੇ ਇਕ ਇਕ ਕਰਕੇ ਸਾਰੇ ਚਲੇ ਜਾਣਗੇ।"

"ਪਰ ਹਜ਼ੂਰ ਉਹਨੂੰ ਤੇ......।"

ਲੰਬੜ ਨੇ ਅਜੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਮਲਕ ਕੜਕ ਕੇ ਬੋਲਿਆ : ਪਰ ਪੁਰ ਦਾ ਮੈਨੂੰ ਨਹੀਂ ਪਤਾ, ਸ਼ਾਮ ਤੋਂ ਪਹਿਲਾਂ ਪਹਿਲਾਂ ਉਹਨੂੰ ਪਕੜ ਕੇ ਲਿਆਓ, ਨਹੀਂ ਤੇ ਮਾਰ ਮਾਰ ਤੇਰੀ ਖਲੜੀ ਉਧੇੜ ਦਿਆਂਗਾ।"

"ਬਹੁਤ ਹੱਛਾ ਹਜ਼ੂਰ।" ਲੰਬੜ ਕੰਬਣ ਲਗ ਪਿਆ।

"ਜਾ ਦਫ਼ਾ ਹੋ ਜਾ, ਜਿਵੇਂ ਵੀ ਹੋਵੇ ਸ਼ਾਮ ਤੋਂ ਪਹਿਲਾਂ ਉਹਨੂੰ ਪਕੜ ਲਿਆਉ।"

ਲੰਬੜ ਸਿਰ ਝੁੱਕਾ, ਲੱਤਾਂ ਧਰੀਕਦਾ ਤੁਰ ਪਿਆ।

"ਖੋਤੇ ਨ ਹੋਣ ਤੇ। ਜਿਨਾਂ ਚਿਰ ਉਤੋਂ ਪੈਂਦੀਆ ਰਹਿਣ ਉਨੀ ਦੇਰ ਹੀ ਕੰਮ ਕਰਦੇ ਨੇ, ਨਿਮਕ ਹਰਾਮ।" ਮਲਕ ਨੇ ਬੜੇ ਜ਼ੋਰ ਨਾਲ ਧਰਤੀ ਤੇ ਥੁਕਿਆ ਤੇ ਫੇਰ ਤੇਜ਼ ਤੇਜ਼ ਕਦਮ ਪੁਟਦਾ ਹਵੇਲੀ ਵਲ ਹੋ ਤੁਰਿਆ। ਜਨਕ ਵੀ ਚੁਪਚਾਪ ਉਹਦੇ ਪਿਛੇ ਪਿਛੇ ਹੋ ਤੁਰੀ।

"ਭੋਜਨ ਜ਼ਰਾ ਜਲਦੀ ਤਿਆਰ ਕਰ ਦਿਉ, ਮੈਂ ਅਜ ਮਹਲਾਂ 'ਚੋਂ ਹੋ ਕੇ ਕਚਹਿਰੀ ਜਾਣਾ ਏ।" ਦੀਵਾਨਖ਼ਾਨੇ ਦੇ ਦਰਵਾਜ਼ੇ ਕੋਲ ਰੁਕਦਿਆਂ ਮਲਕ ਬੋਲਿਆ।"

"ਸਤ ਬਚਨ ਜੀ।" ਪਰ . ...

"ਪਰ ਕੀ ?"

"ਅਜ ਤੁਸੀਂ ਇਸ਼ਨਾਨ ਨਹੀਂ ਕਰੋਗੇ ?"

"ਕਿਉਂ, ਅਜ ਕੀ ਏ ?" ਸਵਾਲੀਆ ਨਜ਼ਰ ਨਾਲ ਜਨਕ ਨੂੰ ਤੱਕਦਿਆਂ ਮਲਕ ਮੁਸਕਰਾ ਪਿਆ।

"ਅਜ ਸੰਗਰਾਦ ਏ ਮੱਘਰ ਦੀ, ਕਾਨੇਤਰ ਖਤਮ ਹੋ ਗਿਆ ਏ।" ਜਨਕ ਕੇ ਆਪਣੇ ਚਿਹਰੇ ਤੇ ਮੁਸਕ੍ਰਾਹਟ ਲਿਔਣ ਦਾ ਯਤਨ ਕਰਦਿਆ ਕਿਹਾ।

"ਹੱਛਾ। ਫੇਰ ਤੇ ਇਸ਼ਨਾਨ ਕਰਨਾ ਹੀ ਪੈਣਾ ਏ। ਪਰ ਏਨੇ ਦਿਨ ਚੜ੍ਹੇ ਇਸ਼ਨਾਨ ਤੇ ਨਹੀਂ ਨ੍ਹਾਉਣ ਹੋਵੇਗਾ।" ਮਲਕ ਦੇ ਬੋਲਾਂ ਵਿਚ ਸ਼ਰਾਰਤ ਸੀ।

"ਰਾਮ ਰਾਮ ਕਰੋ। ਕਿੱਡੀਆਂ ਭੈੜੀਆਂ ਗੱਲਾਂ ਕਰਦੇ ਹੋ, ਨੌਣ ਹੋਵੇ ਤੁਹਾਡੇ ਦੁਸ਼ਮਣਾਂ ਦਾ।"

"ਕਿਉਂ ਦੁਸ਼ਮਣ ਕੋਈ ਵਾਧੂ ਆਏ ਨੇ ?" ਮਲਕ ਨੇ ਮੁਸਕੜੀ ਵਿਚ ਹਸਦਿਆਂ ਆਖਿਆ।

ਜਨਕ ਉਸ ਦਾ ਭਾਵ ਸਮਝ ਗਈ ਸੀ। ਹਯਾ ਨਾਲ ਉਹਦਾ ਚਿਹਰਾ ਲਾਲ ਬਿੰਬ ਹੋ ਗਿਆ। ਨਜ਼ਰ ਝੁਕ ਗਈ।

"ਬਸ ਸ਼ਰਮਾ ਗਈ ਤੇਰਾ ਨਾਂ ਜਨਕ ਨਹੀਂ ਲਾਜਵੰਤੀ ਹੋਣਾ ਚਾਹੀਦਾ ਏ, ਬਸ ਜ਼ਰਾ ਕੁ......ਤੇ ਮਲਕ ਨੇ ਲਾਡ ਨਾਲ ਉਹਦੀ ਸੱਜੀ ਗਲ੍ਹ ਤੇ

ਪੋਲੀ ਜਿਹੀ ਚਪਤ ਦੇ ਮਾਰੀ।

ਜਨਕ ਹੋਰ ਸੁੰਗੜ ਗਈ।

"ਪਾਣੀ ਭਰਿਆ ਪਿਆ ?" ਮਲਕ ਨੇ ਗੱਲ ਦਾ ਰੁਖ ਬਦਲਿਆ।

"ਹੂੰ, ਤੁਸੀਂ ਇਸ਼ਨਾਨ ਕਰੋ ਮੈਂ ਤੁਹਾਡੇ ਬਸਤਰ ਲਿਔਨੀ ਆਂ" ਕਹਿ ਜਨਕ ਛੇਤੀ ਨਾਲ ਉਥੋਂ ਟੁਰ ਪਈ।

"ਅਜ ਨਵੇਂ ਬਸਤਰ ਮਿਲਣਗੇ ? ਮਲਕ ਨੇ ਉਸਨੂੰ ਰੋਕਣ ਲਈ ਉਚੀ ਦੇਣੀ ਪੁਛਿਆ।"

"ਹਾਂ ਹਾਂ ਬਿਲਕੁਲ, ਉਸ ਮੂੰਹ ਪਿਛੇ ਘੁੰਮਾ ਕੇ ਆਖਿਆ ਪਰ ਉਹ ਰੁਕੀ ਨਹੀਂ।"

ਇਸ਼ਨਾਨ ਕਰਨ ਉਪਰੰਤ ਜਦੋਂ ਮਲਕ ਗੁਸਲਖ਼ਾਨੇ 'ਚੋਂ ਨਿਕਲ ਰਸੋਈ ਘਰ ਵਿਚ ਪੁੱਜਾ, ਜਨਕ ਭੋਜਨ ਤਿਆਰ ਕਰ ਚੁਕੀ ਸੀ। ਗਿਲੇ ਗਿਲੇ ਚੌਕੇ ਤੇ ਮਲਕ ਦੇ ਬੈਠਣ ਲਈ ਉਸ ਆਸਣ ਵਿਛਾ ਦਿਤਾ। ਮਲਕ ਆਸਣ ਤੇ ਬੈਠ ਗਿਆ ਤੇ ਜਨਕ ਭੋਜਨ ਪਰੋਸਣ ਲਗ ਪਈ। ਪਹਿਲਾਂ ਇਕ ਥਾਲ ਪਰੋਸ ਉਹ ਪ੍ਰਭੂ ਦੀ ਮੂਰਤੀ ਨੂੰ ਭੋਗ ਲਵਾ ਲਿਆਈ ਐਨਾ ਚਿਰ ਮਲਕ ਨੂੰ ਚੁਪਚਾਪ ਬੈਠੇ ਰਹਿਣਾ ਔਖਾ ਜਿਹਾ ਭਾਸਿਆ। ਉਸ ਦੋਵੇਂ ਹਥ ਜੋੜਦਿਆਂ ਆਖਿਆ : "ਭੋਜਨ ਦਾ ਸਵਾਲ ਹੈ, ਦੇਵੀ।"

ਸੁਣਕੇ ਜਨਕ ਖਿੜ ਖਿੜਾਕੇ ਹੱਸ ਪਈ। ਛੇਤੀ ਛੇਤੀ ਥਾਲ ਪਰੋਸ ਮਲਕ ਵਲ ਵਧਾਂਦਿਆਂ ਉਹ ਬੋਲੀ : ਭੋਗ ਲਾਉ ਸੁਆਮੀ।"

"ਭਈ ਸਿਰਫ ਭੋਗ ਲਾਇਆਂ ਗੱਲ ਨਹੀਂ ਬਣਨੀ, ਮੈਨੂੰ ਤੇ ਭੁਖ ਲਗੀ ਏ।" ਮਲਕ ਨੇ ਪੀਡਾ ਜਿਹਾ ਮੂੰਹ ਕਰਕੇ ਆਖਿਆ।

ਜਨਕ ਦਾ ਹਾਸਾ ਡੁਲ੍ਹ ਪਿਆ। ਬੜੀਆਂ ਸ਼ਰਾਰਤਾਂ ਕਰਦੇ ਓ ਅਜ ! ਆਖ ਨਜ਼ਰ ਭਰ ਮਲਕ ਦੇ ਚਿਹਰੇ ਵਲ ਤਕਦਿਆਂ ਜਨਕ ਨੇ ਨਜ਼ਰ ਝੁਕਾ ਲਈ।

'ਤਾਂ ਮੈਂ ਸ਼ਰਾਰਤੀ ਹੋਇਆ ? ਜ਼ਰਾ ਏਧਰ ਵੇਖੋ ਨ ?"

ਜਨਕ ਦੀਆਂ ਨਜ਼ਰਾਂ ਉਠੀਆਂ ਪਰ ਮਲਕ ਨਾਲ ਨਜ਼ਰ ਮਿਲਦਿਆਂ ਹੀ ਫੇਰ ਝੁਕ ਗਈਆਂ।

"ਠੀਕ ਏ ਭਈ ਇਥੇ ਤੁਹਾਡਾ ਰਾਜ ਏ ਜੋ ਮਰਜ਼ੀ ਏ ਆਖੋ, ਤੁਹਾਡੇ ਖਿਲਾਫ਼ ਕਿਹੜਾ ਕਿਤੇ ਫਰਿਆਦ ਹੋਣੀ ਏ। ਮਲਕ ਨੇ ਪਿਆਰ ਭਰੇ ਗੁੱਸੇ ਵਿਚ ਆਖਿਆ।"

"ਪਰ ਮੈਂ......

"ਪਰ ਮੈਂ ਕੀ ? ਮਲਕ ਨੇ ਆਵਾਜ਼ ਜਾਣਕੇ ਹੋਰ ਕੁਰਖਤ ਕਰ ਲਈ।

"ਦੋ ਹੰਝੂ ਜਨਕ ਦੀਆਂ ਅੱਖਾਂ ਨਾਲੋਂ ਨਾਤਾ ਤੋੜ ਧਰਤੀ ਤੇ ਡਿਗਕੇ ਗਵਾਚ ਗਏ। ਬੁਰਕੀ ਭੰਨਣ ਲੱਗਾ ਮਲਕ ਦਾ ਹਥ ਰੁਕ ਗਿਆ। ਹੈਰਾਨੀ ਨਾਲ ਜਨਕ ਵਲ ਤੱਕਦਾ ਬੋਲਿਆ : "ਬਸ ਹੋ ਗਈ ਨਾਰਾਜ਼।" ਤੇ ਉਹ ਖਿੜ ਖਿੜਾਕੇ ਹਸ ਪਿਆ।

ਜਨਕ ਝੇਪ ਗਈ। ਛੇਤੀ ਨਾਲ ਦੁਪਟੇ ਦੀ ਕੰਨੀ ਨਾਲ ਅੱਖਾਂ ਪੂੰਝ ਉਹ ਮੁਸਕਰਾਣ ਦਾ ਯਤਨ ਕਰਦੀ ਹੋਈ ਬੋਲੀ : "ਤੁਸੀਂ ਤੇ ਝਟ ਹੀ ਅਗਲੇ ਦੀ ਜਾਨ ਕੱਢ ਦੇਂਦੇ ਹੋ।"

"ਸੱਚ।"

"ਨਹੀਂ ਹੋਰ ਝੂਠ।" ਕਹਿ ਜਨਕ ਨੇ ਫੇਰ ਨੀਵੀਂ ਪਾ ਲਈ।

"ਕੁੱਝ ਹੋਰ ਮਿਲੇਗਾ ਕਿ.........। ਮਲਕ ਨੇ ਜਾਣ ਕੇ ਵਾਕ ਅਧੂਰਾ ਛੱਡ ਦਿਤਾ।

ਜਨਕ ਨੇ ਤ੍ਰਬਕ ਕੇ ਉਪਰ ਦੇਖਿਆ। ਮਲਕ ਦੀ ਥਾਲੀ ਖਾਲੀ ਪਈ ਸੀ, ਬਿਨਾ ਪੁੱਛੇ ਹੀ ਉਸ ਕਾਹਲੀ ਨਾਲ ਤਿੰਨ ਚਾਰ ਪੂੜੇ ਥਾਲੀ ਵਿਚ ਰਖ ਦਿਤੇ।

"ਐਨੇ! ......ਖਾਏਗਾ ਕੌਣ ?"

"ਜਿਹੜੇ ਵਧ ਜਾਣਗੇ ਮੈਂ ਖਾ ਲਵਾਂਗੀ।"

'ਕਿਉਂ ? ਆਪਣੀ ਥਾਲੀ ਵਿਚ ਪਈ ਚੀਜ਼ ਕੋਈ ਛੱਡਦਾ ਏ ?"

ਜਨਕ ਨੂੰ ਕੋਈ ਜਵਾਬ ਨਹੀਂ ਸੁਝਿਆ, ਇਸ ਲਈ ਉਸ ਨੇ ਹੁੰਗਾਰਾ ਨਹੀਂ ਭਰਿਆ। ਪਰ ਦਿਲ ਵਿਚ ਉਹ ਬਹੁਤ ਖੁਸ਼ ਸੀ। ਮਲਕ ਰਾਤ ਵਾਲੀ ਗੱਲ ਨੂੰ ਬਿਲਕੁਲ ਭੁਲ ਚੁਕਾ ਸੀ, ਜਨਕ ਸੋਚਣ ਲਗ ਪਈ : ਕਿੱਡਾ ਚੰਗਾ ਸੁਭਾ ਏ ਇਹਨਾਂ ਦਾ। ਕਿਸੇ ਗੱਲ ਨੂੰ ਦਿਲ ਵਿਚ ਨਹੀਂ ਰਖਦੇ। ਜੇ ਇਕ ਪਲ ਉਦਾਸ ਹੋ ਵੀ ਜਾਂਦੇ ਨੇ ਤਾਂ ਦੂਜੇ ਪਲ ਖਿੜ ਖਿੜਾਕੇ ਹੱਸ

ਵੀ ਲੈਂਦੇ ਨੇ। ਪਤਾ ਨਹੀਂ ਲੱਗਦਾ ਇਹਨਾਂ ਨੂੰ ਕਿਹੜੇ ਵੇਲੇ ਗੁੱਸਾ ਚੜ੍ਹ ਜਾਂਦਾ ਏ ਤੇ ਕਿਹੜੇ ਵੇਲੇ ਪਿਆਰ ਉਮੱਡ ਪੈਂਦਾ ਹੈ। ਜੇ ਗੁੱਸੇ ਵਿਚ ਆਏ ਕਦੇ ਵਾਧੀ ਘਾਟੀ ਕਰ ਵੀ ਲੈਂਦੇ ਨੇ ਤਾਂ ਮਗਰੋਂ ਪਛਤਾਵੇ ਦੇ ਹੰਝੂ ਕੇਰਨ ਲਗ ਪੈਂਦੇ ਨੇ। ਗੱਲ ਗੱਲ ਤੇ ਹਾਸਾ ਮਜ਼ਾਕ ਕਰ ਅਗਲੇ ਦਾ ਗੁੱਸਾ ਮਾਰ ਦੇਂਦੇ ਨੇ। ਆਪ ਤੇ ਕਦੇ ਰੁਸਦੇ ਨਹੀਂ ਪਰ ਰੁਸਿਆਂ ਨੂੰ ਮਨਾਣ ਦੇ ਉਸਤਾਦ ਨੇ, ਉਸਤਾਦ ! ਇਹੋ ਜਿਹਾ ਸੁਭਾ ਤੇ ਰੱਬਾ ਸਾਰਿਆਂ ਦੇ......

"ਕਿਹੜੀਆਂ ਸੋਚਾਂ ਵਿਚ ਗਵਾਚ ਗਏ ਹੋ, ਹਰ ਵੇਲੇ ਮੇਰੇ ਬਾਰੇ ਨ ਸੋਚਿਆ ਕਰੋ।" ਮਲਕ ਦੇ ਇਹ ਬੋਲ ਕੰਨੀਂ ਪੈਂਦਿਆਂ ਹੀ ਜਨਕ ਤ੍ਰਬਕ ਪਈ। ਉਹਦੀ ਸੋਚ ਲੜੀ ਟੁਟ ਗਈ। ਜਿਵੇਂ ਕੋਈ ਚੋਰ ਚੋਰੀ ਕਰਦਾ ਫੜਿਆ ਜਾਏ, ਉਹ ਕੱਚੀ ਜਿਹੀ ਹੋ ਗਈ। ਹੱਯਾ ਨਾਲ ਉਹਦਾ ਚਿਹਰਾ ਲਾਲ ਹੋ ਗਿਆ। ਘਬਰਾਈ ਤੇ ਸ਼ਰਮਾਈ ਜਿਹੀ ਨਜ਼ਰੇ ਉਸ ਨਜ਼ਰ ਭਰ ਮਲਕ ਵਲ ਤਕਿਆ ਤੇ ਫੇਰ ਨਜ਼ਰਾਂ ਝੁਕਾ ਲਈਆਂ।

"ਕਿਸੇ ਬਾਰੇ ਬਹੁਤਾ ਨਹੀਂ ਸੋਚੀਦਾ,...ਛੇਤੀ ਭੋਜਨ ਕਰੋ।" ਉਠਦਾ ਹੋਇਆ ਮਲਕ ਬੋਲਿਆ। ਮਲਕ ਨੇ ਕਿਸ ਵੇਲੇ ਖਾਣਾ ਸਮਾਪਤ ਕਰਕੇ ਕੁਰਲੀ ਕੀਤੀ ਤੇ ਪ੍ਰਭੂ ਦੇ ਸ਼ੁਕਰਾਨੇ ਦਾ ਮੰਤਰ ਉਚਾਰਿਆ, ਜਨਕ ਨੂੰ ਪਤਾ ਨਹੀਂ। ਉਹ ਤੇ ਆਪਣੀਆਂ ਸੋਚਾਂ ਵਿਚ ਗਵਾਚੀ ਹੋਈ ਸੀ।

"ਹੁਣ ਕਰੋ ਵੀ ਨਾ ਭੋਜਨ ? ਬੱਸ ਕਰੋ।" ਰਸੋਈ ਘਰ ਦੇ ਦਰਵਾਜ਼ੇ ਕੋਲ ਜਾ ਮਲਕ ਨੇ ਪਿਛੇ ਮੂੰਹ ਮੋੜ ਕੇ ਫੇਰ ਆਖਿਆ।

ਜਨਕ ਹਮੇਸ਼ਾ ਹੀ ਪਤੀ ਦੇ ਘਰੋਂ ਚਲੇ ਜਾਣ ਉਪਰੰਤ ਭੋਜਨ ਕਰਦੀ ਸੀ ਪਰ ਅਜ ਉਸ ਤੋਂ ਜਿਵੇਂ ਮਲਕ ਦਾ ਆਖਾ ਮੋੜਿਆ ਨਹੀਂ ਗਿਆ।

ਜਦੋਂ ਜਨਕ ਖਾ ਪੀ ਕੇ ਰਸੋਈ ਘਰ 'ਚੋਂ ਬਾਹਰ ਨਿਕਲੀ ਸਾਹਮਣੇ ਬਰਾਂਡੇ ਵਿਚ, ਦਰਬਾਰ ਜਾਣ ਲਈ ਤਿਆਰ ਖੜਾ ਮਲਕ ਉਸਦੀ ਇੰਤਜ਼ਾਰ ਕਰ ਰਿਹਾ ਸੀ। ਜਨਕ ਨੂੰ ਵੇਖ ਉਹਦੇ ਚਿਹਰੇ ਤੇ ਸ਼ਰਾਰਤਮਈ ਮੁਸਕਾਣ ਖਿੰਡ ਪਈ।

ਜਨਕ ਸ਼ਰਮਾ ਗਈ। ਪਰ ਪੋਲੇ ਪੋਲੇ ਕਦਮ ਪੁਟਦੀ ਉਹ ਉਸਦੇ ਕੋਲ ਜਾ ਹੀ ਪਹੁੰਚੀ। ਮਲਕ ਕੇ ਬੜੇ ਪਿਆਰ ਨਾਲ ਉਸਨੂੰ ਆਪਣੀਆਂ ਬਾਹਵਾਂ ਵਿਚ ਵਲ ਲਿਆ ਤੇ ਫ਼ੇਰ ਉਸਦੇ ਗੁਲਾਬੀ ਹੋਠਾਂ ਨੂੰ ਚੁੰਮਕੇ

ਬੋਲਿਆ 'ਸ਼ੁਕਰੀਆ''

''ਕਦੋਂ ਪਰਤਗੇ ।'' ਤੁਰਨ ਲਈ ਉਠੇ ਮਲਕ ਦੇ ਕਦਮ ਨੂੰ ਜਨਕ ਦੇ ਬੋਲਾਂ ਨੇ ਉਥੇ ਹੀ ਰੋਕ ਲਿਆ ਮੁਸਕਰਾ ਕੇ ਜਨਕ ਵਲ ਤੱਕਦਾ ਮਲਕ ਬੋਲਿਆ : ''ਜਦੋਂ ਕਹੋ ।''

''ਛੇਤੀ ਆ ਜਾਇਆ ਜੇ ।''

''ਕਿੱਡੀ ਛੇਤੀ ?''

'ਏਡੀ ਛੇਤੀ।' ਜਨਕ ਨੇ ਚੁਟਕੀ ਮਾਰਦਿਆਂ ਆਖਿਆ ਤੇ ਫਿਰ ਉਹ ਦੋਵੇਂ ਹੀ ਖਿੜ ਖਿੜਾਕੇ ਹੱਸ ਪਏ ।

''ਹੱਛਾ ।' ਕਹਿ ਮਲਕ ਫੇਰ ਤੁਰਨ ਹੀ ਲੱਗਾ ਸੀ । ਕਿ ਜਨਕ ਫੇਰ ਬੋਲ ਪਈ : ''ਸੱਚ ਜ਼ਰਾ ਸੁਣਿਆ ਜੇ ।''

''ਦਸੋ ਹਜ਼ੂਰ । ਮੈਨੂੰ ਦੇਰ ਹੋ ਰਹੀ ਏ ।''

''ਦੁਪਹਿਰੇ ਖਾਣਾ ਖਾਣ ਆਉਗੇ ਨ ?''

'ਨਹੀਂ । ਅਜ ਤੇ ਮੁਸ਼ਕਲ ਏ । ਮੈਂ ਏਨੇ ਦਿਨ ਬਾਹਰ ਰਿਹਾ ਹਾਂ, ਪਤਾ ਨਹੀਂ ਪਿਛੇ ਕੰਮ ਕਿੰਨਾ ਕੁ ਉਲਝਿਆ ਪਿਆ ਏ ।

''ਆ ਜਾਇਆ ਜੇ ਕੰਮ ਤੇ ਸਦਾ ਹੁੰਦੇ ਹੀ ਰਹਿੰਦੇ ਨੇ '' ਜਨਕ ਨੇ ਜਿਵੇਂ ਤਰਲਾ ਪਾਇਆ । ਤੇ ਫ਼ੇਰ ਕੁੱਝ ਦੇਰ ਰੁਕ ਕੇ ਬੋਲੀ ''ਅਜ ਦੁਪਹਿਰੇ ਪਰੋਹਿਤ ਜੀ ਦਾ ਭੋਜਣ ਆਖਿਆ ਹੋਇਆ ਏ, ਜ਼ਰੂਰ ਆਇਆ ਜੇ ।''

''ਕੋਸ਼ਸ਼ ਕਰਾਂਗਾ ।''

''ਕੋਸ਼ਸ਼ ਨਹੀਂ, ਜ਼ਰੂਰ ।'' ਕਹਿ ਜਨਕ ਨੇ ਉਹਦੇ ਗਲ ਬਾਹਵਾਂ ਪਾ ਲਈਆਂ ।

''ਹੱਛਾ ਬਾਬਾ ਜ਼ਰੂਰ ਸਹੀ ।'' ਪਿਆਰ ਨਾਲ ਜਨਕ ਦੀ ਪਿੱਠ ਪਲੋਸਦਾ ਮਲਕ ਬੋਲਿਆਂ : ''ਪਰ ਭੋਜਨ......ਕੁੱਝ ਕਹਿੰਦਾ ਕਹਿੰਦਾ ਮਲਕ ਰੁਕ ਗਿਆ । ਉਹਦੀ ਨਜ਼ਰ ਡਿਉਢੀ ਵਲ ਮੁੜੇ ਜਾਂਦੇ ਮਿਸਰ ਤੇ ਜਾ ਪਈ ਸੀ । ਮਿਸਰ ਦੇ ਕੁਛੜ ਇਕ ਬਚਾ ਚੁਕਿਆ ਹੋਇਆ ਸੀ ਜੋ ਮਿਸਰ ਦੇ ਮੋਢੇ ਨਾਲ ਲਗਾ ਏਧਰ ਹੀ ਝਾਕ ਰਿਹਾ ਸੀ । ਪਤਾ ਨਹੀਂ ਇਹ ਕਦੋਂ ਦਾ ਇਥੇ ਖੜਾ ਏ ? ਸੋਚ ਮਲਕ ਕੱਚਾ ਜਿਹਾ ਹੋ ਗਿਆ ਤੇ ਫ਼ੇਰ ਉਸ ਜਨਕ ਨੂੰ ਮੋਢਿਓਂ ਫੜ ਪਰ੍ਹਾਂ ਕਰਦਿਆ ਆਖਿਆ ''ਜਾਨ ਤੂੰ ਵੀ ਖਿਆਲ

ਨਹੀਂ ਕੀਤਾ ਕਿ ਵਿਹੜੇ ਵਿਚ ਮਿਸਰ......।"

ਮਲਕ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਜਨਕ "ਹਾਏ ਰਾਮ" "......ਕਰਦੀ ਹੋਈ ਅੰਦਰ ਵਲ ਭੱਜ ਗਈ।"

ਡਿਊਢੀ ਦੇ ਦਰਵਾਜ਼ੇ ਕੋਲ ਪਹੁੰਚ ਮਿਸਰ ਨੇ ਮੁੜਕੇ ਪਿਛੇ ਤਕਿਆ। ਮਲਕ ਉਸ ਵਲ ਤੁਰਿਆਂ ਆ ਰਿਹਾ ਸੀ। ਇਕ ਵਾਰ ਤਾਂ ਉਹ ਕੰਬ ਗਿਆ ਪਰ ਝਟ ਹੀ ਉਸਨੇ ਆਪਣੇ ਆਪ ਤੇ ਕਾਬੂ ਪਾ ਲਿਆ।

ਮਲਕ ਦੇ ਕੋਲ ਪੁਜਣ ਤੇ ਉਸ ਝੁਕ ਕੇ ਪ੍ਰਨਾਮ ਕੀਤਾ ਤੇ ਫ਼ੇਰ ਕੁਛੜ ਚੁਕੇ ਬਚੇ ਦੇ ਕੰਨ ਕੋਲ ਮੂੰਹ ਕਰਕੇ ਬੋਲਿਆ "ਰਾਜਾ ਜੀ ਨੂੰ ਨਸਮਕਾਰ ਕਰੋ ਬੇਟੇ।"

"ਨਮਤਕਾਰ" ਤੋਤਲੀ ਜਿਹੀ ਅਵਾਜ਼ ਸੁਣ ਮਲਕ ਮੁਸਕਰਾ ਪਿਆ।

"ਤੇਰਾ ਨਾਂ ਕੀ ਏ?"

"ਕਿਤਨ ਕਨਈਆ।" ਬਚੇ ਨੇ ਸਹਿਜ ਸੁਭਾ ਉਤਰ ਦਿਤਾ।

"ਬੜਾ ਪਿਆਰਾ ਬਚਾ ਏ, ਮਿਸਰ ਇਹ ਤੇਰਾ ਏ?"

"ਨਹੀਂ ਹਜ਼ੂਰ ਮੇਰਾ ਪੋਤਰਾ ਏ। "ਪਰ ਹੈ ਬੜਾ ਅੜਬ ਤੇ ਜ਼ਿੱਦੀ। ਜਦੋਂ ਵੀ ਮੈਂ ਘਰੋਂ ਨਿਕਲਣ ਲਗਦਾ ਹਾਂ ਅੜੀ ਪਾ ਬਹਿੰਦਾ ਏ 'ਮੈਂ ਵੀ ਦਾਨਾ, ਮੈ ਵੀ ਦਾਨਾ' ਕਰਦਾ ਸਾਰਾ ਘਰ ਸਿਰ ਤੇ ਚੁਕ ਲੈਂਦਾ ਏ।"

"ਤੂੰ ਇਹਨੂੰ ਨਾਲ ਹੀ ਲੈ ਆਇਆ ਕਰ, ਹਰ ਰੋਜ਼?"

"ਨਾਲ ਹਜ਼ੂਰ! ਪਰ......

"ਪਰ ਕੀ? ਇਹਨੂੰ ਇਥੇ ਹਵੇਲੀ ਵਿਚ ਛੱਡ ਦਿਆ ਕਰ। ਆਪੇ ਖੇਡਦਾ ਰਹੇਗਾ, ਨਾਲੇ......ਮਲਕ ਕੁਝ ਕਹਿੰਦਾ ਕਹਿੰਦਾ ਰੁਕ ਗਿਆ।

"ਤੁਸੀਂ ਬੜੇ ਦਿਆਲੂ ਜੇ ਮਹਾਰਾਜ। ਪਰ ਬਚੇ ਮਾਂਵਾਂ ਬਿਨਾ ਇਕ ਪਲ ਨਹੀਂ ਟਿਕਦੇ। ਨਾਲੇ ਇਹਦੀ ਮਾਂ ਤੇ ਇਹਦੇ ਬਗੈਰ ਝਟ ਹੀ ਉਦਾਸ ਹੋ ਜਾਂਦੀ ਏ। ਇਕ ਵਾਰ ਹਜ਼ੂਰ ਅਸੀਂ ਇਸ ਮੁੰਡੇ ਨੂੰ ਲਾਗਲੇ ਪਿੰਡ ਵਿਆਹ ਤੇ ਲੈ ਗਏ। ਦਾਦੀ ਦੇ ਨਾਲ ਹੁੰਦਿਆਂ ਮੁੰਡੇ ਨੇ ਤਾਂ ਮਾਂ ਨੂੰ ਯਾਦ ਨ ਕੀਤਾ। ਪਰ ਜਦੋਂ ਅਸੀਂ ਘਰ ਆਏ ਤਾਂ ਇਹਦੀ ਮਾਂ ਕਿਨਾ ਚਿਰ ਇਹਨੂੰ ਗੱਲ ਨਾਲ ਲਾਈ ਰੋਂਦੀ ਰਹੀ। ਬਚੇ ਦੇ ਪਿਛੇ ਉਸ ਨੇ ਕੁਝ

ਨਹੀਂ ਸੀ ਖਾਧਾ ਪੀਤਾ ।''

"ਕਿਉਂ ?" ਮਲਕ ਨੇ ਹੈਰਾਨ ਹੋ ਕੇ ਪੁਛਿਆ ।

"ਬਚੇ ਹੀ ਤੇ ਘਰ ਦੀ ਰੌਣਕ ਹੁੰਦੇ ਨੇ ਮਹਾਰਾਜ । ਬਚਿਆਂ ਬਿਨਾਂ ਮਾਵਾਂ ਨੂੰ ਕੁਝ ਚੰਗਾ ਨਹੀਂ ਲਗਦਾ ।''

ਮਿਸਰ ਕਹਿ ਤੇ ਗਿਆ ਪਰ ਝੱਟ ਹੀ ਉਸ ਨੂੰ ਮਹਿਸੂਸ ਹੋ ਗਿਆ ਕਿ ਜੋ ਕੁਝ ਉਸ ਆਖਿਆ ਏ, ਉਸ ਨੂੰ ਨਹੀਂ ਸੀ ਆਖਣਾ ਚਾਹੀਦਾ। ਮਲਕ ਦਾ ਚਿਹਰਾ ਜਿਹੜਾ ਹੁਣੇ ਖ਼ੁਸ਼ ਖ਼ੁਸ਼ ਨਜ਼ਰ ਆ ਰਿਹਾ ਸੀ, ਇਕ ਦਮ ਮੁਰਝਾਸਿਆ ਗਿਆ ਸੀ । ਕਿੰਨੀ ਦੇਰ ਬਾਅਦ ਉਦਾਸੀ ਭਿੱਜੀ ਆਵਾਜ਼ ਵਿਚ ਬੋਲਿਆ : "ਸੱਚ ਆਖਨੈ ਮਿਸਰ, ਬਚਿਆਂ ਬਿਨਾਂ ਘਰ ਵਿਚ ਰੌਣਕ ਨਹੀਂ ਲਗਦੀ ਪਰ .....''

"ਪਰਮਾਤਮਾ ਦੇ ਘਰ ਘਾਟਾ ਨਹੀਂ, ਹਜ਼ੂਰ, ਤੇ ਉਹਦੇ ਦਰ ਤੋਂ ਕੋਈ ਖਾਲੀ ਵੀ ਨਹੀਂ ਪਰਤਦਾ । ਕਦੇ ਨ ਕਦੇ ਤਰੁਠੇਗਾ ਹੀ । ਮੈਂ ਤੇ ਹਜ਼ੂਰ, ਦੋ ਵੇਲੇ ਅਰਦਾਸ ਕਰਨਾਂ ਕਿ ਪਰਮਾਤਮਾ ਇਹਨਾਂ ਮਿਲਖਾਂ-ਹਵੇਲੀਆਂ ਦਾ ਮਾਲਕ ਬਖਸ਼ੇ ।''

"ਪਰ ਜੇ ਤਕਦੀਰ ਹੀ ਸੜੀ ਹੋਏ ਤਾਂ ਅਰਦਾਸਾਂ ਕੀ ਕਰਨਗੀਆਂ ?''

"ਇੰਝ ਨਾ ਆਖੋ ਹਜ਼ੂਰ ! ਤਕਦੀਰ ਸੜੇ ਤੁਹਾਡੇ ਦੁਸ਼ਮਣਾਂ ਦੀ ।''

ਮਲਕ ਨੇ ਹੁੰਗਾਰਾ ਨਹੀਂ ਭਰਿਆ । ਠੰਢਾ ਸਾਹ ਭਰ ਉਹ ਖ਼ਿਆਲਾਂ ਵਿਚ ਗਵਾਚ ਗਿਆ ।

ਕਿੰਨੀ ਦੇਰ ਚੁਪ ਛਾਈ ਰਹੀ । ਤੇ ਫੇਰ ਮਿਸਰ ਨੇ ਚੁਪ ਨੂੰ ਤੋੜਦਿਆਂ ਆਖਿਆ : "ਹਜ਼ੂਰ ਜੇ ਹੁਕਮ ਕਰੋ ਤਾਂ ਮੈਂ ਬਚੇ ਨੂੰ ਘਰ ਛੱਡ ਆਵਾਂ । ਮੈਨੂੰ ਤੁਹਾਡੇ ਔਣ ਦੀ ਖਬਰ ਨਹੀਂ ਸੀ ਮਿਲੀ, ਪਤਾ ਹੀ ਕਰਨ ਆਇਆ ਸਾਂ ਨਹੀਂ ਤੇ ਬਚੇ ਨੂੰ......।

"ਜਾਓ !'' ਮਿਸਰ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮਲਕ ਨੇ ਉਸ ਨੂੰ ਜਾਣ ਲਈ ਕਹਿ ਦਿਤਾ ।

"ਹੁਣੇ ਆਇਆ ਹਜ਼ੂਰ'', ਕਹਿ ਮਿਸਰ ਚਲਾ ਗਿਆ ।

ਜਦੋਂ ਮਿਸਰ ਘਰੋਂ ਪਰਤ ਕੇ ਆਇਆ, ਮਲਕ ਦੀਵਾਨ ਖ਼ਾਨੇ ਵਿਚ ਬੈਠਾ ਸ਼ਰਾਬ ਪੀ ਰਿਹਾ ਸੀ। ਮਿਸਰ ਨੂੰ ਵੇਖ ਕੇ ਬੋਲਿਆ : "ਆਹ ਦਰਖਾਸਤ ਦੇ ਆ ਮਿਸਰ, ਅਜ ਮੈਂ ਦਰਬਾਰ ਨਹੀਂ ਜਾਣਾ, ਮੇਰੀ ਤਬੀਅਤ

ਠੀਕ ਨਹੀਂ ਅਜ ।

''ਜੋ ਹੁਕਮ ਹਜ਼ੂਰ, ਕਹਿ ਮਿਸਰ ਨੇ ਸਿਰ ਝੁਕਾ ਕੇ ਦਰਖਾਸਤ ਫੜ ਲਈ ।''

''ਜਾਉ ਜਲਦੀ ਦੇ ਆਉ ।''

ਮਿਸਰ ਚੁਪ ਚਾਪ ਬਾਹਰ ਨਿਕਲ ਆਇਆ, ਬੋਲਿਆ ਕੁਝ ਨਹੀਂ ।

ਮਿਸਰ ਜਦੋਂ ਦਰਬਾਰੋਂ ਪਰਤ ਕੇ ਆਇਆ ਦੀਵਾਨਖ਼ਾਨੇ ਦਾ ਦਰਵਾਜ਼ਾ ਬੰਦ ਸੀ। ਉਹ ਸਿੱਧਾ ਵਿਹੜੇ ਵਿਚ ਲੰਘ ਗਿਆ। ਕੁੱਝ ਦੇਰ ਖਲੋਤਾ ਰਹਿਣ ਤੇ ਵੀ ਜਦੋਂ ਕੋਈ ਜਣਾ ਇਧਰੋਂ ਉਧਰ ਨਿਕਲਦਾ ਨਜ਼ਰੀ ਨਾ ਆਇਆ ਤਾਂ ਉਸਨੇ ਉਚੀ ਦੇਣੀ ਅਵਾਜ਼ ਵਿਚ ਪੁਕਾਰਿਆ '  ਜਨਕ ਬੇਟੀ !''

ਜਨਕ ਨੂੰ ਉਹ ਅਕਸਰ ਬੇਟੀ ਹੀ ਕਹਿ ਕੇ ਬੁਲਾਂਦਾ ਸੀ। ਕਿਉਂਕਿ ਜਨਕ ਉਹਦੀ ਜਾਤ ਦੀ ਸੀ ਤੇ ਰਿਸ਼ਤੇਦਾਰੀ ਵਿਚੋਂ ਦੂਰੋਂ ਨੇੜਿਉਂ ਉਹਦੀ ਭਤੀਜੀ ਲਗਦੀ ਸੀ।

ਇਕ ਦੋ ਵਾਰ ਅਵਾਜ਼ ਦੇਣ ਤੋਂ ਬਾਅਦ ਜਦੋਂ ਕੋਈ ਬਾਹਰ ਨਾ ਆਇਆ ਤਾਂ ਮਿਸਰ ਸਿੱਧਾ ਰਸੋਈ ਘਰ ਵਲ ਚਲਾ ਗਿਆ। ਦਰਵਾਜ਼ੇ ਕੋਲ ਖਲੋ ਉਸ ਫ਼ੇਰ ਜਨਕ ਨੂੰ ਪੁਕਾਰਿਆ।

''ਆਈ ਚਾਚਾ ਜੀ।'' ਕਹਿੰਦੀ ਜਨਕ ਛੇਤੀ ਨਾਲ ਬਾਹਰ ਨਿਕਲ ਆਈ।

''ਮਲਕ ਸਾਹਿਬ ਅੰਦਰ ਨੇ ?'' ਮਿਸਰ ਨੇ ਹਥ ਨਾਲ ਮਲਕ ਸਾਹਿਬ ਦੇ ਕਮਰੇ ਵਲ ਇਸ਼ਾਰਾ ਕਰਦਿਆਂ ਪੁਛਿਆ।

''ਅੰਦਰ !!'' ਹੈਰਾਨੀ ਨਾਲ ਜਨਕ ਦਾ ਮੂੰਹ ਟੱਡਿਆ ਰਹਿ ਗਿਆ। ''ਉਹ ਤੇ ਸਵੇਰ ਦੇ ਦਰਬਾਰ ਗਏ ਨੇ, ਤੁਸੀਂ ਨਹੀਂ ਗਏ ਉਹਨਾਂ ਦੇ ਨਾਲ ?''

''ਨਹੀਂ ਬੇਟੀ, ਅਜ ਉਹ ਦਰਬਾਰ ਨਹੀਂ ਗਏ।''

''ਹੈਂ। ਫ਼ੇਰ ਕਿਥੇ ਗਏ ?'' ਜਨਕ ਘਬਰਾ ਗਈ।

''ਘਰੇ ਹੀ ਸਨ ਬੇਟੀ। ਉਹਨਾਂ ਦੀ ਤਬੀਅਤ ਸਵੇਰੇ ਜ਼ਿਆਦਾ ਖਰਾਬ ਹੋ ਗਈ ਸੀ। ਮੈਂ ਸਵੇਰੇ ਉਹਨਾਂ ਨੂੰ ਦੀਵਾਨਖ਼ਾਨੇ ਵਿਚ ਹੀ

ਛੱਡਕੇ ਗਿਆ ਸਾਂ। ਤਾਂ ਕੀ ਅੰਦਰ ਨਹੀਂ ਆਏ ?

"ਹਾਏ ਮੈਂ ਮਰ ਗਈ।' ਤੁਸਾਂ ਮੈਨੂੰ ਉਦੋਂ ਕਿਉਂ ਨ ਦਸਿਆ।" ਜਨਕ ਦੇ ਚਿਹਰੇ ਦਾ ਰੰਗ ਉਡ ਗਿਆ ਸੀ। ਉਹਦੀ ਅਵਾਜ਼ ਕੰਬ ਰਹੀ ਸੀ। ਆਟੇ ਨਾਲ ਭਰੇ ਹਥਾਂ ਨਾਲ ਆਪਣਾ ਸੀਨਾ ਥੰਮ੍ਹਦਿਆ ਬੋਲੀ : "ਮੈਂ ਤੱਤੀ ਨੂੰ ਪਤਾ ਤੱਕ ਨਹੀਂ ਲੱਗਾ। ਪਤਾ ਨਹੀਂ ਉਹਨਾਂ ਦੀ ਕੀ ਹਾਲਤ ਹੋਈ ਏ ?" ਤੇ ਫ਼ੇਰ ਉਹ ਤੇਜ਼ ਤੇਜ਼ ਕਦਮ ਪੁਟਦੀ ਦੀਵਾਨਖ਼ਾਨੇ ਵਲ ਤੁਰ ਗਈ।

ਮਿਸਰ ਵੀ ਉਹਦੇ ਪਿਛੇ ਪਿਛੇ ਦੀਵਾਨਖ਼ਾਨੇ ਵਲ ਵਧਿਆ। ਜਨਕ ਨੇ ਦੀਵਾਨਖ਼ਾਨੇ ਦਾ ਵਿਹੜੇ ਵਲ ਖੁਲ੍ਹਦਾ ਦਰਵਾਜ਼ਾ ਖੜਕਾਂਦਿਆਂ ਪੁਕਾਰਿਆ : ਸ੍ਵਾਮੀ ਜੀ, ਸ੍ਵਾਮੀ ਜੀ !"

ਅੰਦਰੋਂ ਕੋਈ ਉਤਰ ਨਹੀਂ ਆਇਆ।

ਜਨਕ ਬੇਚੈਨ ਹੋ ਉਠੀ। "ਚਾਚਾ ਜੀ ਏਹ ਦਰਵਾਜ਼ਾ ਅੰਦਰੋਂ ਬੰਦ
ਏ. ਬਾਹਰਲਾ ਦਰਵਾਜ਼ਾ ਵੇਖੋ ਜੇ ਖੁਲ੍ਹਾ ਏ ਤਾਂ..... ਛੇਤੀ ਕਰੋ। ਪਤਾ
ਨਹੀਂ ਕੀ ਭਾਣਾ ਵਰਤ ਗਿਆ ਜੇ... ..ਹੋਇਆ ਕੀ ਸਾਨੇ ?"

"ਬੇਟੀ ਏਨੀ ਘਬਰਾਣ ਵਾਲੀ ਗੱਲ ਨਹੀਂ। ਮਲਕ ਸਾਹਿਬ ਨੂੰ
ਕੋਈ ਖਾਸ ਤਕਲੀਫ਼ ਨਹੀਂ ਉਹ ਹੀ......

"ਉਹ ਹੀ ਕੀ ?"

"ਸਵੇਰੇ ਮੇਰੇ ਨਾਲ ਬਚਿਆਂ ਦੀਆਂ ਗੱਲਾਂ ਕਰਦੇ ਕਰਦੇ ਇਕ ਦਮ
ਕਹਿ ਮਿਸਰ ਡਿਉਢੀ ਵਲ ਚਲਾ ਗਿਆ।
ਉਦਾਸ ਹੋ ਗਏ ਸਨ।" ਕਹਿ ਮਿਸਰ ਡਿਉਢੀ ਵਲ ਚਲਾ ਗਿਆ।

ਅਗੇ ਵੀ ਕਈ ਵਾਰ ਮਲਕ ਇਸੇ ਤਰ੍ਹਾਂ ਉਦਾਸ ਹੋ ਦੀਵਾਨਖਾਨੇ
ਵਿਚ ਕਿੰਨਾ ਚਿਰ ਪਿਆ ਰਹਿੰਦਾ ਸੀ। ਇਸ ਕਰਕੇ ਇਹ ਸੁਣ ਜਨਕ
ਦੀ ਧੜਕੜ ਕੁੱਝ ਮੱਠੀ ਪੈ ਗਈ।

ਬਾਹਰਲਾ ਦਰਵਾਜ਼ਾ ਅੰਦਰੋਂ ਬੰਦ ਨਹੀਂ ਸੀ, ਸਿਰਫ ਢੁਕਾ ਹੋਇਆ
ਸੀ। ਅੰਦਰ ਲੰਘ ਮਿਸਰ ਨੇ ਵਿਹੜੇ ਵਲ ਦਾ ਦਰਵਾਜ਼ਾ ਖੋਲ੍ਹ ਦਿਤਾ।
ਘਬਰਾਈ ਹੋਈ ਜਨਕ ਬੜੀ ਕਾਹਲੀ ਨਾਲ ਅੰਦਰ ਦਾਖਲ ਹੋਈ।

ਸਾਹਮਣੇ ਪਲੰਘ ਤੇ ਮਲਕ ਬੇਸੁਧ ਪਿਆ ਸੀ। ਕੋਲ ਤਿਪਾਈ ਤੇ
ਸ਼ਰਾਬ ਵਾਲੀ ਸੁਰਾਹੀ ਮੂਧੀ ਹੋਈ ਪਈ ਸੀ, ਤਿਪਾਈ ਦੇ ਪੈਰਾਂ ਕੋਲ ਟੁੱਟੇ
ਪਿਆਲੇ ਦੇ ਅਣਗਿਣਤ ਟੁਕੜੇ ਸਨ। ਮਿਸਰ ਨੇ ਛੇਤੀ ਨਾਲ

ਤਿਪਾਈ ਚੁਕ ਇਕ ਕੋਨੇ ਵਿਚ ਰਖ ਦਿਤੀ। ਸੁਰਾਹੀ ਚੁਕ ਅਲਮਾਰੀ ਵਿਚ ਟਿਕਾ ਦਿਤੀ ਤੇ ਪਿਆਲੇ ਦੇ ਟੋਟੇ ਚੁਕ ਬਾਹਰ ਸੁਟ ਦਿਤੇ। ਅੱਖ ਫਰਕੇ ਵਿਚ ਸਾਰਾ ਕਮਰਾ ਸਾਫ਼ ਹੋ ਗਿਆ। ਫੇਰ ਉਸ ਮਲਕ ਦੇ ਪੈਰਾਂ 'ਚੋਂ ਜੁਤੀ ਲਾਹ ਉਸਨੂੰ ਚੁਕ ਕੇ ਸਰਹਾਣੇ ਉਪਰ ਕਰ ਦਿਤਾ। ਜਨਕ ਪਥਰ ਬਣੀ ਸਭ ਕੁੱਝ ਵੇਖਦੀ ਰਹੀ। ਇਸ ਕੰਮ ਵਲੋਂ ਵਿਹਲਾ ਹੋ ਮਿਸਰ ਨੇ ਜਦੋਂ ਜਨਕ ਵਲ ਵੇਖਿਆ ਤਾਂ ਉਹਦੀਆਂ ਪਥਰਾਈਆਂ ਅੱਖਾਂ ਵਿਚ ਲਿਸ਼ਕਦੇ ਹੰਝੂ ਵੇਖ ਉਹਦੀ ਸਾਰੀ ਹੁਸ਼ਿਆਰੀ ਉੱਡ ਗਈ। ਉਹ ਭੈੜਾ ਜਿਹਾ ਮੂੰਹ ਬਣਾਕੇ ਬੋਲਿਆ: "ਬੇਟੀ, ਮਲਕ ਸਾਹਿਬ ਨੇ ਅਜ ਕੁੱਝ ਜ਼ਿਆਦਾ ਹੀ ਪੀ ਲਈ ਹੈ। ਜੇ ਕਹੋ ਤਾਂ ਹਕੀਮ ਨੂੰ ਬੁਲਾ ਲਿਆਵਾਂ ?'

ਜਨਕ ਕੁੱਝ ਨਹੀਂ ਬੋਲੀ। ਉਹ ਬੇਸੁਧ ਪਏ ਮਲਕ ਵਲ ਇਕ ਟਕ ਵੇਖਦੀ ਰਹੀ। ਤੇ ਫੇਰ ਉਸ ਦੀਆਂ ਅੱਖਾਂ 'ਚੋਂ ਤ੍ਰਿਪ ਤ੍ਰਿਪ ਹੰਝੂ ਵਹਿ ਤੁਰੇ। ਮਿਸਰ ਦਾ ਦਿਲ ਪਸੀਜ ਗਿਆ: "ਬੇਟਾ, ਏਨਾ ਦਿਲ ਨਹੀਂ ਥੋੜ੍ਹਾ ਕਰੀਦਾ, ਹੁਣੇ ਠੀਕ ਹੋ ਜਾਂਦੇ ਨੇ, ਮੈਂ ਹਕੀਮ ਨੂੰ ਬੁਲਾ ਲਿਔਣਾ।" ਆਖਦਾ ਮਿਸਰ ਕਾਹਲੀ ਨਾਲ ਬਾਹਰ ਚਲਾ ਗਿਆ।

ਜਦੋਂ ਕੁੱਝ ਦੇਰ ਬਾਅਦ ਮਿਸਰ ਪਰਤ ਕੇ ਆਇਆ ਉਸਦੇ ਨਾਲ ਵੈਦ ਦੁਨੀ ਚੰਦ ਸੀ। ਦੁਨੀ ਚੰਦ ਇਸ ਖ਼ਾਨਦਾਨ ਦਾ ਘਰੇਲੂ ਵੈਦ ਸੀ। ਹਰ ਦੁਖ ਸੁਖ ਸਮੇਂ ਔਣ ਜਾਣ ਕਾਰਨ ਉਹਦੀ ਇਸ ਟੱਬਰ ਦੇ ਜੀਆਂ ਨਾਲ ਡੂੰਘੀ ਸਾਂਝ ਸੀ। ਇਸ ਲਈ ਬੂਹੇ ਵੜਦੇ ਹੀ ਬੜੀ ਘਬਰਾਈ ਜਿਹੀ ਅਵਾਜ਼ ਵਿਚ ਬੋਲਿਆ: "ਕੀ ਗੱਲ ਏ ਭਈ, ਸੁਖ ਤੇ ਹੈ ?"

ਜਨਕ ਨੇ ਛੇਤੀ ਨਾਲ ਆਪਣੇ ਸਿਰ ਦਾ ਪਲੂ ਸੰਵਾਰ ਲਿਆ। ਤੇ ਉਹ ਮਲਕ ਦੇ ਪਲੰਘ ਤੋਂ ਥੋੜ੍ਹਾ ਜਿਹਾ ਪਿਛੇ ਹੋ ਗਈ। ਵੈਦ ਜੀ ਨੇ ਪਲੰਘ ਤੇ ਬੈਠ ਮਲਕ ਦੀ ਨਬਜ਼ ਵੇਖੀ। ਉਹਦੇ ਦਿਲ ਤੇ ਹਥ ਰਖ ਉਸ ਦੀ ਧੜਕਣ ਜਾਚੀ। ਅਖਾਂ ਦੇ ਪੜਦੇ ਚੁਕ ਅੱਖਾਂ ਤਕੀਆਂ ਤੇ ਫੇਰ ਮਿਸਰ ਵਲ ਮੂੰਹ ਕਰਕੇ ਬੋਲੇ:ਬਹੁਤ ਜ਼ਿਆਦਾ ਨਸ਼ਾ ਕਰ ਲਿਆ ਨੇ, ਏਨਾ ਨਸ਼ਾ... ਤੇ ਫੇਰ ਜਿਵੇਂ ਉਸ ਨੂੰ ਕੋਲ ਖਲੋਤੀ ਜਨਕ ਦਾ ਖਿਆਲ ਆ ਗਿਆ, ਵਾਕ ਅਧੂਰਾ ਹੀ ਛੱਡ ਉਸ ਗੱਲ ਦਾ ਰੁਖ ਬਦਲਦਿਆਂ ਆਖਿਆ: ਘਬਰਾਣ ਦੀ ਕੋਈ ਗੱਲ ਨਹੀਂ, ਆਹ ਦਵਾਈ ਮੈਂ ਦੇਨਾਂ, ਕੁੱਝ ਕੁੱਝ ਵਕਫ਼ੇ ਬਾਅਦ ਪਾਣੀ ਵਿਚ ਮਿਲਾ ਕੇ ਦੇਂਦੇ ਜਾਉ। ਛੇਤੀ ਹੋਸ਼

ਆ ਜਾਏਗੀ ।

ਤੇ ਆਪਣੀ ਪੋਟਲੀ ਫੋਲ ਫਾਲ ਦੋ ਤਿੰਨ ਸ਼ੀਸ਼ੀਆਂ ਵਿਚੋਂ ਦਵਾਈ ਮਿਲਾਕੇ ਛੇ ਸੱਤ ਪੁੜੀਆਂ ਬਣਾ ਮਿਸਰ ਨੂੰ ਦੇਂਦਿਆਂ ਫੇਰ ਆਖਿਆ : "ਘਬਰਾਣ ਵਾਲੀ ਗੱਲ ਕੋਈ ਨਹੀਂ ਪਰ ਬਹੁਤ ਛੇਤੀ ਹੋਸ਼ ਵਿਚ ਆਉਣਾ ਚੰਗਾ ਨਹੀਂ । ਤਰਕਾਲਾਂ ਤਕ ਹੋਸ਼ ਆ ਜਾਏਗੀ ।"

"ਤਰਕਾਲਾਂ ਤਕ ?" ਜਨਕ ਨੇ ਹੌਲੀ ਜਿਹੀ ਸਹਿਮੀ ਅਵਾਜ਼ ਵਿਚ ਆਖਿਆ ।

"ਹਾਂ ਬੇਟਾ ਏਦੂੰ ਪਹਿਲਾਂ ਹੋਸ਼ ਆ ਵੀ ਜਾਏ ਤਾਂ ਆਹ ਪੁੜੀ ਦੇ ਦੇਣਾ, ਰੱਬ ਭਲੀ ਕਰੇਗਾ ।" ਕਹਿ ਵੈਦ ਜੀ ਉਠ ਖਲੋਤੇ । ਉਹਨਾਂ ਦਾ ਥੈਲਾ ਚੁਕੀ ਮਿਸਰ ਵੀ ਉਹਨਾਂ ਦੇ ਮਗਰ ਹੀ ਨਿਕਲ ਗਿਆ । ਕਾਫ਼ੀ ਦੇਰ ਬਾਅਦ ਜਦੋਂ ਉਹ ਪਰਤਕੇ ਆਇਆ । ਜਨਕ ਉਵੇਂ ਹੀ ਅਡੋਲ ਖੜੀ ਸੀ । 'ਬੇਟੀ ਜਾਉ ਆਪਣੇ ਕੰਮਕਾਰ ਲਗੋ । ਏਨਾ ਦਿਲ ਨਹੀਂ ਥੋੜਾ ਕਰੀਦਾ । ਮੈਂ ਇਥੇ ਹੀ ਹਾਂ ਸ਼ਾਮ ਤਕ ।" ਕਹਿ ਮਿਸਰ ਮਲਕ ਦੀ ਪੁਆਂਦੀ ਵਲ ਭੋਇੰ ਤੇ ਹੀ ਬੈਠ ਗਿਆ । ਕੁੱਝ ਦੇਰ ਬਾਅਦ ਬਿਨਾ ਕੁੱਝ ਕਹਿ ਜਨਕ ਚੁਪ ਚਾਪ ਅੰਦਰ ਚਲੀ ਗਈ ।

ਰਸੋਈ ਘਰ ਵਿਚ ਆ ਜਨਕ ਭਾਵੇਂ ਪਹਿਲੇ ਵਾਂਗ ਹੀ ਕੰਮਕਾਰ ਵਿਚ ਰੁਝ ਗਈ ਸੀ ਪਰ ਪਹਿਲੇ ਵਰਗਾ ਉਤਸ਼ਾਹ ਉਸਦੇ ਵਿਚ ਨਹੀਂ ਸੀ। ਸਗੋਂ ਇੰਜ ਲਗਦਾ ਸੀ ਜਿਵੇਂ ਉਹ ਹਰ ਕੰਮ ਬੱਝੀ ਰੁੱਝੀ ਕਰ ਰਹੀ ਹੋਵੇ। ਹੁਣੇ ਹੁਣੇ ਖਿੜੇ ਫ਼ੁਲਾਂ ਵਾਂਗ ਟਹਿਕ ਰਿਹਾ ਉਹਦਾ ਚਿਹਰਾ, ਹੁਣ ਹਿਰਾਸਿਆ ਪਿਆ ਸੀ। ਅੱਖਾਂ ਵਿਚ ਰੁਕੇ ਹੰਝੂ ਅਜੇ ਲਿਸ਼ਕ ਰਹੇ ਸਨ। ਪਰ ਫ਼ੇਰ ਵੀ ਹਰੇਕ ਕੰਮ ਵਲ ਉਹ ਪੂਰਾ ਧਿਆਨ ਦੇ ਰਹੀ ਸੀ। ਰਸੋਈ ਘਰ ਵਿਚ ਭੋਜਨ ਤਿਆਰ ਕਰਨ ਸਮੇਂ ਲਾਪ੍ਰਵਾਹੀ ਨ ਉਸ ਆਪ ਕਦੇ ਵਰਤੀ ਸੀ ਤੇ ਨ ਹੀ ਉਹ ਕਿਸੇ ਨੌਕਰ ਦੀ ਲਾਪ੍ਰਵਾਹੀ ਸਹਾਰ ਸਕਦੀ ਸੀ। ਇਸ ਗੱਲ ਨੂੰ ਘਰ ਦੀਆਂ ਦੋਵੇਂ ਨੌਕਰਾਣੀਆਂ ਸੁਲਖਣਾ ਤੇ ਰਾਧਾ ਚੰਗੀ ਤਰ੍ਹਾਂ ਜਾਣਦੀਆਂ ਸਨ। ਸੁਲਖਣਾ ਤੇ ਆਪਣੀ ਮਾਲਕਣ ਦੇ ਸੁਭਾ ਦੀ ਬਚਪਨ ਤੋਂ ਹੀ ਜਾਣੂ ਹੈ। ਬਚਪਨ ਵਿਚ ਉਹ ਦੋਵੇਂ ਇਕੱਠੀਆਂ ਗੁੱਡੀਆਂ ਪਟੋਲੇ ਖੇਡਦੀਆਂ ਰਹੀਆਂ ਹਨ। ਉਹਦੀ ਉਮਰ ਤੇ ਮਾਲਕਣ ਦੀ ਉਮਰ ਵਿਚ ਬਹੁਤ ਥੋੜਾ ਫ਼ਰਕ ਹੈ। ਇਸ ਲਈ ਉਹਨਾਂ ਵਿਚ ਨੌਕਰਾਣੀ ਤੇ ਮਾਲਕਣ ਵਾਲਾ ਸੰਬੰਧ ਨਹੀਂ, ਸਗੋਂ ਚੰਗੀਆਂ ਸਹੇਲੀਆਂ ਵਾਲੀ ਸਾਂਝ ਹੈ। ਜਨਕ ਦੀ ਸ਼ਾਦੀ ਤੋਂ ਬਾਅਦ, ਏਹ ਜਨਕ ਦਾ ਪਿਆਰ ਤੇ ਮੋਹ ਸੀ ਜਿਹੜਾ ਉਹਨੂੰ ਸੈਦਪੁਰ ਲੈ ਆਇਆ ਸੀ। ਏਨੀ ਗੂੜ੍ਹੀ ਸਾਂਝ ਦੇ ਹੁੰਦਿਆਂ ਵੀ ਸੁਲਖਣਾ ਆਪਣੇ ਦਰਜੇ ਦਾ ਪੂਰਾ ਖਿਆਲ ਰਖਦੀ ਸੀ। ਹਰ ਕੰਮ ਵਿਚ ਉਹ ਜਨਕ ਦੀ ਸਲਾਹ ਲੈਣਾ ਆਪਣਾ ਫ਼ਰਜ਼ ਸਮਝਦੀ ਸੀ। ਰਸੋਈ ਦੇ ਕੰਮ ਵਿਚ ਭਾਵੇਂ ਉਹ ਪੂਰੀ ਤਾਕ ਸੀ ਪਰ ਫ਼ੇਰ ਵੀ ਗੱਲੇ ਗਲੇ ਉਹ ਮਾਲਕਣ ਦਾ ਹੁਕਮ ਉਡੀਕਦੀ। ਹਰ ਕੰਮ ਉਹਦੇ ਕਹੇ ਅਨੁਸਾਰ ਕਰਦੀ।ਅਜ ਵੀ ਉਹ ਸਾਰਾ ਕੰਮ ਮਾਲਕਣ ਨੂੰ ਪੁਛ ਪੁਛਕੇ ਕਰ ਰਹੀ ਸੀ। ਸਬਜ਼ੀਆਂ ਵਿਚ ਲੂਣ-ਮਿਰਚ ਕਿੰਨਾ ਕੁ ਪਾਣਾ ਏ ? ਹਲਵਾ ਬਣਾਨ ਲਈ

ਸੂਜੀ ਕਿੰਨੀ ਕੁ ਭੁੰਨਣੀ ਏ ? ਤੇ ਚਾਸ ਕਦੋਂ ਮਿਲਾਣੀ ਏ ? ਖੀਰ ਬਣਾਣ ਲਈ ਗਰਮ ਰਖੇ ਦੁਧ ਵਿਚ ਚੌਲ ਕਿੰਨੇ ਕੁ ਪਾਣੇ ਨੇ ? ਹਰ ਕੰਮ ਵਿਚ ਮਾਲਕਣ ਦੀ ਰਾਇ ਲੈਣਾ ਉਹ ਜਿਵੇਂ ਬਹੁਤ ਜ਼ਰੂਰੀ ਸਮਝਦੀ ਸੀ।

ਰਾਧਾ, ਜਿਦ੍ਹੇ ਜ਼ੁੰਮੇ ਅਜ ਉਪਰਲੇ ਕੰਮ ਲੱਗੇ ਸਨ, ਨੇ ਸਾਰੇ ਬਰਤਨ ਚੰਗੀ ਤਰ੍ਹਾਂ ਮਾਂਜ ਧੋ ਦੇ ਲਿਸ਼ਕਾ ਦਿਤੇ ਸਨ। ਪਰੋਹਿਤ ਜੀ ਦੇ ਬੈਠਣ ਲਈ, ਗਊ ਦੇ ਗੋਬਰ ਨਾਲ ਚੌਂਕਾ ਪੋਝ ਕੇ ਫੇਰ ਹੁਣ ਸੁਲਖਣਾ ਨਾਲ ਹਥ ਵਟਾਣ ਲਗ ਗਈ ਸੀ। ਜਦੋਂ ਸਾਰੀਆਂ ਸਬਜ਼ੀਆਂ ਭਾਜੀਆਂ ਤਿਆਰ ਹੋ ਗਈਆਂ ਤਾਂ ਸੁਲਖਣਾ ਨੇ ਆਪਣੀ ਬਾਹ ਨਾਲ ਮੱਥੇ ਤੋਂ ਪਸੀਨਾ ਪੂੰਝਦਿਆਂ ਪੁਛਿਆ ; ,,ਰਾਣੀ ਜੀ, ਹੁਣ ਪੂੜੀਆਂ ਲਈ ਮੈਦਾ ਮਲ ਲਵਾਂ, ਵਕਤ ਤੇ ਕਾਫ਼ੀ ਹੋ ਗਿਆ ਲਗਦਾ ਏ ?"

"ਮਲ ਲੈ।" ਜਨਕ ਨੇ ਰੁਖਾ ਜਿਹਾ ਜਵਾਬ ਦਿਤਾ।

ਸੁਲਖ਼ਣਾ ਨੇ ਹੈਰਾਨ ਹੋ ਕੇ ਆਪਣੀ ਮਾਲਕਣ ਦੇ ਚਿਹਰੇ ਵਲ ਵੇਖਿਆ। ਐਡੀ ਬੇਰੁਖੀ ਨਾਲ ਤੇ ਕਦੇ ਵੀ ਜਨਕ ਉਹਦੇ ਨਾਲ ਨਹੀਂ ਸੀ ਬੋਲੀ। ਪਰ ਜਿਉਂ ਹੀ ਉਹਦੀ ਨਜ਼ਰ ਰਾਣੀ ਦੇ ਹਿਰਾਸੇ ਚਿਹਰੇ ਤੇ ਪਈ ਉਹਦਾ ਸਾਹ ਸੱਤ ਉੱਡ ਗਿਆ ! ਉਹ ਘਬਰਾਈ ਜਿਹੀ ਅਵਾਜ਼ ਵਿਚ ਬੋਲੀ ; "ਮਾਲਕਣ, ਕੀ ਗੱਲ ਤੁਹਾਡੀ ਤਬੀਅਤ ਤੇ ਠੀਕ ਹੈ ?"

"ਠੀਕ ਏ।" ਜਨਕ ਨੇ ਇਸ ਤੋਂ ਵਧ ਕੁੱਝ ਨਹੀਂ ਕਿਹਾ।

"ਫੇਰ ਤੁਹਾਡਾ ਚਿਹਰਾ ਏਨਾ ਉਦਾਸ ਕਿਉਂ ਏ ?"

ਜਨਕ ਨੇ ਹੁੰਗਾਰਾ ਨਹੀਂ ਭਰਿਆ।

"ਕੌਣ ਆਇਆ ਸੀ ਹੁਣੇ ਅਜੇ ? ਮਿਸਰ ਜੀ ਦੀ ਅਵਾਜ਼ ਲਗਦੀ ਸੀ। ਰਾਜਾ ਜੀ ਤੇ ਠੀਕ ਹਨ ! ਸੁਲਖਣਾ ਤੋਂ ਆਪਣੀ ਮਾਲਕਣ ਦੀ ਉਦਾਸੀ ਸਹਿ ਨਹੀਂ ਸੀ ਹੁੰਦੀ। "ਦਸੋ ਨਾ ਰਾਣੀ ਜੀ, ਤੁਸੀਂ ਐਡੇ ਉਦਾਸ ਕਿਉਂ ਜੇ ? ਮੇਰੀ ਸਹੁੰ ਜੇ।"

ਜਨਕ ਫਿਸ ਪਈ। ਉਹਦੀਆਂ ਅੱਖਾਂ ਵਿਚ ਰੁੱਕੇ ਹੰਝੂ ਫੇਰ ਵਹਿ ਤੁਰੇ। ਤੇ ਭਰ ਭਰਾਈ ਅਵਾਜ਼ ਵਿਚ ਉਹ ਬੋਲੀ : "ਕੀ ਦਸਾਂ ਸੁਲਖਣਾ !" ਤੇ ਫੇਰ ਉਹ ਚੁਪ ਕਰ ਗਈ।

ਸੁਲਖਣਾ ਦੀ ਘਬਰਾਹਟ ਹੋਰ ਵਧ ਗਈ—"ਛੇਤੀ ਦਸੋ ਰਾਣੀ ਜੀ ਮੇਰਾ ਤੇ ਦਿਲ ਬਹਿੰਦਾ ਜਾਂਦਾ ਏ। ਮਲਕ ਸਾਹਿਬ ਦੀ ਤਬੀਅਤ ਤੇ

ਠੀਕ ਹੈ ?''

''ਨਹੀਂ ।''

ਕੀ ਹੋਇਆ ਨੇ ? ਸਫ਼ਰ ਦੀ ਥਕਾਵਟ ਕਾਰਨ ਸਰੀਰ ਢਿੱਲਾ ਹੋ ਗਿਆ ਹੋਵੇ । ਦੋ ਤਿੰਨ ਦਿਨ ਅਰਾਮ ਕਰਨਗੇ ਠੀਕ ਹੋ ਜਾਣਗੇ । ਇਹਦੇ ਵਿਚ ਫ਼ਿਕਰ ਵਾਲੀ ਕੀ ਗੱਲ ਏ । ਸੁਲਖਣਾ ਨੇ ਆਪੇ ਹੀ ਸਾਰਾ ਹਿਸਾਬ ਕਿਤਾਬ ਲਾ ਜਨਕ ਨੂੰ ਦਿਲਾਸਾ ਦੇਂਦਿਆਂ ਆਖਿਆ ।

'ਕਿਸੇ ਦੀ ਸੁਣ ਤੇ ਲਿਆ ਕਰ । ਨਜੂਮੀਆਂ ਵਾਕੁਰ ਆਪੇ ਹੀ ਹਿਸਾਬ ਲਾ ਲੈਨੀ ਏਂ ।''

ਸੁਲਖਣਾਂ ਸ਼ਰਮਿੰਦੀ ਜਿਹੀ ਹੋ ਗਈ । ਪਰ ਫਿਰ ਵੀ ਹੱਸਣ ਦਾ ਯਤਨ ਕਰਦੀ ਹੋਈ ਬੋਲੀ, ''ਜੇ ਤੁਸੀਂ ਦੱਸ ਦਿਉ ਤਾਂ ਮੈਨੂੰ ਨਜੂਮ ਲਾਣ ਦੀ ਕਿਹੜੀ ਲੋੜ ਏ ?'' ਪਰ ਰੱਬ ਦੇ ਵਾਸਤੇ ਜ਼ਰਾ ਜਲਦੀ ਦਸੋ ।''

''ਸੁਲਖਣਾਂ ਤੇਰੇ ਤੋਂ ਮੈਂ ਕਦੇ ਕੁੱਝ ਲੁਕਾਇਆ ਏ ? ਤੂੰ ਸਭ ਕੁੱਝ ਜਾਨਣੀ ਏਂ । ਉਹਨਾਂ ਨੂੰ ਅਜ ਫ਼ੇਰ ਉਹੀ......''ਤੇ ਜਨਕ ਦਾ ਗੱਲਾ ਭਰ ਆਇਆ । ਉਹ ਕੁੱਝ ਦੇਰ ਲਈ ਚੁਪ ਹੋ ਗਈ । ਤੇ ਫ਼ੇਰ ਅੱਖਾਂ ਪੂੰਝਦੀ ਹੋਈ ਬੋਲੀ, ''ਸਵੇਰ ਦੇ ਦੀਵਾਨਖ਼ਾਨੇ ਵਿਚ ਦਾਰ ਪੀ ਕੇ ਬੇਸੁਧ ਪਏ ਨੇ, ਇਸੇ ਦੁਖੋਂ ।

''ਪਰ ਰਾਣੀ ਜੀ, ਏਹ ਤੇ ਰੱਬ ਦੇ ਵਸ ਏ । ਦੁਧ ਪੁਤ ਤੇ ਭਾਗਾਂ ਨਾਲ ਮਿਲਦਾ ਏ । ਏਦਾਂ ਢੇਰੀ ਢਾਹਿਆਂ ਕੀ ਬਣਦਾ ਏ ?''

''ਮੈਂ ਤੇ ਬੜਾ ਸਮਝਾਂਦੀ ਹਾਂ, ਸੁਲਖਣਾ...ਕਿ ਮੇਰੇ ਵਲ ਵੇਖੋ ਮੈਂ ਵੀ ਸਬਰ ਕਰੀ ਬੈਠੀ ਹਾਂ । ਜੇ ਮੈਂ ਵੀ ਤੁਹਾਡੇ ਵਾਂਗ ਇਸ ਤਰ੍ਹਾਂ ਦਿਲ ਨੂੰ ਲਾ ਲਵਾਂ ਤਾਂ...ਪਰ...ਕਹਿੰਦੇ ਨੇ ਜਦੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਏ ਕਿ ਮੈਂ ਔਂਤਰਾ ਹੀ ਮਰ ਜਾਵਾਂਗਾ ਤਾਂ ਮੇਰੇ ਦਿਲ ਨੂੰ ਡੋਬੂ ਪੈਣ ਲਗ ਪੈਂਦੇ ਨੇ ।''

''ਉਹ ਵੀ ਸੱਚੇ ਨੇ, ਰਾਣੀ ਜੀ । ਤਿੰਨ ਵਿਆਹਜ ਵਿਆਹਜੇ, ਬਣਿਆ ਫੇਰ ਵੀ ਕੁਝ ਨਹੀਂ ।''

''ਪਰ ਇਹਦੇ ਵਿਚ ਮੇਰਾ ਕੀ ਕਸੂਰ ਏ ! ਕਿਹੜੀ ਔਰਤ ਮਾਂ ਬਣਨਾ ਨਹੀਂ ਚਾਹੁੰਦੀ ।''

''ਤਾਂ ਕੀ ਮਲਕ ਸਾਹਿਬ ਏਸ ਵਿਚ ਤੁਹਾਡਾ ਦੋਸ਼ ਮੰਨਦੇ ਨੇ ।''

ਸੁਲਖਣਾ ਨੇ ਆਲੇ-ਦੁਆਲੇ ਵੇਖਦਿਆਂ ਹੌਲੀ ਜਿਹੀ ਅਵਾਜ਼ ਵਿਚ ਆਖਿਆ।

"ਆਂਹਦੇ ਤੇ ਨਹੀਂ ਪਰ ਮੇਰੇ ਸਾਹਮਣੇ ਜੁ ਏਨਾ ਦੁਖੀ ਹੁੰਦੇ ਨੇ।"

ਸੁਲਖਣਾ ਨੂੰ ਇਸ ਗਲ ਦਾ ਕੋਈ ਉਤਰ ਨਹੀਂ ਸੁਝਿਆ। ਉਹ ਚੁਪ ਕਰ ਮੈਦਾ ਮਲਣ ਲਗ ਪਈ। ਹਾਲੇ ਉਹ ਮੈਦਾ ਮਲ ਕੇ ਹਟੀ ਹੀ ਸੀ ਕਿ ਪਰੋਹਿਤ ਜੀ ਆ ਗਏ। ਉਹਨਾਂ ਦੇ ਪਿਛੇ ਪਿਛੇ ਮਿਸਰ ਵੀ ਸੀ।

ਜਨਕ ਨੇ ਉਠ ਕੇ ਪਰੋਹਿਤ ਜੀ ਦੇ ਚਰਨ ਛੂਹੇ। ਪਰੋਹਿਤ ਜੀ ਨੇ ਅਸੀਸਾਂ ਦੀ ਬੁਛਾੜ ਲਾ ਦਿਤੀ।

ਬੜੇ ਆਦਰ ਸਤਿਕਾਰ ਨਾਲ ਪਰੋਹਿਤ ਜੀ ਨੂੰ ਹੁਣੇ ਹੁਣ ਤਿਆਰ ਕੀਤੇ ਗਏ ਚੌਂਕੇ ਤੇ ਅਛੋਹ ਤੇ ਸੁੱਚਾ ਆਸਣ ਕਰ ਕੇ ਬਿਠਾਇਆ ਗਿਆ। ਜਨਕ ਨੇ ਆਪਣੇ ਹਥੀਂ ਖਾਣਾ ਪਰੋਸਿਆ। ਤੇ ਉਤੇ ਪੰਜ ਰੁਪਏ ਧਰ ਪੁਜਾਰੀ ਜੀ ਦੇ ਅੱਗੇ ਰਖਦੀ ਹੋਈ ਬੋਲੀ: "ਅਜ ਭਗਵਾਨ ਨੂੰ ਭੋਗ ਵੀ ਤੁਸੀਂ ਲਵਾਉ ਮਹਾਰਾਜ।"

"ਭਗਵਾਨ ਔਰ ਬਰਾਹਮਣ ਮੇਂ ਕੋਈ ਅੰਤਰ ਨਹੀਂ ਬੇਟੀ।" ਪੰਜ ਦਾ ਨੋਟ ਚੁਕ ਕੇ ਜੇਬੇ ਵਿਚ ਪਾਂਦੇ ਪਰੋਹਿਤ ਜੀ ਫੇਰ ਬੋਲੇ: "ਜਜਮਾਨ ਕਹਾਂ ਹੈ, ਕਈ ਦਿਨੋਂ ਸੇ ਦਰਸ਼ਨ ਨਹੀਂ ਹੂਏ ਉਨਕੇ?"

"ਉਹ ਸੁਲਤਾਨ ਪੁਰ ਗਏ ਹੋਏ ਸਨ ਮਹਾਰਾਜ, ਕਲ ਰਾਤੀਂ ਹੀ ਪਰਤੇ ਨੇ।"

"ਆਜ ਯਹੀਂ ਹੈਂ?"

"ਹਾਂ ਅਜ ਤੇ ਇਥੇ ਹੀ, ਮਹਾਰਾਜ।"

"ਦਰਸ਼ਨ ਨਹੀਂ ਹੂਏ। ਸੁਬ੍ਹਾ ਪੂਜਾ ਕੇ ਲੀਏ ਭੀ ਤੁਮ ਅਕੇਲੀ ਹੀ ਗਈ ਥੀ ਬੇਟੀ।"

"ਉਹਨਾਂ ਦੀ ਤਬੀਅਤ ਠੀਕ ਨਹੀਂ।"

"ਕਿਆ ਹੂਆ ਹਮਾਰੇ ਜਜਮਾਨ ਕੋ? ਸਰਦੀ ਵਗ਼ੈਰਾ ਤੋ ਨਹੀਂ ਲਗ ਗਈ?"

"ਨਹੀਂ...ਵੈਸੇ ਹੀ...

"ਵੈਸੇ ਹੀ...ਕਿਆ ਦਰਦ ਹੈ ਜਾਂ ਔਰ ਕੋਈ ਦੁਖ ਸੰਤਾਪ?" ਪਰੋਹਿਤ ਜੀ ਬੜੇ ਚਿੰਤਾਤੁਰ ਹੋ ਗਏ ਜਾਪਦੇ ਸਨ! ਹੈਂ ਕਹਾਂ ਵੋਹ

ਇਸ ਸਮੇਂ।

"ਤੁਸੀਂ ਜਾਣੀ ਜਾਣ ਹੋ, ਮਹਾਰਾਜ।" ਪਰ ਪਹਿਲੇ ਭੋਜਨ ਕਰ ਲਉ। ਭੋਜਨ ਠੰਡਾ ਹੋ ਰਿਹਾ ਹੈ।

'ਉ...ਉ...ਹ। ਕੋਈ ਬਾਤ ਨਹੀਂ, ਕੋਈ ਬਾਤ ਨਹੀਂ।" ਪਰੋਹਿਤ ਜੀ ਜਿਵੇਂ ਖਾਣਾ ਭੁਲ ਹੀ ਗਏ ਸਨ। ਉਹ ਝਟਪਟ ਅੱਖਾਂ ਮੀਟ ਹਥ ਜੋੜ ਮੰਤ੍ਰ ਉਚਾਰਨ ਲਗ ਪਏ। ਮੰਤ੍ਰ ਉਚਾਰ ਉਹਨਾਂ ਸੀਸ ਨਿਵਾਇਆ ਤੇ ਫ਼ੇਰ ਭੋਜਨ ਕਰਨ ਲਗੇ।"

ਭੋਜਨ ਛੱਕਣ ਤੋਂ ਬਾਅਦ ਕੁਰਲੀ ਕਰ ਪੁਜਾਰੀ ਜੀ ਨੇ ਗੱਲ ਦੀ ਵਿਚੇ ਛੱਡੀ ਤੰਦ ਛੋਹ ਲਈਂ : "ਤੇ ਫਿਰ ਬੇਟੀ......"

"ਇਕੋ ਹੀ ਦੁਖ ਹੈ ਮਹਾਰਾਜ ਜੀ, ਹੋਰ ਤੇ ਪਰਮਾਤਮਾ ਦਾ ਦਿਤਾ ਸਭ ਕੁਝ ਏ। ਜੇ ਪਰਮਾਤਮਾ ਇਕ ਜੀਅ ਦੇ ਛੱਡਦਾ ਤਾਂ ਸਾਡਾ ਮੂੰਹ ਕੀ ਮੰਗਦਾ ਸੀ।" ਜਨਕ ਨੇ ਹਉਕਾ ਭਰਿਆ।

"ਯੇਹੀ ਤੋ ਸਭ ਸੇ ਬੜਾ ਦੁਖ ਹੈ ਬੇਟੀ। ਨਿਰਸੰਤਾਨ ਹੋਣਾ ਤੋ ਭਾਰੀ ਗੁਨਾਹ ਹੈ। ਗ੍ਰੰਥੋਂ ਮੇਂ ਆਤਾ ਹੈ ਕਿ ਜੋ ਵਿਅਕਤੀ ਨਿਰਸੰਤਾਨ ਮਰਤਾ ਹੈ ਉਸਕੀ ਗਤੀ ਨਹੀਂ ਹੋਤੀ।"

"ਪਰ ਮਹਾਰਾਜ ਇਸ ਦੁਖ ਦਾ ਕੋਈ ਇਲਾਜ ਹੈ! ਕਰਮਾਂ ਦੇ ਸੌਦੇ ਨੇ।"

"ਨਹੀਂ ਬੇਟਾ, ਤੁਮ ਭੂਲ ਰਹੀ ਹੋ। ਹਰ ਦੁਖ ਕਾ ਨਿਵਾਰਨ ਹੋ ਸਕਦਾ ਹੈ।"

"ਕੋਈ ਸਾਧਨ ਦਸੋ, ਮਹਾਰਾਜ ਕ੍ਰਿਪਾ ਕਰੋ ਸਾਡੀ ਵੀ ਗਤੀ ਹੋ ਸਕੇ।"

"ਕ੍ਰਿਪਾ ਤੋ ਪ੍ਰਭੂ ਕੀ ਸ਼ਕਤੀ ਹੈ। ਹਮ ਲੋਗ ਤੋ ਸਾਧਕ ਹੈ। ਸਾਧਨ ਕਰਤੇ ਹੈਂ। ਔਰ ਸੰਤੋਂ ਕਾ ਕੀਆ ਸਾਦਨ ਬ੍ਰਿਥਾ ਨਹੀਂ ਜਾਤਾ ਬੇਟੀ।"

"ਫੇਰ ਉਪਾਅ ਕਰੋ ਮਹਾਰਾਜ, ਜਿਸ ਨਾਲ ਇਸ ਘਰ ਦੀ ਉਦਾਸੀ ਹਾਸੇ ਵਿਚ ਬਦਲ ਜਾਏ। ਜੇ ਮਲਕ ਜੀ ਦੀ ਮੁਰਾਦ ਪੂਰੀ ਹੋ ਜਾਏ ਤਾਂ ਬੱਤੀਆਂ ਦੰਦਾਂ ਚੋਂ ਜੋ ਮੰਗੋ ਮੈਂ ਦਿਵਾਵਾਂਗਾ।" ਮਿਸਰ ਨੇ ਪਰੋਹਿਤ ਦੇ ਪੈਰ ਫੜ ਲਏ।

"ਇੰਦਰ ਜੀ ਕੀ ਪੂਜਾ ਕਰਵਾਈ ਹੈ, ਬੇਟਾ!" ਮਿਸਰ ਦੀ ਗੱਲ

ਦਾ ਹੁੰਗਾਰਾ ਭਰ ਬਗੈਰ ਪਰੋਹਿਤ ਜੀ ਨੇ ਜਨਕ ਨੂੰ ਸੰਬੋਧਨ ਕਰਕੇ ਪੁਛਿਆ।

''ਨਹੀਂ ਮਹਾਰਾਜ।'' ਜਨਕ ਨੇ ਸਿਰ ਫੇਰਿਆ ?

''ਇੰਦਰ ਹੀ ਤੋ ਪੁਤਰ-ਵਰ ਕਾ ਦਾਤਾ ਹੈ, ਉਸਕੀ ਪੂਜਾ ਕਰਵਾਉ। ਇੰਦਰ ਦੇਵਤਾ ਖੁਸ਼ ਹੋ ਕਰ ਮੁਰਾਦ ਪੂਰੀ ਕਰੇਗਾ।''

''ਮੁਰਾਦ ਪੂਰੀ ਹੋ ਜਾਏ ਤਾਂ ਹੋਰ ਕੀ ਚਾਹੀਦਾ ਏ, ਮਹਾਰਾਜ।''

''ਅਵੱਸ਼ ਹੋ ਗੀ ਬੇਟਾ। ਮੈਂ ਪੂਜਾ ਕਰੂੰਗਾ ਤੋ ਅਵੱਸ਼ ਹੋ ਗੀ। ਤੁਮ ਮੁਝੇ ਆਵਸ਼ਕ ਸਾਮਗਰੀ ਲੇ ਦੋ ਮੈਂ ਤੁਮਾਰੇ ਨਾਂ ਕੀ ਪੂਜਾ ਕਰੂੰਗਾ।''

''ਸਾਮਗਰੀ ਦਸ ਦਿਉ ਮਹਾਰਾਜ !''ਆਸ ਨਾਲ ਜਨਕ ਦਾ ਚਿਹਰਾ ਲਿਸ਼ਕ ਆਇਆ ਸੀ।

''ਮੈਂ ਲਿਖ ਭੇਜੂੰਗਾ ਬੇਟਾ। ਹੱਛਾ ਮੈਂ ਚਲੂੰ, ਪ੍ਰਭੂ ਸਹਾਈ ਹੋ, ਸਾਮਗਰੀ ਅਵੱਸ਼ ਭੇਜ ਦੇਨਾ।'' ਕਹਿ ਪਰੋਹਿਤ ਜੀ ਉਠ ਖਲੋਤੇ। ਜਨਕ ਨੇ ਵਿਦਾਇਗੀ ਦਾ ਜੋੜਾ ਉਹਨਾਂ ਦੇ ਚਰਨਾਂ ਤੇ ਧਰ ਮਥਾ ਟੇਕਿਆ।

ਉਹਦੇ ਸਿਰ ਤੇ ਹਥ ਰਖ ਪਰੋਹਿਤ ਜੀ ਨੇ ਖੁਸ਼ੀ ਹੋ 'ਮਨੋ-ਕਾਮਨਾ ਪੂਰਨ ਹੋ' ਦੀ ਅਸੀਸ ਦਿਤੀ ਤੇ ਫੇਰ ਰਾਮ ਰਾਮ ਕਰਦੇ ਚਲੇ ਗਏ !

"ਕੋਈ ਹੈ ?" ਜਦੋਂ ਮਲਕ ਦੀ ਹੋਸ਼ ਪਰਤੀ ਤਾਂ ਸਭ ਤੋਂ ਪਹਿਲਾਂ ਉਹ ਏਨ੍ਹਾ ਹੀ ਬੋਲਿਆ ।

"ਸੇਵਕ ਹਾਜ਼ਰ ਏ ਮਹਾਰਾਜ ।"

"ਸੇਵਕ ! ਕੌਣ ? ਮਿਸਰ !"

"ਹਾਂ ਹਜ਼ੂਰ ਤੁਹਾਡਾ ਦਾਸ ਮਿਸਰ ।"

"ਇਸ ਵੇਲੇ ਮੈਂ ਕਿਥੇ ਹਾਂ ?"

"ਆਪਣੇ ਦੀਵਾਨ ਖ਼ਾਨੇ ਵਿਚ ਹਜ਼ੂਰ ।"

"ਦੀਵਾਨ ਖ਼ਾਨੇ ਵਿਚ......ਇਸ ਸਮੇਂ ਵਕਤ ਕੀ ਏ ?"

"ਸੰਧਿਆ ਹੋਣ ਵਾਲੀ ਏ ਹਜ਼ੂਰ ।"

"ਸੰਧਿਆ !! ਮੈਂ ਤੇ ਦਰਬਾਰ......

"ਦਰਬਾਰ, ਮੈਂ ਦਰਖਾਸਤ ਦੇ ਆਇਆਂ ਸਾਂ ਮਹਾਰਾਜ ! ਸਵੇਰੇ ਤੁਹਾਡੀ ਤਬੀਅਤ ਠੀਕ ਨਹੀਂ ਸੀ ਨਾ ?"

"ਤਬੀਅਤ ਠੀਕ ਨਹੀਂ ਸੀ ।" ਮਲਕ ਨੂੰ ਜਿਵੇਂ ਕੁੱਝ ਸਮਝ ਨਹੀਂ ਆਇਆ । "ਹੱਛਾ......ਪਾਣੀ ਲਿਆ ।"

'ਹੁਣੇ ਲੋ ਹਜ਼ੂਰ ।" ਕਹਿ ਮਿਸਰ ਨੇ ਸੁਰਾਹੀ 'ਚੋਂ ਪਾਣੀ ਗਲਾਸ ਵਿਚ ਪਾ ਮਲਕ ਵਲ ਵਧਾਇਆ ।

ਮਲਕ ਨੇ ਪਾਣੀ ਹੋਠਾਂ ਨੂੰ ਲਾਇਆ ਪਰ ਘੁੱਟ ਭਰੇ ਬਗ਼ੈਰ ਹੀ ਡੋਲ੍ਹਦਿਆਂ ਬੋਲਿਆ : "ਠੰਢਾ ਪਾਣੀ ਲਿਆ ਮਿਸਰ, ਮੇਰੇ ਅੰਦਰ ਜਿਵੇਂ ਅੱਗ ਲਗੀ ਹੋਈ ਏ ।"

"ਬਹੁਤ ਹੱਛਾ ਹਜ਼ੂਰ । ਖੂਹੀ ਤੋਂ ਤਾਜ਼ਾ ਮੰਗਵਾ ਲੈਨਾਂ ।"

"ਮੰਗਵਾ ਲੈਨਾ ਨਹੀਂ ਲੈ ਕੇ ਆ, ਪਰ ਛੇਤੀ। ਮਲਕ ਦੀ ਅਵਾਜ਼ ਕਾਫ਼ੀ ਭਾਰੀ ਹੋ ਗਈ ਸੀ।

"ਜਿਵੇਂ ਹੁਕਮ ਹਜ਼ੂਰ।" ਕਹਿ ਮਿਸਰ ਨੇ ਸਿਰ ਨਿਵਾ ਦਿਤਾ ਤੇ ਫ਼ੇਰ ਸੁਰਾਹੀ ਲੈ ਬਾਹਰ ਚਲਾ ਗਿਆ।

ਤਾਜ਼ਾ ਪਾਣੀ ਲਿਆਕੇ ਮਿਸਰ ਨੇ ਫ਼ੇਰ ਗਲਾਸ ਭਰ ਮਲਕ ਵਲ ਵਧਾਂਦਿਆਂ ਆਖਿਆ : "ਲਉ ਮਹਾਰਾਜ ਬਿਲਕੁਲ ਤਾਜ਼ਾ ਪਾਣੀ ਲਿਆਇਆਂ।"

"ਬਿਲਕੁਲ ਤਾਜ਼ਾ—ਠੰਢਾ ਵੀ ਹੈ ਨ।" ਗਲਾਸ ਫੜਦਿਆਂ ਮਲਕ ਨੇ ਪੁਛਿਆ ਤੇ ਫ਼ੇਰ ਉਤਰ ਉਡੀਕੇ ਬਗ਼ੈਰ ਹੀ ਗਟਾਗਟ ਪਾਣੀ ਪੀ ਗਿਆ।

ਇਕ ਦੋ ਤਿੰਨ...ਚਾਰ ਗਲਾਸ ਪਾਣੀ ਪੀ ਕੇ ਵੀ ਮਲਕ ਨੇ ਹੋਰ ਪਾਣੀ ਮੰਗਣੋਂ ਬਸ ਨਹੀਂ ਕੀਤੀ ਪਰ ਮਿਸਰ ਨੇ ਇਹ ਕਹਿਕੇ ਨਾਂਹ ਕਰ ਦਿਤੀ "ਹਜ਼ੂਰ ਸਿਆਲ ਦੇ ਦਿਨਾਂ ਵਿਚ ਏਨਾ ਪਾਣੀ ਚੰਗਾ ਨਹੀਂ ਹੁੰਦਾ।"

"ਮੇਰੇ ਅੰਦਰ ਤੇ ਅੱਗ ਪਈ ਮਚਦੀ ਸੀ ਮਿਸਰ, ਪਾਣੀ ਨਾਲ ਕੁਝ ਠੰਢ ਪੈ ਗਈ ਏ। ਲਿਆ ਹੋਰ ਪਿਲਾ,"

"ਜ਼ਿਆਦਾ ਪਾਣੀ ਪੀਣਾ ਚੰਗਾ ਨਹੀਂ ਮਹਾਰਾਜ।

ਮਲਕ ਨੇ ਮਿਸਰ ਦੀ ਗੱਲ ਜਿਵੇਂ ਮੰਨ ਲਈ, ਉਹ ਚੁਪ ਕਰ ਗਿਆ।

"ਤੁਹਾਡੀ ਤਬੀਅਤ ਹੁਣ ਕੈਸੀ ਏ ?' ਕੁਝ ਦੇਰ ਬਾਅਦ ਮਿਸਰ ਨੇ ਚੁਪ ਤੋੜਦਿਆਂ ਪੁਛਿਆ।

"ਹੁਣ ਤੇ ਠੀਕ ਏ ਕੁੱਝ, ਪਰ ਸਵੇਰੇ......ਸਵੇਰੇ ਮੈਨੂੰ ਕੀ ਹੋ ਗਿਆ ਸੀ ?

"ਸਫ਼ਰ ਦੀ ਥਕਾਵਟ ਕਾਰਨ ਅਕਸਰ ਸਰੀਰ ਖਰਾਬ ਹੋ ਜਾਂਦਾ ਏ ਹਜ਼ੂਰ।"

ਪਰ ਸਫ਼ਰ ਦੀ ਥਕਾਵਟ ਕਾਰਨ ਅੱਗੇ ਤੇ ਕਦੇ ਇਸਤਰ੍ਹਾਂ ਨਹੀਂ ਹੋਇਆ। ਮੇਰਾ ਸਾਰਾ ਜਿਸਮ ਟੁਟ ਰਿਹਾ ਏ, ਕਲੇਜਾ ਸੜ ਰਿਹਾ ਏ। ਅੱਖਾਂ ਖੋਲ੍ਹਣ ਨੂੰ ਜੀਅ ਨਹੀਂ ਕਰਦਾ।"

ਕਿਸੇ ਵੈਦ ਹਕੀਮ ਨੂੰ ਬੁਲਾ ਲਿਆਵਾਂ ਹਜ਼ੂਰ।

"ਨਹੀਂ।" ਮੈਨੂੰ ਪਾਣੀ ਦੇ, ਪਾਣੀ ਪੀਣ ਨਾਲ ਅੱਗੇ ਨਾਲੋਂ ਕਾਫ਼ੀ ਫ਼ਰਕ ਪੈ ਗਿਆ ਏ।

"ਲਉ ਮਹਾਰਾਜ! ਮਿਸਰ ਨੇ ਝਿਜਕਦਿਆਂ ਝਿਜਕਦਿਆਂ ਪਾਣੀ

ਦਾ ਗਲਾਸ ਮਲਕ ਵਲ ਵਧਾ ਦਿਤਾ।

ਪਾਣੀ ਪੀਣ ਨਾਲ ਮਲਕ ਦੇ ਕਾਲਜੇ ਦੀ ਜਲਨ ਕੁੱਝ ਮੱਠੀ ਪੈ ਗਈ। ਉਹ ਪਲੰਘ ਦੀ ਢੋਅ ਨਾਲ ਢਾਸਣਾ ਲਾ ਕੇ ਬੈਠ ਗਿਆ ਤੇ ਏਧਰ ਉਧਰ ਝਾਕਦਿਆਂ ਬੋਲਿਆ : "ਮਿਸਰ ਜਨਕ ਕਿਥੇ ਹੈ ?"

'ਜ਼ਨਾਨਖ਼ਾਨੇ ਵਿਚ ਹੋਣਗੇ ਮਹਾਰਾਜ। ਦਾਸੀ ਨੂੰ ਭੇਜਕੇ ਬੁਲਾਵਾਂ।"

ਮਲਕ ਜਿਵੇਂ ਸੋਚੀਂ ਪੈ ਗਿਆ। ਕੁੱਝ ਦੇਰ ਸੋਚਣ ਬਾਅਦ ਬੋਲਿਆ: "ਨਹੀਂ ਰਹਿਣ ਦੇ, ਐਵੇਂ ਦੁਖੀ ਹੋਵੇਗੀ ਮੇਰੀ ਹਾਲਤ ਵੇਖ... ਹਾਂ ਸਚ ਤੂੰ ਦਰਬਾਰ ਗਿਅ ਸੀ। ਸ਼ਹਿਜ਼ਾਦੇ ਦਾ ਕੀ ਹਾਲ ਏ ? ਕੁੱਝ ਫ਼ਰਕ ਪਿਆ ਸੁ ਕਿ ਨਹੀਂ।

"ਕਲ ਰਾਤੀ ਸ਼ਹਿਜ਼ਾਦਾ ਅਰਾਮ ਨਾਲ ਸੁਤਾ ਰਿਹਾ ਏ ਹਜ਼ੂਰ। ਸ਼ਾਹੀ ਹਕੀਮ ਦੀ ਦਵਾ ਕਾਰਗਰ ਸਾਬਤ ਹੋਈ ਏ। ਅਜ ਤੇ ਨਵਾਬ ਦੇ ਚਿਹਰੇ ਤੇ ਵੀ ਰੌਣਕ ਸੀ। ਹਜ਼ੂਰ ਦੀ ਬੜੀ ਤਾਰੀਫ਼ ਕਰ ਰਿਹਾ ਸੀ ਸਾਰੇ ਦਰਬਾਰੀਆਂ ਅੱਗੇ..."

"ਹੱਛਾ...ਸਚ !"

ਹਾਂ ਹਜ਼ੂਰ। ਸੇਵਕ ਨੇ ਕਦੇ ਝੂਠ ਬੋਲਿਆ ਏ ?

"ਤੂੰ ਤੇ ਸੱਚਪੁਤਰ ਏਂ, ਮਿਸਰ ਤੂੰ ਝੂਠ ਕਿਵੇਂ ਬੋਲ ਸਕਨਾ ਏ, ਹਾਂ ਕੀ ਕਹਿ ਰਿਹਾ ਸੀ ਨਵਾਬ ?

ਕਹਿ ਰਿਹਾ ਸੀ "ਮਲਕ ਸਾਹਿਬ ਦੀ ਰੱਤੇ ਕਿਸੇ ਨਹੀਂ ਜੰਮਣਾ। ਸ਼ਹਿਜ਼ਾਦੇ ਦੀ ਜਾਨ ਖਾਤਰ ਉਸ ਆਪਣੀ ਜਾਨ ਦੀ ਪ੍ਰਵਾਹ ਤਕ ਨਹੀਂ ਕੀਤੀ। ਮਲਕ ਸਾਹਿਬ ਜਿਹਾ ਵਫ਼ਾਦਾਰ ਤੇ ਨਿਮਕ-ਹਲਾਲ ਬੰਦਾ ਉਹਨੂੰ ਸਾਰੀ ਜ਼ਿੰਦਗੀ ਵਿਚ ਹੋਰ ਨਹੀਂ ਮਿਲਿਆ।"

"ਸੱਚ !" ਤੇ ਮਲਕ ਨੂੰ ਆਪਣੀ ਤਾਰੀਫ਼ ਸੁਣਕੇ ਇਕ ਨਸ਼ਾ ਜਿਹਾ ਆ ਗਿਆ। ਪੁਰਾਣਾ ਸ਼ਾਹੀ-ਮਹੱਲ ਉਸਦੀਆਂ ਅੱਖਾਂ ਅੱਗੇ ਨੱਚਣ ਲਗਾ। ਮੁੱਛਾਂ ਨੂੰ ਤਾਅ ਦੇਂਦਾ ਹੋਇਆ ਉਹ ਬੋਲਿਆ: "ਨਵਾਬ ਸਾਹਿਬ ਕਦਰਦਾਨ ਬੰਦੇ ਨੇ ਮਿਸਰ, ਚਲ ਸ਼ਹਿਜ਼ਾਦੇ ਦੀ ਖ਼ਬਰ ਸੁਰਤ ਲੈ ਆਵੀਏ।"

"ਪਰ ਮਹਾਰਾਜ...ਤੁਹਾਡੀ ਆਪਣੀ ਤਬੀਅਤ ਠੀਕ ਨਹੀਂ।"

"ਬਿਲਕੁਲ ਠੀਕ ਏ।"

''ਨਹੀਂ ਮਹਾਰਾਜ, ਵੈਦ ਜੀ ਕਹਿੰਦੇ ਸਨ, ਤੁਹਾਨੂੰ ਅਜ ਦਾ ਦਿਨ ਪੂਰਾ ਅਰਾਮ ਕਰਨਾ ਚਾਹੀਦਾ ਏ ।''

''ਕਿਹੜਾ ਵੈਦ ?''

''ਜੀ ਦੁਨੀ ਚੰਦ...ਆਪਣਾ ਘਰੇਲੂ ਵੈਦ ।''

''ਪਰ ਮੈਨੂੰ ਤੇ ਕੁੱਝ ਵੀ ਨਹੀਂ ।'' ਕਹਿ ਮਲਕ ਉਠ ਖਲੋਤਾ । ਪਰ ਉਠ ਕੇ ਖਲੋਤਿਆ ਹੀ ਉਸ ਨੂੰ ਐਸੀ ਘੇਰ ਜਿਹੀ ਆਈ ਕਿ ਚੱਕਰ ਖਾਕੇ ਉਹ ਮੁੜ ਬਿਸਤਰੇ ਤੇ ਡਿੱਗ ਪਿਆ ।

''ਮਿਸਰ...ਮਿਸਰ ਵੇਖ ਭੁਚਾਲ ਆ ਗਿਆ' ਏ, ਮੈਨੂੰ ਫੜੀਂ ।'' ਘਬਰਾ ਕੇ ਮਲਕ ਚੀਕਿਆ ।

''ਨਹੀਂ ਹਜ਼ੂਰ ਭੁਚਾਲ ਤੇ ਨਹੀਂ ਆਇਆ ਤੁਹਾਨੂੰ ਚੱਕਰ ਆ ਰਹੇ ਨੇ । ......''ਤੁਸਾਂ ਸੋਮਰਸ ਜ਼ਰਾ ਜ਼ਿਆਦਾ ਲੈ ਲਈ ਹੈ ।'' ਮਿਸਰ ਜਿਸ ਗੱਲ ਨੂੰ ਲੁਕਾਣ ਦਾ ਯਤਨ ਕਰ ਰਿਹਾ ਸੀ, ਆਖ਼ਰ ਉਸ ਨੂੰ ਕਹਿਣੀ ਹੀ ਪਈ ।

''ਪਰ ਮੈਨੂੰ ਨਸ਼ਾ ਤੇ ਕੋਈ ਨਹੀਂ । ਮੈਂ ਪੂਰੀ ਸੁਰਤ ਵਿਚ ਹਾਂ । ਸਿਰਫ਼ ਚੱਕਰ ਆ ਰਹੇ ਨੇ । ਮੈਨੂੰ ਇੰਝ ਜਾਪਦਾ ਏ ਜਿਵੇਂ ਸਾਰੀ ਦੁਨੀਆਂ ਘੁੰਮ ਰਹੀ ਹੋਵੇ । ਸ਼ਰਾਬ ਦੇ ਨਸ਼ ਨਾਲ ਤੇ ਬੰਦੇ ਨੂੰ ਆਪਣੀ ਹੋਸ਼ ਹੀ ਨਹੀਂ ਰਹਿੰਦੀ ।''

''ਫੇਰ ਮਹਾਰਾਜ, ਵੈਦ ਨੂੰ ਬੁਲਾ ਲਿਆਵਾਂ ।''

''ਵੈਦ ਨੂੰ ਅਗੇ ਨਹੀਂ ਬੁਲਾਇਆ ?''

''ਬੁਲਾਇਆ ਸੀ ਮਹਾਰਾਜ ! ਉਹ ਵੇਖ ਚਾਖ ਕੇ ਦਵਾਈ ਦੇ ਗਏ ਸਨ ।''

''ਫੇਰ ਉਹਨੂੰ ਰਹਿਣ ਦੇ । ਕਿਸੇ ਹੋਰ ਨੂੰ......ਨਹੀਂ ਨਹੀਂ... ਹਸਨ ਨੂੰ ਹੀ ਬੁਲਾ ਲਿਆ। ਉਹ ਨੂੰ ਮਿਲਿਆਂ ਵੀ ਕਾਫੀ ਦਿਨ ਹੋ ਗਏ ਨੇ ।''

"ਬੰਦਾ ਹਾਜ਼ਰ ਏ, ਮਲਕ ਸਾਹਿਬ। ਦਸੋ ਕੀ ਹੁਕਮ ਏ ? ਹਸਨ ਨੇ ਦਰਵਾਜ਼ਾ ਲੰਘਦਿਆਂ ਹੀ ਆਖਿਆ।"

"ਆ ਭਈ ਹਸਨ ਮੀਆਂ। ਤੂੰ ਤੇ ਈਦ ਦਾ ਚੰਦ ਹੋ ਗਿਆ ਏਂ। ਕਦੇ ਦਿਸਿਆਂ ਹੀ ਨਹੀਂ।"

"ਤੂੰ ਕਦੇ ਯਾਦ ਹੀ ਨਹੀਂ ਕੀਤਾ। ਤੇ ਵਡਿਆਂ ਘਰਾਂ ਵਿਚ ਬਿਨਾ ਬੁਲਾਏ ਜਾਣਾ ਮੈਂ ਸਮਝਨਾ ਠੀਕ ਨਹੀਂ ਹੁੰਦਾ।

"ਹੱਛਾ ! ਬੜਾ ਸਿਆਣਾ ਹੋ ਗਿਐਂ। ਪਰ ਰੱਬ ਦੀ ਸਹੁੰ ਮੈਂ ਤੇ ਤੈਨੂੰ ਕਈ ਵਾਰ ਯਾਦ ਕੀਤਾ।"

"ਮੈਂ ਨਹੀਂ ਮੰਨਦਾ। ਦੇਖ ਅਜ ਤੂੰ ਯਾਦ ਕੀਤਾ ਏ, ਮੈਂ ਹਾਜ਼ਰ ਹੋ ਗਿਆ। ਦਸ ਸੁਖ ਤੇ ਹੈ ਨਾ ? ਵੈਸੇ ਸਾਨੂੰ ਲੋਕੀਂ ਸੁਖ ਵਿਚ ਘਟ ਹੀ ਯਾਦ ਕਰਦੇ ਨੇ।" ਤੇ ਹਸਨ ਖਿੜ ਖਿੜਾਕੇ ਹਸ ਪਿਆ ?

"ਗੱਲ ਤੇ ਤੇਰੀ ਸੋਲ੍ਹਾਂ ਆਨੇ ਸੱਚ ਏ। ਤੁਹਾਡੀ ਲੋੜ ਹੀ ਦੁਖ ਤਕਲੀਫ ਵੇਲੇ ਪੈਂਦੀ ਏ, ਤੁਹਾਨੂੰ ਸੁਖ ਵੇਲੇ ਸੱਦਕੇ ਕਿਸੇ ਦੁਖ ਸਹੇੜਨਾ ਏ, ਉਂਝ ਤੇ ਵਾਹ ਲੱਗਦੀ ਲੋਕ......

"ਸਾਨੂੰ ਦੂਰੋਂ ਹੀ ਮਥਾ ਟੇਕਣਾ ਚਾਹੁੰਦੇ ਨੇ।" ਹਸਨ ਨੇ ਮਲਕ ਦਾ ਵਾਕ ਪੂਰਾ ਕਰ ਦਿਤਾ। ਤੇ ਫੇਰ ਮਲਕ ਦੇ ਪਾਸ ਬਹਿੰਦਾ ਹੋਇਆ ਬੋਲਿਆ : "ਐਨੇ ਦਿਨ ਕਿਥੇ ਰਿਹਾ ਏ ?

"ਸੁਲਤਾਨਪੁਰ ਗਿਆ ਸਾਂ। ਸ਼ਾਹੀ ਹਕੀਮ ਨੂੰ ਲੈਣ, ਕਲ ਹੀ ਪਰਤਿਆ ਹਾਂ।

"ਚੰਗਾ ਹਕੀਮ ਲੈ ਕੇ ਆਇਆ ਏਂ ਆਪ ਮੰਜਾ ਮਲ ਬੈਠਾ ਏਂ। ਹੋਇਆ ਕੀ ਆ ?"

"ਪਤਾ ਨਹੀਂ ਯਾਰ ਚੱਕਰ ਬੜੇ ਆਉਂਦੇ ਨੇ, ਉਠਕੇ ਖਲੋਤਾ ਤਕ

ਨਹੀਂ ਜਾਂਦਾ"

"ਚੱਕਰ !' ਦੇ ਹਸਨ ਨੇ ਨੀਝ ਲਾ ਮਲਕ ਦੇ ਚਿਹਰੇ ਵਲ ਤਕਿਆ ਤੇ ਫੇਰ ਜਿਵੇਂ ਉਹ ਸਭ ਕੁੱਝ ਸਮਝ ਗਿਆ। ਮੁਸਕਰਾ ਕੇ ਬੋਲਿਆਂ : "ਲਾਲ-ਪਰੀ ਨਾਲ ਯਾਰੀ ਲਾ ਬੰਦਾ ਚੱਕਰ ਹੀ ਖਾਂਦਾ ਏਂ।"

"ਤੈਨੂੰ ਮਖੌਲ ਤੋਂ ਸਿਵਾਇ ਕੁੱਝ ਹੋਰ ਵੀ ਆਉਂਦਾ ਏ ! ਬੁਢਿਆਂ ਹੋ ਕੇ ਵੀ ਤੇਰੀਆਂ ਬਚਪਨ ਦੀਆਂ ਆਦਤਾਂ ਨਹੀਂ ਗਈਆਂ।"

"ਤਾਂ ਤੇਰਾ ਕੀ ਮਤਲਬ ਏ ਮੈਂ ਸਿਆਣਿਆ ਦੇ ਸਿਰ ਸੁਆਹ ਪਾ ਦਿਆਂ, ਉਹਨਾਂ ਦੇ ਇਸ ਕਥਨ ਨੂੰ ਝੁਠਲਾਕੇ ?"

"ਕਿਹੜੇ ਕਥਨ ਨੂੰ ?"

'ਸਿਆਣ ਕਹਿੰਦੇ ਨੇ 'ਵਾਦੜੀਆਂ ਸਜਾੜਦੀਆ ਜਾਣ ਸਿਰਾਂ ਦੇ ਨਾਲ।' ਕਹਿ ਹਸਨ ਹਸ ਪਿਆ, ਮਲਕ ਤੋਂ ਵੀ ਰਿਹਾ ਨਹੀਂ ਗਿਆ, ਉਹ ਖਿੜਖਿੜ ਹਸਦਾ ਹੋਇਆ ਬੋਲਿਆ : 'ਮੰਨ ਗਏ ਭਈ ਤੈਨੂੰ ਮੀਆਂ। ਤੂੰ ਤੇ ਗੱਲਾਂ ਨਾਲ ਹੀ ਮਰੀਜ਼ ਰਾਜ਼ੀ ਕਰ ਛੱਡਦਾ ਹੋਵੇਂਗਾ। ਦਵਾ-ਦਾਰੂ ਕਰਨਾ ਤੇ ਤੈਨੂੰ ਆਉਂਦਾ ਨਹੀਂ।"

"ਦਾਰੂ ਤੇ ਰੱਬ ਨੇ ਤੈਨੂੰ ਬਖਸ਼ਿਆ ਏ ਯਾਰ, ਆਪਣੇ ਪੱਲੇ ਤੇ ਦਵਾ ਹੀ ਪਈ ਏ।"

"ਤੇਰਾ ਜਵਾਬ ਨਹੀਂ। ਤੇਰੀ ਹਾਜ਼ਰ-ਜੁਆਬੀ ਦਾ ਤੇ ਮੈਂ ਮੁੱਢੋਂ ਹੀ ਕਾਇਲ ਹਾਂ। ਮਲਕ ਨੇ ਜਿਵੇਂ ਹਾਰ ਮੰਨ ਲਈ।"

"ਤੇਰੀ ਸਿਆਣਪ ਦਾ ਟਾਕਰਾ ਕੌਣ ਕਰ ਸਕਦਾ ਏ ? ਆਪਣੇ ਤੋਂ ਡਾਢੇ ਦਾ ਤੇ ਤੂੰ ਸਦਾ ਹੀ ਕਾਇਲ ਰਿਹਾ ਏ।" ਕਹਿੰਦਿਆਂ ਹਸਨ ਨੇ ਆਪਣੀਆਂ ਮੁੱਛਾਂ ਤੇ ਹੱਥ ਫੇਰਿਆ ਤੇ ਮੁਸਕੜੀ ਹਸਦਾ ਇਕ ਖਾਸ ਅਦਾ ਨਾਲ ਮਲਕ ਵਲ ਝਾਕਣ ਲਗਾ।

"ਮਲਕ ਹੱਸ ਪਿਆ। ਬਚੂ ਸਾਡੀ ਬਿੱਲੀ ਸਾਨੂੰ ਹੀ ਮਿਆਊਂ। ਯਾਦ ਈ ਬਚਪਨ ਵਿਚ ਭਾਗੋ ਦੇ ਸਿਰ ਤੇ ਜਣੇ ਖਣੇ ਤੇ ਧੌਂਸ ਜਮਾਂਦਾ ਸਾਏਂ। ਕਿੰਨੀ ਵਾਰ ਤੈਨੂੰ ਕੁੱਟ ਤੋਂ ਮੈਂ ਬਚਾਇਆ ਸੀ।"

"ਅਜ ਵੀ ਉਸੇ ਭਾਗੋ ਦੇ ਸਿਰ ਤੇ ਅਸੀ ਇਲਾਕੇ ਵਿਚ ਕਿਸੇ ਨੂੰ ਖੰਘਣ ਨਹੀਂ ਦੇਂਦੇ।" ਕਹਿ ਹਸਨ ਆਪਣੇ ਸੱਜੇ ਹੱਥ ਨਾਲ ਮਲਕ ਦਾ ਮੋਢਾ ਥਾਪੜਿਆ।"

''ਹੱਛਾ ਹੱਛਾ ਛਡ ਇਹਨਾਂ ਗੱਲਾਂ ਨੂੰ। ਮੈਨੂੰ ਕੋਈ ਦਵਾ ਦੇ, ਮੈਨੂੰ ਫ਼ੇਰ ਚੱਕਰ ਪਏ ਚੜ੍ਹਦੇ ਨੀ।''

''ਹੁਣ ਤੇ ਚੱਕਰ ਨਹੀਂ ਚੜ੍ਹਣ ਦੇਂਦੇ ਪਰ ਜ਼ਰਾ ਥੋੜੀ ਪੀਆ ਕਰ। ਇਸ ਉਮਰ ਵਿਚ ਬਹੁਤੀ ਸ਼ਰਾਬ......

''ਖੁਸ਼ੀ ਨੂੰ ਕੌਣ ਪੀਂਦਾ ਏ ਯਾਰ, ਐਵੇਂ ਸਵੇਰੇ .....ਮਲਕ ਨੂੰ ਸਵੇਰ ਵਾਲੀ ਘਟਨਾ ਯਾਦ ਆ ਗਈ ਸੀ, ਉਹ ਵਾਕ ਅਧੂਰਾ ਹੀ ਛੱਡ ਚੁਪ ਹੋ ਗਿਆ।

''ਕੀ ਹੋਇਆ ਸੀ ਸਵੇਰੇ ?''

''ਕੁੱਝ ਨਹੀਂ !''

''ਯਾਰ ਲੁਕਾਂਦਾ ਕਿਉਂ ਏਂ ? ਮੇਰੇ ਤੇ ਵਿਸ਼ਵਾਸ਼ ਨਹੀਂ ਰਿਹਾ ?''

''ਲੁਕਾ ਕਾਹਦਾ ਏ ਯਾਰ, ਐਵੇਂ ਸਵੇਰੇ ਖਿਆਲ ਆ ਗਿਆ ਕਿ ਸਾਡੇ ਪਿਛੋਂ ਏਹ ਮਹਿਲਾਂ ਹਵੇਲੀਆਂ ਉਜੜ ਈਂ ਜਾਣਗੀਆਂ। ਸਾਡਾ ਤੇ ਨਾਂ ਲੈਣ ਵਾਲਾ ਦੁਨੀਆਂ ਤੇ ਕੋਈ ਨਹੀਂ ਰਹਿਣਾ।''

''ਘਾਟਾਂ ਬੰਦੇ ਨੂੰ ਚੈਨ ਨਾਲ ਜੀਉਣ ਨਹੀਂ ਦੇਂਦੀਆਂ ਯਾਰ। ਪਰ..... ਤੇ ਹਉਕਾ ਭਰ ਹਸਨ ਨੇ ਗੱਲ ਅਧੂਰੀ ਹੀ ਛੱਡ ਦਿਤੀ। ਵਾਤਾਵਰਨ ਬੜਾ ਬੋਝਲ ਹੋ ਗਿਆ ਸੀ। ਮਲਕ ਦਾ ਮਨ ਹੋਰ ਉਦਾਸ ਹੋ ਗਿਆ। ਹਸਨ ਸੋਚਾਂ ਵਿਚ ਗਵਾਚ ਗਿਆ।

ਅਚਾਨਕ ਸੋਚਾਂ ਵਿਚ ਗਵਾਚੇ ਹਸਨ ਨੂੰ ਇੰਝ ਲਗਾ ਜਿਵੇਂ ਮਲਕ ਸਿਸਕ ਰਿਹਾ ਹੋਵੇ। ਉਸਨੇ ਘਬਰਾਕੇ ਮਲਕ ਵਲ ਤਕਿਆ। ਮਲਕ ਨੇ ਆਪਣੀ ਖੱਬੀ ਬਾਹ ਨਾਲ ਆਪਣਾ ਮੂੰਹ ਢੱਕਿਆ ਹੋਇਆ ਸੀ।

'ਮਲਕ ਯਾਰ, ਦਿਲ ਨੂੰ ਏਨੀ ਲਾਇਆਂ ਕੀ ਬਣੇਗਾ, ਏਨਾ ਹੌਸਲਾ ਨਹੀਂ ਢਾਹੀ ਦਾ। ਖ਼ੁਦਾ ਪਾਸ ਦੁਆ ਕਰਿਆ ਕਰ, ਕਦੇ ਨ ਕਦੇ ਤੇ ਸੁਣੇਗਾ ਹੀ ਨਾ।''

''ਸਾਰੀ ਓਮਰ ਲੰਘ ਗਈ ਏ ਦੁਆ ਕਰਦਿਆਂ। ਔਲਾਦ ਵਾਸਤੇ ਮੈਂ ਕੀ ਨਹੀਂ ਕੀਤਾ। ਜਾਦੂ ਟੂਣੇ ਕੀਤੇ ਨੇ, ਪੀਰ ਫਕੀਰ ਮਨਾਏ ਨੇ, ਚਲੀਹੇ ਕੱਟੇ ਨੇ। ਮੰਨਤਾ ਮੰਨੀਆ ਨੇ ਮੜ੍ਹੀ-ਮਜ਼ਾਰ ਤੇ ਨੰਗੀ ਪੈਰੀ ਜਾ ਜਾ ਕੇ ਸੁਖਣਾ ਸੁਖਦਾ ਰਿਹਾ। ਤੈਨੂੰ ਪਤਾ ਈ ਏ, ਤੇਰੇ ਨਾਲ ਮੈਂ ਕਿੰਨੇ ਵਰ੍ਹੇਂ ਧੌਂਖਲ, ਪੀਰ ਸਖੀ ਸਰਵਰ ਦੇ ਮਜ਼ਾਰ ਤੇ ਜਾਂਦਾ ਰਿਹਾ ਹਾਂ। ਦਾਨ

ਪੁੰਨ ਕਰਨ ਦੀ ਮੈਂ ਕੋਈ ਕਸਰ ਨਹੀਂ ਛੱਡੀ। ਦਰ ਆਏ ਮੰਗਤੇ ਨੂੰ ਕਦੇ ਖਾਲੀ ਨਹੀਂ ਮੋੜਿਆ। ਪੂਜਾ ਪਾਠ, ਹਵਨ ਜੱਗ ਜੋ ਕਿਸੇ ਦਸਿਆ ਏ ਘਟ ਨਹੀਂ ਕੀਤੀ। ਪਰ......

"ਫੇਰ ਵੀ ਹੌਸਲਾ ਨਹੀਂ ਹਾਰੀਦਾ, ਯਾਰ। ਰੱਬ ਦੇ ਰੰਗਾਂ ਦਾ ਕੀ ਪਤਾ ਏ। ਸ਼ਾਇਦ ਹੁਣ ਤਰੁੱਠ ਹੀ ਪਵੇ। ਅਜੇ ਕਿਹੜੀ ਬੀਤ ਗਈ ਏ।"

"ਪਰ ਹੁਣ ਤੇ... ਗੱਲ ਮਲਕ ਦੇ ਮੂੰਹ ਵਿਚ ਰਹਿ ਗਈ। ਅਰਦਲੀ ਕੋਈ ਸੰਦੇਸ਼ ਲੈ ਕੇ ਆਇਆ ਸੀ। ਦਹਿਲੀਜ਼ ਵਿਚ ਖੜੇ ਅਰਦਲੀ ਨੇ ਝੁੱਕ ਕੇ ਪ੍ਰਨਾਮ ਕੀਤਾ ਤੇ ਫੇਰ ਅੰਦਰ ਲੰਘ ਬੜੀ ਨਿਮਰ-ਅਵਾਜ਼ ਵਿਚ ਬੋਲਿਆ: "ਹਜ਼ੂਰ ਆਪਣੇ ਮੁਰਬਿਆਂ ਤੋਂ ਲੰਬੜ ਆਇਆ ਏ, ਇਕ ਦੋ ਬੰਦੇ ਨਾਲ ਹੋਰ ਵੀ ਨੇ।"

"ਹੋਰ ਕੌਣ ਨੇ ?"

"ਆਪਣੇ ਹੀ ਬੰਦੇ ਲਗਦੇ ਨੇ ਹਜ਼ੂਰ ਪਰ ਇਕ ਦੀਆਂ ਮੁਸ਼ਕਾਂ ਬੰਨ੍ਹੀਆਂ ਹੋਈਆਂ ਨੇ। ਕਾਫ਼ੀ ਦੂਰੋਂ ਆਏ ਲਗਦੇ ਨੇ, ਹਜ਼ੂਰ। ਉਹਨਾਂ ਦੇ ਘੋੜੇ ਬੁਰੀ ਤਰ੍ਹਾਂ ਹੌਂਕ ਰਹੇ ਨੇ। "ਆਗਿਆ ਹੋਵੇ ਤਾਂ.....।"

"ਭੇਜ ਦੇ।" ਕਹਿ ਮਿਸਰ ਨੇ ਅਰਦਲੀ ਨੂੰ ਭੇਜ ਦਿਤਾ ਤੇ ਆਪ ਕੁੱਝ ਸੋਚਣ ਲਗ ਪਿਆ।

ਕੁੱਝ ਦੇਰ ਬਾਅਦ ਲੰਬੜ ਤੇ ਉਹਦੇ ਨਾਲ ਦੇ ਬੰਦੇ ਮੁਸ਼ੱਕਾਂ ਬੱਝੇ ਬੰਦੇ ਨੂੰ ਚੁੱਕੀ ਦੀਵਾਨਖ਼ਾਨੇ ਵਿਚ ਦਾਖਲ ਹੋਏ। ਦਰਵਾਜ਼ੇ ਦੇ ਕੋਲ ਹੀ ਉਸ ਬੰਦੇ ਨੂੰ ਭਾਰੀ ਪੰਡ ਵਾਂਗ ਸੁਟ ਉਹਨਾਂ ਮਲਕ ਦੇ ਚਰਨਾਂ ਵਲ ਸਿਰ ਝੁਕਾ ਮੱਥਾ ਟੇਕਿਆ। ਤੇ ਫੇਰ ਲੰਬੜ ਦਾ ਇਸ਼ਾਰਾ ਪਾ ਉਹ ਸਾਰੇ ਬਾਹਰ ਚਲੇ ਗਏ।"

"ਹਾਂ ਲੰਬੜ ਜੀ ਮਿਲ ਗਿਆ ਧੰਨਾ ?" ਮਲਕ ਨੇ ਅੱਖਾਂ ਲਾਲ ਕਰਦਿਆਂ ਪੁਛਿਆ।

"ਹਾਂ ਹਜ਼ੂਰ ਧੰਨਾ ਹਾਜ਼ਰ ਏ। ਮੁਸ਼ਕਾਂ ਬੱਝਾ ਬਾਹਰ ਦਰਵਾਜ਼ੇ ਕੋਲ ਪਿਆ ਏ।"

"ਕਿਥੋਂ ਫੜਿਐ ਇਸ ਹਰਾਮੀ ਨੂੰ ?"

"ਹਜ਼ੂਰ ਬੰਦੋਕੀ ਗੁਸਾਈਆਂ ਤੋਂ। ਬਾਬਾ ਸੇਨ ਦਾਸ ਦੀ ਸਮਾਧ ਦੇ ਬਾਹਰ ਬੈਠਾ ਸੀ।"

"ਇਹ ਹਰਾਮੀ ਉਥੇ ਕੀ ਕਰ ਰਿਹਾ ਸੀ। ਇਹ ਦੀਆਂ ਮੁਸ਼ਕਾਂ ਖੋਲ੍ਹ ਦਿਓ। ਗੁੱਸੇ ਵਿਚ ਆਇਆ ਮਲਕ ਉਠਕੇ ਬੈਠ ਗਿਆ।"

"ਹੁਕਮ ਮਿਲਣ ਤੇ ਲੰਬੜ ਨੇ ਧੰਨੇ ਦੀਆਂ ਮੁਸ਼ਕਾਂ ਖੋਲ੍ਹ ਦਿਤੀਆਂ ਤੇ ਫੇਰ ਉਸ ਨੂੰ ਬਾਹੋਂ ਫੜ ਇਕ ਹੁੱਝਕ ਨਾਲ ਖੜਾ ਕਰਨ ਦਾ ਯਤਨ ਕੀਤਾ। ਪਰ ਉਹ ਉਠਿਆ ਨਹੀਂ ਸਗੋਂ ਹੋਰ ਗੁੱਛਾ ਮੁੱਛਾ ਹੋ ਗਿਆ।"

"ਉਠ ਉਏ, ਮਲਕ ਸਾਹਿਬ ਨੂੰ ਪ੍ਰਨਾਮ ਕਰ ਉਠ ਕੇ, ਲੰਬੜ ਨੇ ਧੰਨੇ ਨੂੰ ਠੁੱਡਾ ਮਾਰਦਿਆਂ ਆਖਿਆ।"

ਧੰਨਾ ਫੇਰ ਵੀ ਨਹੀਂ ਉਠਿਆ। ਮਲਕ ਵਲ ਉਸ ਝਾਕਿਆ ਤਕ ਨਹੀਂ। ਸਗੋਂ ਉਸ ਲੰਬੜ ਦੀ ਲੱਤ ਨੂੰ ਜੱਫ਼ਾ ਮਾਰ ਲਿਆ ਤੇ ਫੇਰ ਦੰਦੀਆਂ ਕੱਢਣ ਲਗ ਪਿਆ।

"ਗੁਸਤਾਖ, ਨੀਚ, ਕਮੀਨਾ।" ਮਲਕ ਗੁੱਸੇ ਨਾਲ ਭੱਖ ਉਠਿਆ: "ਕੰਨੋਂ ਫੜ ਕੇ ਖੜਾ ਕਰ ਇਸ ਨੂੰ।"

ਲੰਬੜ ਨੇ ਉਸ ਨੂੰ ਕੰਨੋਂ ਫੜ ਚੁਕਿਆ। ਉਹ ਝਪਟਕੇ ਲੰਬੜ ਦੇ ਗੱਲ ਪੈ ਗਿਆ: "ਮੈਂ ਤੇਰਾ ਖ਼ੂਨ ਪੀ ਜਾਵਾਂਗਾ। ਤੂੰ ਮਲਕ ਏਂ...ਮੇਰੇ ਮੁੰਡੇ ਦਾ ਕਾਤਲ, ਮੈਂ ਤੇਰਾ ਗੱਲਾ ਘੁੱਟ ਦਿਆਂਗਾ।"

ਮਲਕ ਦਾ ਮਨ ਕੰਬ ਗਿਆ। ਪਰ ਛੇਤੀ ਨਾਲ ਉਹ ਆਪਣੇ ਮਨ ਤੇ ਕਾਬੂ ਪਾਂਦਾ ਬੋਲਿਆ: "ਇਸ ਹਰਾਮੀ ਨੂੰ ਬਾਹਰ ਲੈ ਜਾ, ਪਹਿਲਾਂ ਇਹਦਾ ਦਿਮਾਗ ਸਿਧਾ ਕਰ ਲਿਆ। ਮਲਕ ਦਾ ਗੁੱਸਾ ਵਸੋਂ ਬਾਹਰਾ ਹੋ ਰਿਹਾ ਸੀ।"

"ਮਲਕ ਸਾਹਿਬ ਮੈਨੂੰ ਤੇ ਏਹ ਬੰਦਾ ਪਾਗਲ ਜਾਪਦਾ ਏ।" ਹਸਨ ਤੋਂ ਜਿਵੇਂ ਇਹ ਕੁਝ ਸਹਿਣ ਨਹੀਂ ਹੋਇਆ।

"ਪਾਗਲ ਨਹੀਂ, ਸਾਲਾ ਮੱਕਰ ਕਰਦਾ ਏ। ਮੈਂ ਇਹਨੂੰ ਚੰਗੀ ਤਰ੍ਹਾਂ ਜਾਣਨਾ।"

"ਨਹੀਂ ਹਜ਼ੂਰ, ਇਹਦੇ ਪਿੰਡ ਵਾਲੇ ਵੀ......"

"ਕੀ...ਈ?"

"ਇਹਦੇ ਪਿੰਡ ਵਾਲੇ ਵੀ ਆਖਦੇ ਸਨ ਜਦੋਂ ਦਾ ਇਹਦਾ ਇਕਲੌਤਾ ਪੁੱਤਰ ਮਰਿਆ ਏ, ਇਹ ਪਾਗਲ ਹੋ ਗਿਆ ਏ। ਪੁੱਤਰ ਦੀ ਮੌਤ ਦਾ ਸੱਲ ਨਹੀਂ ਸਹਾਰ ਸਕਿਆ ਹਜ਼ੂਰ।"

"ਪੁੱਤਰ ਦੀ ਮੌਤ ਦਾ ਸੱਲ ਨਹੀਂ ਸਹਾਰ ਸਕਿਆ '। ਪਾਗਲ ਹੋ ਗਿਆ, ਮਲਕ ਨੇ ਲੰਬੜ ਦੇ ਬੋਲਾਂ ਨੂੰ ਦੁਹਰਾਇਆ ਤੇ ਫੇਰ ਤਿਲਮਿਲਾ ਕੇ ਬੋਲਿਆ, ਇਹ ਕਿਵੇਂ ਹੋ ਸਕਦਾ ਏ ?"

"ਹੋ ਸਕਦਾ ਏ ਮਲਕ ਸਾਹਿਬ, ਬੜੇ ਬੜੇ ਪੀਰ ਅਵਤਾਰ ਔਲਾਦ ਦੀ ਮੌਤ ਤੇ ਡੋਲ ਜਾਂਦੇ ਨੇ। ਇਹ ਵਿਚਾਰਾ ਵੀ ਪਾਗਲ ਹੋ ਗਿਆ ਹੋਵੇਗਾ।" ਹਸਨ ਇਕ ਠੰਢਾ ਸਾਹ ਭਰ ਚੁਪ ਕਰ ਗਿਆ। ਸਭ ਚੁਪ ਚਾਪ ਇਕ ਦੂਜੇ ਨੂੰ ਘੂਰ ਰਹੇ ਸਨ। ਸਹਿਮਿਆ ਧੰਨਾ ਫੇਰ ਗਰਜ ਉਠਿਆ : "ਤੂੰ ਮਲਕ ਏਂ, ਮੈਂ ਤੇਰਾ ਖ਼ੂਨ ਪੀ ਜਾਵਾਂਗਾ। ਤੇਰਾ ਗਲਾ ਘੁੱਟ ਦਿਆਂਗਾ...ਤੂੰ ਮੇਰੇ ਬੱਚੇ ਦਾ ਕਾਤਲ ਏਂ...ਮਰ ਗਿਆ...ਬਸ ਮਰ ਗਿਆ। ਖਤਮ...ਕੰਮ ਖਤਮ। ਤੇ ਉਹ ਖਿੜਖਿੜ ਹਸਣ ਲਗ ਪਿਆ।

ਮਲਕ ਦਾ ਸਾਰਾ ਜਿਸਮ ਕੰਬ ਉਠਿਆ। ਗੁੱਸੇ ਨਾਲ ਲਾਲ ਹੋਇਆ ਉਹਦਾ ਚਿਹਰਾ ਪੀਲਾ ਜ਼ਰਦ ਹੋ ਗਿਆ, ਪਰ ਆਪਣੀ ਘਬਰਾਹਟ ਨੂੰ ਲੁਕਾਣ ਦਾ ਯਤਨ ਕਰਦਾ ਉਹ ਬੜੀ ਉਚੀ ਅਵਾਜ਼ ਵਿਚ ਬੋਲਿਆ : "ਲੈ ਜਾਉ ਏਹਨੂੰ, ਦੇਖਦੇ ਕੀ ਹੋ, ਦਫ਼ਾ ਹੋ ਜਾਉ।"

ਲੰਬੜ ਧੰਨੇ ਨੂੰ ਧਰੀਕਦਾ ਹੋਇਆ ਬਾਹਰ ਲੈ ਗਿਆ, ਮਲਕ ਤੇ ਹਸਨ ਦੋਵੇਂ ਕਿੰਨੀ ਦੇਰ ਬਾਹਰ ਹਨੇਰੇ ਨੂੰ ਘੂਰਦੇ ਰਹੇ। ਪਰ ਜਦੋਂ ਉਹਨਾਂ ਦੀਆਂ ਨਜ਼ਰਾਂ ਆਪਸ ਵਿਚ ਟੱਕਰਾਈਆਂ ਤਾਂ ਮਲਕ ਦੀ ਨਜ਼ਰ ਝੁਕ ਗਈ।

ਕੌਣ ਸੀ ਏਹ ? ਹਸਨ ਦੀ ਆਵਾਜ਼ ਕੰਨੀਂ ਪੈਂਦਿਆਂ ਮਲਕ ਫੇਰ ਤ੍ਰਬਕ ਪਿਆ, ਪਰ ਝੱਟ ਹੀ ਆਪਾ ਸੰਭਾਲਦਾ ਹੋਇਆ ਬੋਲਿਆ : "ਸਾਲਾ ਚੋਰ ਏ, ਪਤਾ ਨਹੀਂ ਕਦੋਂ ਦਾ ਬਾਗ਼ 'ਚੋਂ ਫਲ ਚੁਰਾ ਕੇ ਵੇਚਦਾ ਰਿਹਾਂ ਏ, ਜਦੋਂ ਸਾਨੂੰ ਸੂਹ ਲਗ ਗਈ ਤਾਂ ਸਾਲਾ ਭੱਜ ਗਿਆ। ਕਿੰਨੇ ਦਿਨਾਂ ਪਿਛੋਂ ਅਜ ਲੱਭਾ ਏ......ਤੇ ਪਾਗਲ ਬਣ ਬੈਠਾ ਏ।"

"ਬੜਾ ਗੁਸਤਾਖ਼ ਏ। ਮਲਕ ਭਾਗ ਮਲ ਦੇ ਬਾਗ਼ 'ਚੋਂ ਚੋਰੀ ਕਰਦਾ ਸੀ।"

"ਮੇਰਾ ਤੇ ਖ਼ਿਆਲ ਏ ਕਿ ਹਰਾਮੀ ਡਰਦਾ ਮਕਰ ਕਰ ਰਿਹਾ ਏ, ਪਾਗਲ ਨਹੀਂ।" ਕਹਿ ਮਲਕ ਨੂੰ ਇੰਞ ਲਗਾ ਜਿਵੇਂ ਉਹਦੇ ਮਨ ਤੋਂ ਬਹੁਤ ਸਾਰਾ ਭਾਰ ਲੱਥ ਗਿਆ ਹੋਵੇ।

ਦਿਨ ਚੜ੍ਹਣ ਤਕ, ਹਸਨ ਦੀ ਦਵਾ ਨਾਲ ਮਲਕ ਦੀ ਤਬੀਅਤ ਬਿਲਕੁਲ ਠੀਕ ਹੋ ਗਈ ਸੀ ਤੇ ਰਹਿੰਦੀ ਖੂੰਹਦੀ ਕਸਰ ਜਨਕ ਨੇ ਪੂਰੀ ਕਰ ਦਿਤੀ ਸੀ। ਉਸ ਸਾਰੀ ਰਾਤ ਉਹਦੀਆਂ ਲੱਤਾਂ ਬਾਹਵਾਂ ਘੁੱਟ ਕੇ ਉਹਦਾ ਸਫ਼ਰ ਦਾ ਸਾਰਾ ਥਕੇਵਾਂ ਲਾਹ ਦਿੱਤਾ ਸੀ, ਪਰ ਫੇਰ ਵੀ ਰਾਤ ਦੀ ਘਟਨਾ ਨੇ ਮਲਕ ਨੂੰ ਮਾਨਸਿਕ ਤੌਰ ਤੇ ਏਨਾ ਪ੍ਰੇਸ਼ਾਨ ਕਰ ਦਿਤਾ ਸੀ ਕਿ ਉਹ ਮੰਜੇ ਤੋਂ ਉਠ ਨਹੀਂ ਸਕਿਆ। ਰਹਿ ਰਹਿਕੇ ਉਹਦੇ ਮਨ ਵਿਚ ਇਹ ਖਿਆਲ ਆਉਂਦਾ ਕਿ ਹਸਨ ਮੇਰੇ ਬਾਰੇ ਕੀ ਸੋਚਦਾ ਹੋਵੇਗਾ। ਉਹਦੇ ਸਾਹਮਣੇ ਹੀ ਉਹ ਪਾਗਲ ਹਰਾਮੀ ਕੀ ਕੀ ਬੱਕਦਾ ਰਿਹਾ : "ਮਲਕ ਤੂੰ ਮੇਰੇ ਮੁੰਡੇ ਦਾ ਕਾਤਲ ਏਂ......ਮੈਂ ਤੇਰਾ ਗੱਲਾ ਘੁਟ ਦਿਆਂਗਾ...ਤੇਰਾ ਖ਼ੂਨ ਪੀ ਜਾਵਾਂਗਾ।" ਹੁਣ ਮੇਰੇ ਬਾਰੇ ਉਹਦੀ ਰਾਇ ਨਿਸਚੇ ਹੀ ਬਦਲ ਜਾਏਗੀ। ਉਹ ਸੋਚੇਗਾ ਮੈਂ ਕਿੱਡਾ ਨਿਰਦਈ ਹਾਂ। ਕਿਤੇ ਇਹ ਗੱਲ ਸਾਰੇ ਨਗਰ ਵਿਚ ਹੀ ਨ ਫੈਲ ਜਾਏ। ਹਸਨ ਦਾ ਤੇ ਸੁਭਾਅ ਹੀ ਬੜਾ ਭੈੜਾ ਏ। ਉਹਦੇ ਢਿੱਡ ਵਿਚ ਕੋਈ ਗੱਲ ਪੱਚਦੀ ਹੀ ਨਹੀਂ। ਉਹ ਤੇ ਰਾਈ ਦਾ ਪਹਾੜ ਬਣਾ ਕੇ ਯਾਰਾਂ ਦੋਸਤਾਂ ਨੂੰ ਦੱਸਦਾ ਏ। ਲੋਕਾਂ ਸੁਣਿਆ ਤਾਂ ਉਹ ਕੀ ਕਹਿਣਗੇ, ਉਹ ਤੇ ਮੈਨੂੰ ਬੜਾ ਨਰਮ ਦਿਲ ਤੇ ਪਰਉਪਕਾਰੀ ਸਮਝਦੇ ਨੇ। ਉਹਨਾਂ ਦਾ ਵਿਸ਼ਵਾਸ ਟੁੱਟ ਜਾਏਗਾ। ਰਾਤ ਵਾਲੀ ਘਟਨਾ ਹੋਣੀ ਨਹੀਂ ਸੀ ਚਾਹੀਦੀ। ਉਹ ਸੋਚਦਾ, ਹਸਨ ਦੇ ਬੈਠੇ, ਮੈਨੂੰ ਕੋਈ ਇਹੋ ਜਿਹੀ ਗੱਲ ਨਹੀਂ ਸੀ ਕਰਨੀ ਚਾਹੀਦੀ। ਪਰ ਮੈਂ ਕੋਈ ਨਜਾਇਜ਼ ਗੱਲ ਨਹੀਂ ਕੀਤੀ। ਇਹ ਹੀ ਕਿਹਾ ਸੀ 'ਸਾਲਾ ਮੱਕਰ ਕਰਦਾ ਏ, ਪਾਗਲ ਨਹੀਂ ਏਹ" ਤੇ ਫੇਰ ਮੈਂ ਉਹਨੂੰ ਇਹਦਾ ਕਾਰਨ ਵੀ ਦੱਸ ਦਿਤਾ ਸੀ ਕਿ ਮੇਰੇ ਬਾਗ 'ਚੋਂ ਫਲ ਚੁਰਾ ਚੁਰਾਕੇ ਵੇਚਦਾ ਰਿਹਾ ਏ ਤੇ ਹੁਣ ਡਰਦਾ ਪਾਗਲ ਬਣ ਗਿਆ ਏ। ...ਤੇ ਉਹਨੂੰ ਮੇਰੀ ਗੱਲ ਤੇ ਵਿਸ਼ਵਾਸ਼ ਵੀ ਆ ਗਿਆ

ਸੀ ।...ਪਰ ਮੇਰੇ ਕਾਤਲ ਹੋਣ ਵਾਲੀ ਗੱਲ ? ਉਹ ਤੇ ਸਾਫ਼ ਸਾਫ਼ ਕਹਿ ਰਿਹਾ ਸੀ ਮੈਂ ਉਹਦੇ ਮੁੰਡੇ ਦਾ ਕਾਤਲ ਹਾਂ। ਪਰ ਮੈਂ ਕਿਵੇਂ ਉਹਦੇ ਮੁੰਡੇ ਦਾ ਕਾਤਲ ਹਾਂ। ਮੈਂ ਤੇ ਉਹਦਾ ਮੁੰਡਾ ਵੇਖਿਆ ਤਕ ਨਹੀਂ। ਐਵੇਂ ਬਕਵਾਸ ਕਰਦਾ ਏ ਹਰਾਮੀ। ...ਉਹ ਪਾਗਲ ਵੀ ਨਹੀਂ। ਹਰਾਮੀ ਫਰੇਬ ਹੀ ਕਰਦਾ ਏ। ਕਿਸੇ ਦੇ ਮਰਨ ਤੇ ਇਸ ਤਰ੍ਹਾਂ ਕੋਈ ਪਾਗਲ ਵੀ ਹੋ ਜਾਂਦਾ ਏ ਭੱਲਾ।... ਪਰ ਹਸਨ ਕਹਿੰਦਾ ਸੀ ਔਲਾਦ ਦਾ ਦੁਖ ਬੁਰਾ ਹੁੰਦਾ ਏ।... ਜੇ ਔਲਾਦ ਦਾ ਦੁਖ ਏਨਾਂ ਬੁਰਾ ਏ ਤਾਂ ਸੁਖ ਕਿਹੋ ਜਿਹਾ ਹੁੰਦਾ ਹੋਵੇਗਾ ! ਔਲਾਦ ਪਿਛੇ ਲੋਕੀਂ ਐਵੇਂ ਤੇ ਨਹੀਂ ਪਾਗਲ ਹੋਏ ਫਿਰਦੇ। ਇਸ ਕੁਦਰਤੀ ਫਲ ਦਾ ਪਤਾ ਨਹੀਂ ਕੀ ਸਵਾਦ ਏ ਕਿ ਇਸ ਤੋਂ ਵਾਂਝਾ ਮਨੁਖ ਸਦਾ ਤੜਪਦਾ ਹੀ ਰਹਿੰਦਾ ਏ। ਔਲਾਦ ਨੂੰ ਸਹਿਕਦਾ ਮਨੁੱਖ ਕੀ ਕੁੱਝ ਨਹੀਂ ਕਰਦਾ ? ਮੈਂ ਕੀ ਨਹੀਂ ਕੀਤਾ। ਪਰ ਕਾਸ਼... ਹਉਕਾ ਭਰਕੇ ਮਲਕ ਗੁੰਮ ਹੋ ਜਾਂਦਾ ਤੇ ਫੇਰ ਕਿੰਨੀ ਕਿੰਨੀ ਦੇਰ ਅਡੋਲ ਪਿਆ ਇਕ ਟੱਕ ਕੰਧਾਂ ਤੇ ਛੱਤ ਨੂੰ ਘੂਰਦਾ ਰਹਿੰਦਾ ਹੈ।

ਜਨਕ ਭਾਵੇਂ ਸਾਰਾ ਦਿਨ ਉਹਦੇ ਕੋਲ ਹੀ ਬੈਠੀ ਰਹੀ ਸੀ, ਉਹਨੇ ਜਨਕ ਨਾਲ ਕੋਈ ਗੱਲ ਨਹੀਂ ਕੀਤੀ। ਜਨਕ ਨੇ ਇਕ ਦੋ ਵਾਰ ਕਿਸੇ ਨ ਕਿਸੇ ਬਹਾਨੇ ਉਸ ਨੂੰ ਬੁਲਾਇਆ ਸੀ ਪਰ 'ਹੂੰ, ਹਾਂ', ਦੇ ਸਿਵਾਏ ਉਸ ਨੇ ਉਹਦੀ ਗੱਲ ਦਾ ਕੋਈ ਹੁੰਗਾਰਾ ਨਹੀਂ ਭਰਿਆ। ਸਾਰਾ ਦਿਨ ਉਹ ਆਪਣੇ ਆਪ ਵਿਚ ਹੀ ਗਵਾਚਾ ਰਿਹਾ ਸੀ।

ਸ਼ਾਮ ਨੂੰ ਹਸਨ ਉਹਦੀ ਖ਼ਬਰ ਲੈਣ ਲਈ ਆ ਗਿਆ। ਉਸ ਵੇਲੇ ਮਲਕ ਦੀਵਾਨਖ਼ਾਨੇ ਵਿਚ ਇਕੱਲਾ ਹੀ ਸੀ। ਜਨਕ ਰਸੋਈ ਆਦਿ ਤਿਆਰ ਕਰਨ ਲਈ ਕੁੱਝ ਦੇਰ ਪਹਿਲਾਂ ਅੰਦਰ ਚਲੀ ਗਈ ਸੀ। ਹਸਨ ਨੂੰ ਵੇਖ ਮਲਕ ਦਾ ਜੀਅ ਘਬਰਾ ਗਿਆ। "ਇਹ ਹੁਣ ਕਲ ਵਾਲੀ ਗੱਲ ਛੇੜੇਗਾ ਜ਼ਰੂਰ। ਜੇ ਇਹ ਪੁਛੇਗਾ ਤਾਂ ਮੈਂ ਕੀ ਕਹਾਂਗਾ। ਮੈਂ ਗੱਲ ਦਾ ਰੁਖ ਇਸ ਪਾਸੇ ਔਣ ਹੀ ਨਹੀਂ ਦਿਆਂਗਾ। ਤੇ ਉਹਨੇ ਆਪਣੇ ਮਨ ਨਾਲ ਫੈਸਲਾ ਕਰ ਲਿਆ।

"ਸੁਣਾ ਭਈ ਚੱਕਰ ਨਿਕਲੇ ਕਿ ਨਹੀਂ ਅਜੇ।" ਹਸਨ ਨੇ ਉਹਦੇ ਚਿਹਰੇ ਨੂੰ ਗਹੁ ਨਾਲ ਵੇਖਦਿਆਂ ਆਖਿਆ : "ਆਸਾਰ ਤੇ ਕੁੱਝ ਹੱਛੇ ਹੀ ਨਜ਼ਰ ਆ ਰਹੇ ਨੇ।"

"ਕਿਸੇ ਤੇਰੇ ਜਿਹੇ ਵਾਸਤੇ ਹੀ ਤੇ ਸਿਆਣਿਆਂ ਨੇ ਆਖਿਆ ਹੋਣਾ ਏ; 'ਆਪੇ ਹੀ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜੀਣ। ਮਰੀਜ਼ ਤੋਂ ਹਾਲ ਜਾਣੇ ਬਗੈਰ ਹੀ ਤੈਨੂੰ ਆਸਾਰ ਚੰਗੇ ਨਜ਼ਰ ਆ ਗਏ ਨੇ। ਮੈਂ ਤੇ ਸਾਰੀ ਰਾਤ ਸੁੱਤਾ ਨਹੀਂ।"

"ਸੁੱਤਾ ਨਹੀਂ, ਕਿਉਂ ? ਭਾਬੀ ਚੂੰਢੀਆਂ ਤੇ ਨਹੀਂ ਵਢਦੀ ਰਹੀ।"

ਉਸ ਵਿਚਾਰੀ ਨੇ ਕੀ ਚੂੰਢੀਆਂ ਵਢਣੀਆਂ ਸਨ। ਤੇਰੀ ਦਵਾਈ ਹੀ ਕਰਮਾਂ ਵਾਲੀ ਐਸੀ ਸੀ ਕਿ ਸਾਰੀ ਰਾਤ ਮੈਂ ਨਾਲੀ ਤੇ ਹੀ ਬੈਠਾ ਰਿਹਾ।

"ਫ਼ੇਰ ਮੰਨਦਾ ਏਂ ਨਾ ਸਾਨੂੰ......ਤੇਰੇ ਜਿਹੇ......ਤਖ਼ਤ ਤੇ ਬਹਿਣ ਵਾਲੇ ਨੂੰ ਵੀ ਨਾਲੀ ਤੇ ਬਿਠਾ ਦਿਤਾ ਨ।" ਹਸਨ ਨੇ ਸੀਨਾ ਠੋਕਦਿਆਂ ਆਖਿਆ ਤੇ ਫੇਰ ਦੋਵੇਂ ਹੱਸ ਪਏ।

"ਅਜ ਦਰਬਾਰ ਨਹੀਂ ਗਿਆ ?"

"ਨਹੀਂ ! ਉਠ ਹੀ ਨਹੀਂ ਹੋਇਆ। ਮਿਸਰ ਹੱਥ ਅਜ ਵੀ ਦਰਖਾਸਤ ਭੇਜ ਛੱਡੀ ਏ।"

"ਮੰਜੀ ਤੇ ਪੈ ਕੇ ਬੰਦਾ ਉਂਞ ਹੀ ਵਿਫਲ ਜਾਂਦਾ ਏ। ਉਠਕੇ ਬੈਠ, ਵੇਖਾਂ ਉਠਿਆਂ ਜਾਂਦਾ ਏ ਕਿ ਨਹੀਂ।" ਹਸਨ ਨੇ ਉਸ ਨੂੰ ਫੜ ਕੇ ਉਠਾਕੇ ਬਿਠਾ ਦਿਤਾ।

"ਜੇ ਉਠਿਆ ਜਾਂਦਾ ਤਾਂ ਤੈਨੂੰ ਪਤਾ ਏ ਮੈਂ ਐਵੇਂ ਪੈਣ ਵਾਲਾ ਆਂ ? ਮੇਰਾ ਤੇ ਏਨਾ ਕੰਮ-ਕਾਰ ਵਿਗੜਿਆ ਪਿਆ ਹੋਣਾ ਏ। ਮੇਰੇ ਲਈ ਤੇ ਇਕ ਪਲ ਬਹਿਣਾ ਵੀ ਔਖਾ ਏ। ਸੁਲਤਾਨ ਪੁਰੋਂ ਆ ਕੇ ਮੈਂ ਸ਼ਹਿਜ਼ਾਦੇ ਦੀ ਖ਼ਬਰ ਤੱਕ ਲੈਣ ਨਹੀਂ ਜਾ ਸਕਿਆ।" ਮਲਕ ਨੇ ਲਾਚਾਰੀ ਜ਼ਾਹਿਰ ਕਰਦਿਆਂ ਆਖਿਆ।

"ਸ਼ਹਿਜ਼ਾਦਾ ਠੀਕ ਏ, ਤੂੰ ਆਪਣਾ ਫ਼ਿਕਰ ਕਰ। ਜੇ ਤੈਨੂੰ ਸ਼ਹਿਜ਼ਾਦੇ ਦਾ ਬਹੁਤਾ ਹੀ ਫ਼ਿਕਰ ਹੈ ਤਾਂ ਉਧਰ ਹੀ ਚਲਿਆਂ, ਤੈਨੂੰ ਖ਼ਬਰ ਲਿਆ ਦਿਆਂਗਾ।" ਕਹਿ ਹਸਨ ਉਠ ਖਲੋਤਾ।

"ਬੈਠ ਜ਼ਰਾ, ਟੁਰ ਵੀ ਚਲਿਆਂ।" ਮਲਕ ਨੇ ਰਿਵਾਜ਼ੀ ਤੌਰ ਤੇ ਆਖਿਆ ਤੇ ਸਹੀ ਪਰ ਉਹਦਾ ਦਿਲ ਇਹ ਹੀ ਚਾਹੁੰਦਾ ਸੀ ਕਿ ਜਿੱਨੀ ਛੇਤੀ ਹਸਨ ਚਲਾ ਜਾਏ ਚੰਗਾ ਹੈ। ਕਿਤੇ ਉਹ ਕਲ ਰਾਤ ਵਾਲੀ

ਗੱਲ ਹੀ ਨਾ ਛੇੜ ਲਵੇ ।

''ਨਹੀਂ ਯਾਰ, ਮੈਂ ਜ਼ਰਾ ਜ਼ਰੂਰੀ ਕਿਤੇ ਜਾਣਾ ਏ ।' ਫੇਰ ਆਵਾਂਗਾ ।' ਕਹਿ ਹਸਨ ਚਲਾ ਗਿਆ ।

ਹਸਨ ਦੇ ਚਲੇ ਜਾਣ ਬਾਅਦ ਮਲਕ ਨੇ ਸੁਖ ਦਾ ਸਾਹ ਲਿਆ, ਉਹਦੇ ਮਨ ਨੂੰ ਕਾਫ਼ੀ ਧਰਵਾਸ ਹੋ ਗਈ ਸੀ । ਉਹਦਾ ਸ਼ੱਕ ਨਿਰਮੂਲ ਸੀ, ਹਸਨ ਦੇ ਰੱਵਈਏ ਵਿਚ ਕੋਈ ਰੰਚ ਮਾਤਰ ਤਬਦੀਲੀ ਨਹੀਂ ਸੀ ਆਈ । ਕਲ ਰਾਤ ਵਾਲੀ ਘਟਨਾ ਦਾ ਉਹਦੇ ਤੇ ਕੋਈ ਅਸਰ ਨਹੀਂ ਸੀ ਹੋਇਆ ।

"ਤੁਸੀਂ ਸੁੱਤੇ ਨਹੀਂ ਹਾਲੇ ?"

"ਨਹੀਂ, ਨੀਂਦ ਹੀ ਨਹੀਂ ਆਉਂਦੀ।

"ਮੈਂ ਘੁੱਟਾਂ ਜੇ ?"

"ਨਹੀਂ, ਕੋਈ ਲੋੜ ਨਹੀਂ। ਐਵੇਂ ਨੀਂਦ ਨਹੀਂ ਆਉਂਦੀ। ਸੌਣ ਦਾ ਬੜਾ ਯਤਨ ਕੀਤਾ ਏ ਪਰ ਨੀਂਦਰ ਨੇੜੇ ਹੀ ਨਹੀਂ ਆਉਂਦੀ ਤਰ੍ਹਾਂ ਤਰ੍ਹਾਂ ਦੇ ਖਿਆਲ......"

"ਬਹੁਤਾ ਸੋਚਿਆ ਨਾ ਕਰੋ ਸੁਆਮੀ।"

"ਸੋਚਿਆ ਨਾ ਕਰਾਂ।" ਮਲਕ ਹਉਕਾ ਭਰ ਚੁਪ ਕਰ ਗਿਆ।

"ਚੁਪ ਕਿਉਂ ਕਰ ਗਏ ਹੋ, ਜੇ ਨੀਂਦਰ ਹੀ ਨਹੀਂ ਔਂਦੀ ਤਾਂ ਕੋਈ ਗੱਲ ਹੀ ਸੁਣਾਉ, ਸੁਲਤਾਨਪੁਰ ਦੀ......ਬੜਾ ਸੋਹਣਾ ਸ਼ਹਿਰ ਏ.. ਮੈਂ ਬਚਪਨ ਵਿਚ ਵੇਖਿਆ ਸੀ। ਪਰ ਮੈਂ ਉਦੋਂ ਬੜੀ ਛੋਟੀ ਜਿਹੀ ਸਾਂ, ਮੈਨੂੰ ਉਹਦੀ ਕੋਈ ਸੰਭਾਲ ਨਹੀਂ"

"ਹੱਛਾ।" ਕਹਿ ਮਲਕ ਫੇਰ ਚੁਪ ਕਰ ਗਿਆ।

"ਕੋਈ ਗੱਲ ਸੁਣਾਉ ਨਾ ਸੁਲਤਾਨਪੁਰ ਦੀ।" ਮਲਕ ਨੂੰ ਚੁਪ ਵੇਖ ਜਨਕ ਨੇ ਫ਼ੇਰ ਆਖਿਆ।

"ਇਸ ਵੇਲੇ ਨਹੀਂ ਜਨਕ, ਫ਼ਿਰ ਕਦੇ ਸਹੀ। ਅਜੇ ਮੇਰਾ ਜੀ ਨਹੀਂ ਠੀਕ।"

"ਜੀ ਨਹੀਂ ਠੀਕ !"

"ਜਨਕ, ਮੈਂ ਸੋਚਨਾਂ ਸਾਡੇ ਨਾਲ ਹੀ ਸਾਡਾ ਨਾਂ-ਨਿਸ਼ਾਨ ਮਿੱਟ ਜਾਏਗਾ। ਮਰਨ ਪਿਛੋਂ ਬੰਦੇ ਦੇ ਪੁਤਰ ਹੀ ਤੇ ਨਿਸ਼ਾਨ ਹੁੰਦੇ ਨੇ। ਸਾਡੇ ਪਿਛੋਂ ਤੇ ਦੁਨੀਆਂ ਵਿਚ ਸਾਡਾ ਨਾਂ ਲੈਣ ਵਾਲਾ ਹੀ ਕੋਈ ਨਹੀਂ ਹੋਣਾ। ਸਾਡੇ ਕ੍ਰਿਆ ਕਰਮ ਤੇ ਸਰਾਧ ਕਿਹ੍ਨੇ ਕਰਨੇ ਨੇ !"

"ਇਹੋ ਜਿਹੀਆਂ ਗੱਲਾਂ ਨਾ ਕਰਿਆ ਕਰੋ ਸਵਾਮੀ। ਮੇਰਾ ਸੀਨਾ ਪਾਟ ਜਾਂਦਾ ਏ। ਮੇਰੀ ਸਹੁੰ ਜੇ।" ਜਨਕ ਨੇ ਜਿਵੇਂ ਵਾਸਤਾ ਪਾਇਆ।"

"ਇਹ ਸੱਚ ਏ ਜਨਕ। ਤੇ ਸੱਚ ਵਲੋਂ ਅੱਖਾਂ ਮੀਟਿਆਂ ਸੱਚ ਮਿਟਦਾ ਨਹੀਂ।"

"ਪਰ ਹਾਲੇ ਅਸੀਂ ਕਿਹੜੇ ਬੁੱਢੇ ਹੋ ਗਏ ਹਾਂ, ਨਾਲੇ ਉਹਦੇ ਘਰ ਘਾਟਾ ਵੀ ਕੀ ਏ, ਜਦ ਤਕ ਸੁਆਸ ਤਦ ਤਕ ਆਸ ਤੇ ਹੈ ਹੀ, ਸੁਣੇਗਾ ਹੀ ਨ ਕਦੇ ਨ ਕਦੇ।"

"ਕੀ ਪਤਾ ਏ ਸੁਣਦਾ ਏ ਕਿ ਨਹੀਂ। ਉਹਦਾ ਵੀ ਕੀ ਭਰੋਸਾ ਏ। ਉਹਦੇ ਘਰ ਵੀ ਕੋਈ ਨਿਆਂ ਨਹੀਂ। ਇੱਕਨਾਂ ਦੇ ਘਰ ਰੋੜਿਆਂ ਵਾਂਗਰ ਪੁਤਰ ਸੁੱਟੀ ਆਉਂਦਾ ਏ ਤੇ ਇਕ ਹਮਾਤੜ ਪੁਤਰ ਦਾ ਮੂੰਹ ਵੇਖਣ ਨੂੰ ਪਏ ਸਹਿਕਦੇ ਹਾਂ।"

"ਕਰਮਾਂ ਦੀ ਖੇਡ ਏ। ਪਤਾ ਨਹੀਂ ਕਿਹੜੀਆਂ ਕੀਤੀਆਂ ਦਾ ਫਲ ਭੁਗਤ ਰਹੇ ਹਾਂ, ਸਾਡੇ ਕਰਮਾਂ ਦਾ ਹੀ ਦੋਸ਼ ਏ, ਉਹਦੇ ਘਰ ਤੇ ਘਾਟਾ ਨਹੀਂ। ਤੇ ਜਨਕ ਇਕ ਹਉਕਾ ਭਰ ਚੁਪ ਕਰ ਗਈ।

ਕਿੰਨੀ ਦੇਰ ਚੁਪ ਛਾਈ ਰਹੀ। ਤੇ ਫੇਰ ਮਲਕ ਜਿਵੇਂ ਆਪਣੇ ਆਪ ਨਾਲ ਗੱਲਾਂ ਕਰਨ ਲਗ ਪਿਆ: "ਜਦੋਂ ਦੀ ਹੋਸ਼ ਸੰਭਾਲੀ ਏ ਬੁਰਾ ਕੰਮ ਤੇ ਮੈਂ ਵੀ ਕੋਈ ਨਹੀਂ ਕੀਤਾ। ਜੇ ਪਿਛਲੇ ਜਨਮ ਵਿਚ ਵੀ ਕੋਈ ਗੁਨਾਹ ਕੀਤਾ ਸੀ ਤਾਂ ਕੀ ਐਨਾ ਦਾਨ-ਪੁੰਨ ਕਰਨ ਤੇ ਵੀ ਉਹਦਾ ਭਾਰ ਨਹੀਂ ਲੱਥਾ। ਐਨੇ ਦੇਵੀ-ਦੇਵਤੇ ਅਰਾਧੇ ਨੇ, ਪੀਰ-ਫਕੀਰ ਮਨਾਏ ਨੇ ਪਰ ਕਿਸੇ ਦਰੋਂ ਖ਼ੈਰ ਨਹੀਂ ਪਈ। ਸਿਆਣਿਆਂ ਐਵੇਂ ਤੇ ਨਹੀਂ ਆਖਿਆ:
"ਕਰਮ ਹੋਣਗੇ ਲਿਖੇ, ਪੀਰ ਵੀ ਦੇਣਗੇ ਸੁਖੇ।"

"ਨਹੀਂ ਸੁਆਮੀ ਫ਼ਕੀਰ ਰੇਖ ਵਿਚ ਮੇਖ ਮਾਰ ਦੇਂਦੇ ਨੇ। ਪਰ ਸਮਾਂ ਔਣ ਤੇ..." ਜਨਕ ਨੇ ਅਜੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਮਲਕ ਵਿਚੋਂ ਹੀ ਟੋਕ ਬੋਲ ਪਿਆ: "ਮੈਥੋਂ ਹੋਰ ਸਬਰ ਨਹੀਂ ਹੁੰਦਾ, ਸਬਰ ਕਰ ਕਰਕੇ ਮੈਂ ਥੱਕ ਗਿਆ ਹਾਂ।"

"ਪਰ ਅਜੇ ਉਹ ਸਮਾਂ ਨਹੀਂ ਆਇਆ ਹੋਣਾ ਜਦੋਂ ਸਾਡੀ ਘਾਲ ਥਾਏਂ ਪੈਣੀ ਏ। ਸਵਾਮੀ, ਨਿਰਾਸ ਨਹੀਂ ਹੋਈਦਾ। ਆਸ ਦੇ ਸਹਾਰੇ ਹੀ ਸਾਰਾ ਜੱਗ ਜੀਉਂਦਾ ਏ।"

"ਐਡੀ ਲੰਮੀ ਉਡੀਕ ਬਾਅਦ ਆਸ ਨਿਰਾਸ਼ਾ ਵਿਚ ਬਦਲ ਜਾਂਦੀ ਹੈ, ਜਨਕ, ਮੇਰੇ ਵੱਸ ਨਹੀਂ ਮੇਰੀ ਆਤਮਾ........."

"ਪਰ ਸੁਆਮੀ ਮੇਰੀ ਆਤਮਾਂ ਆਖਦੀ ਏ ਇਕ ਨ ਇਕ ਦਿਨ ਪ੍ਰਭੂ ਸਾਡੀ ਜ਼ਰੂਰ ਸੁਣੇਗਾ। ਹਾਂ ਸਚ ਅਜ ਦੁਪਹਿਰੇ ਪਰੋਹਿਤ ਜੀ ਵੀ ਕਹਿੰਦੇ ਸਨ......।"

"ਕੀ ਕਹਿੰਦੇ ਸਨ ?" ਬੜੀ ਉਤਾਵਲ ਨਾਲ ਜਨਕ ਨੂੰ ਵਿਚੇ ਹੀ ਟੋਕ ਮਲਕ ਬੋਲਿਆ।

"ਕਹਿੰਦੇ ਸਨ ਹੁਣ ਉਹ ਸਮਾਂ ਨੇੜੇ ਆ ਗਿਆ ਏ, ਤੁਸੀਂ ਇੰਦਰ ਭਗਵਾਨ ਦੀ ਪੂਜਾ ਕਰਵਾਉ। ਸਰਬ ਸ਼ਕਤੀਮਾਨ ਇੰਦਰ ਪੁਤਰ-ਵਰ ਦਾ ਦਾਤਾ ਏ।"

"ਹੱਛਾ।" ਫੇਰ ਤੂੰ ਪਰੋਹਿਤ ਜੀ ਨੂੰ ਛੇਤੀ ਤੋਂ ਛੇਤੀ ਏਹ ਪੂਜਾ ਕਰਨ ਲਈ ਆਖਣਾ ਸੀ।"

"ਤੁਹਾਡੇ ਹੁਕਮ ਤੋਂ ਬਿਨਾਂ ਮੈਂ ਕਿਵੇਂ ਕਹਿ ਸਕਦੀ ਸਾਂ। ਹੁਣ ਤੁਸਾਂ ਆਖਿਆ ਏ ਤਾਂ ਸਵੇਰੇ ਹੀ ਮਿਸਰ ਜੀ ਦੇ ਹੱਥ ਸਾਮਗਰੀ ਆਦਿ ਭੇਜ ਦਿਆਂਗੀ ਪੂਜਾ ਲਈ।"

"ਜ਼ਰੂਰ, ਯਾਦ ਨਾਲ।" ਮਲਕ ਨੇ ਪੱਕੀ ਕੀਤੀ।

"ਸਤ ਬਚਨ।" ਕਹਿ ਜਨਕ ਨੇ ਪਾਸਾ ਪਰਤਿਆ।

ਮਲਕ ਨੂੰ ਉਬਾਸੀਆਂ ਔਣ ਲਗ ਪਈਆਂ ਸਨ। ਹੱਛਾ, ਹੁਣ ਸੌਂ ਵੀਏ, ਰਾਤ ਕਾਫ਼ੀ ਲੰਘ ਗਈ ਏ", ਕਹਿ ਉਸ ਅੱਖਾਂ ਮੀਟ, ਪਾਸਾ ਪਰਤ ਮੂੰਹ ਦੂਜੇ ਪਾਸੇ ਕਰ ਲਿਆ।

ਕੁੱਕੜ ਦੀ ਪਹਿਲੀ ਬਾਂਗ ਨਾਲ ਜਨਕ ਦੀ ਅੱਖ ਖੁਲ੍ਹ ਗਈ। ਪਰ ਉਨੀਂਦਰੇ ਕਾਰਨ ਉਹਦਾ ਸਰੀਰ ਟੁੱਟ ਰਿਹਾ ਸੀ। ਇਸ ਲਈ ਉਹ ਜਾਗੋ ਮੀਟੀ ਹਾਲਤ ਵਿਚ ਹੀ ਬਿਸਤਰੇ 'ਚ ਪਈ ਰਹੀ।

ਏਨੇ ਨੂੰ ਦਰਵਾਜ਼ੇ ਤੇ ਦਸਤਕ ਹੋਈ। ਰਾਮ ਰਾਮ ਕਰਦੀ ਜਨਕ ਉਠਕੇ ਬੈਠ ਗਈ। ਸਿਰਹਾਣਿਉਂ ਗਰਮ ਚਾਦਰ ਲੈ ਉਸ ਆਪਣੇ ਜਿਸਮ ਨੂੰ ਵਲ੍ਹੇਟਿਆ ਤੇ ਬੂਹੇ ਵਲ ਵਧਦੀ ਹੋਈ ਬੋਲੀ : ਕੌਣ, ਸੁਲਖਣਾਂ ?

"ਹਾਂ ਰਾਣੀ ਜੀ। ਸ਼ੁਭ ਪ੍ਰਭਾਤ।"

'ਸ਼ੁਭ ਪ੍ਰਭਾਤ' ਜਨਕ ਨੇ ਅੰਦਰੋਂ ਹੀ ਹੁੰਗਾਰਾ ਭਰਿਆ ਤੇ ਫੇਰ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਬਾਹਰ ਨਿਕਲ ਆਈ।

"ਦਾਸੀ ਪ੍ਰਨਾਮ ਕਰਦੀ ਏ ਰਾਣੀ ਜੀ' ਜਨਕ ਦੇ ਪੈਰਾਂ ਤੇ ਝੁਕਦਿਆਂ ਸੁਲਖਣਾਂ ਨੇ ਬੜੀ ਮਿੱਠੀ ਆਵਾਜ਼ ਵਿਚ ਆਖਿਆ, "ਇਸ਼ਨਾਨ ਲਈ ਪਾਣੀ ਭਰ ਦਿਤਾ ਏ, ਨਾਲੇ......" ਤੇ ਗੱਲ ਨੂੰ ਅਧੂਰੀ ਹੀ ਛੱਡ ਉਹ ਆਪਣੇ ਠਰਦੇ ਹੱਥਾਂ ਨੂੰ ਆਪਸ ਵਿਚ ਮਲਣ ਲਗ ਪਈ।

"ਨਾਲੇ ਕੀ ਸੁਲਖਣਾਂ, ਤੂੰ ਗੱਲ ਕਰਦੀ ਕਰਦੀ ਵਿਚੇ ਕਿਉਂ ਛੱਡ ਦੇਨੀ ਏਂ ? ਜਨਕ ਨੇ ਪਿਆਰ ਭਰੀ ਝਿੜਕ ਦਿਤੀ।

"ਨਾਲੇ......ਨਾਲੇ ਮੈਂ ਭੁਲ ਗਈ ਰਾਣੀ ਜੀ, ਹਾਂ ਸੱਚ ਆ ਗਿਆ ਯਾਦ, ਨਵਾਬ ਦਾ ਸਿਪਾਹੀ ਆਇਆ ਸੀ।"

'ਐਡੀ ਸਵੇਰੇ। ਕੀ ਕਹਿੰਦਾ ਸੀ ?"

"ਕਹਿੰਦਾ ਸੀ ਨਵਾਬ ਹੋਰੀਂ ਮਲਕ ਸਾਹਿਬ ਨੂੰ ਯਾਦ ਫਰਮਾ ਰਹੇ ਨੇ।"

"ਸੁਖ ਤੇ ਹੈ ?"

"ਆਪਣਾ ਚੌਂਕੀਦਾਰ ਦੱਸਦਾ ਏ ਰਾਣੀ ਜੀ, ਕਿ ਸ਼ਹਿਜ਼ਾਦੇ ਦੀ

ਹਾਲਤ ਫੇਰ ਵਿਗੜ ਗਈ ਏ । ਸਿਪਾਹੀ ਉਸ ਨੂੰ ਹੀ ਸੁਨੇਹਾ ਦੇ ਗਿਆ ਸੀ ।''

''ਹਾਏ ਰਾਮ ! ਸ਼ਹਿਜ਼ਾਦੇ ਦੀ ਹਾਲਤ ਫੇਰ ਵਿਗੜ ਗਈ ! ਪਰਮਾਤਮਾ ਸਭ ਦੀਆਂ ਆਂਦਰਾਂ ਠੰਡੀਆਂ ਰਖੇ ।''

''ਰਾਣੀ ਜੀ ਛੇਤੀ ਭੇਜ ਦਿਉ ਰਾਜਾ ਜੀ ਨੂੰ, ਕਿਤੇ ਦੇਰ ਹੋ ਜਾਣ ਕਾਰਨ......

ਸੁਲਖਣਾਂ ਨੇ ਭਾਵੇਂ ਵਾਕ ਅਧੂਰਾ ਛੱਡ ਦਿਤਾ ਸੀ ਪਰ ਜਨਕ ਉਹਦਾ ਭਾਵ ਸਮਝ ਗਈ ਸੀ । ''ਮੈਂ ਹੁਣੇ ਉਹਨਾਂ ਨੂੰ ਭੇਜ ਦੇਨੀ ਆਂ । ਸੁਲਖਣਾਂ ਤੂੰ ਬਸਤਰ ਵਗੈਰਾ ਰੱਖ ਗੁਸਲਖ਼ਾਨੇ 'ਚ ।'' ਕਹਿ ਜਨਕ ਅੰਦਰ ਆ ਗਈ ।

''ਏ ਜੀ ਉਠੋ ਨਾ ।'' ਮਲਕ ਦੇ ਪਲੰਘ ਤੇ ਬੈਠ ਜਨਕ ਨੇ ਉਹਦੇ ਕੰਨ ਦੇ ਕੋਲ ਮੂੰਹ ਕਰਕੇ ਆਖਿਆ''

''ਊ-ਹੂੰ ਜ਼ਰਾ ਸੌਣ ਦਿਉ । ਅਜੇ ਹੁਣੇ ਤੇ ਸੁੱਤੇ ਹਾਂ ।' ਤੇ ਮਲਕ ਨੇ ਪਾਸਾ ਪਰਤ ਆਪਣੀਆਂ ਦੋਵੇਂ ਬਾਹਵਾਂ ਜਨਕ ਦੇ ਦੁਆਲੇ ਵਲ ਲਈਆਂ ਤੇ ਉਸਨੂੰ ਆਪਣੇ ਵਲ ਖਿਚਦਾ ਹੋਇਆ ਬੋਲਿਆ ''ਤੂੰ ਵੀ ਸੌਂ ਜਾ ।''

''ਪ੍ਰਭਾਤ ਹੋ ਗਈ ਏ ਉਠੋ, ਹੁਣ ਸੌਣ ਦਾ ਵੇਲਾ ਏ ! ਛੇਤੀ ਉਠੋ ।''

''ਊ......ਹੂੰ...ਤੂੰ ਅਜ ਕੱਲੀ ਚਲੀ ਜਾ ਪੂਜਾ ਨੂੰ, ਮੈਨੂੰ ਸੌਣ ਦੇ ।

ਤੁਸਾਂ ਮੱਹਲੀਂ ਜਾਣਾ ਏ ਸੁਆਮੀ । ਨਵਾਬ ਦਾ ਸਿਪਾਹੀ ਆਇਆ ਸੀ।

''ਨਵਾਬ ਦਾ ਸਿਪਾਹੀ......ਮਹਲੀਂ......ਗੱਲ ਕੀ ਏ'' ਮਲਕ ਘਬਰਾਕੇ ਉਠ ਬੈਠਾ ।

''ਕਹਿੰਦੇ ਨੇ ਸ਼ਹਿਜ਼ਾਦੇ ਦੀ ਹਾਲਤ ਫੇਰ ਵਿਗੜ ਗਈ ਏ ।''

''ਹੱਛਾ । ਮੈਂ ਹੁਣੇ ਜਾਨਾਂ ।'' ਕਹਿ ਮਲਕ ਉਠਕੇ ਛੇਤੀ ਛੇਤੀ ਤਿਆਰ ਹੋਣ ਲਗ ਪਿਆ ।

ਪੂਰਬ ਵਿਚ ਸੂਰਜ ਦੀ ਲਾਲੀ ਫੈਲ ਚੁਕੀ ਸੀ ਜਦੋਂ ਮਲਕ ਮਹਲ ਵਿਚ ਦਾਖਲ ਹੋਇਆ। ਮਹੱਲ ਦਾ ਸਾਰਾ ਰੰਗ ਢੰਗ ਹੀ ਬਦਲਿਆ ਪਿਆ ਸੀ। ਘਬਰਾਏ ਹੋਏ ਅਹਿਲਕਾਰ ਏਧਰੋਂ ਓਧਰ ਕਾਹਲੀ ਕਾਹਲੀ ਆ ਜਾ ਰਹੇ ਸਨ। ਸਭ ਦੇ ਚਿਹਰੇ ਹਿਰਾਸੇ ਹੋਏ ਸਨ, ਮਲਕ ਦੀ ਖਾਨਿਓਂ ਗਈ 'ਜਾ ਜਾਂਦੀਏ ਇਥੇ ਤੇ ਭਾਣਾ ਵਰਤ ਗਿਆ ਜਾਪਦਾ ਏ।' ਤੇ ਉਸ ਨੂੰ ਇੰਝ ਜਾਪਿਆ ਜਿਵੇਂ ਉਹਦੀਆਂ ਲੱਤਾਂ ਤੇ ਪੈਰ ਪਥਰ ਦੇ ਹੋ ਗਏ ਹੋਣ। ਉਹਨੂੰ ਕਦਮ ਚੁਕਣਾ ਬੜਾ ਔਖਾ ਭਾਸ ਰਿਹਾ ਸੀ। ਪਰ ਫੇਰ ਵੀ ਉਹ ਲੱਤਾਂ ਧਰੀਕਦਾ ਹੋਇਆ ਦੀਵਾਨਖ਼ਾਨੇ ਵਲ ਵਧਿਆ।

ਦੀਵਾਨਖ਼ਾਨੇ ਦੇ ਨਾਲ ਹੀ ਸ਼ਹਿਜ਼ਾਦੇ ਦਾ ਕਮਰਾ ਸੀ ਜੋ ਇਸ ਵੇਲੇ ਅਮੀਰਾਂ ਵਜ਼ੀਰਾਂ ਨਾਲ ਭਰਿਆ ਪਿਆ ਸੀ। ਸਾਰੇ ਦਰਬਾਰੀ ਤੇ ਅਹਿਲਕਾਰ ਉਥੇ ਮੌਜੂਦ ਸਨ। ਮੈਂ ਅਜ ਸਭ ਤੋਂ ਪਛੜ ਗਿਆ। ਸੋਚ ਮਲਕ ਦੇ ਕਦਮ ਦਰਵਾਜ਼ੇ ਕੋਲ ਹੀ ਠਿਠਕ ਗਏ। ਕੁੱਝ ਦੇਰ ਬਾਅਦ ਬੜੀ ਤੇਜ਼ੀ ਨਾਲ ਉਹ ਭੀੜ 'ਚੋਂ ਰਾਹ ਬਣਾਂਦਾ ਸਾਹਜ਼ਾਦੇ ਦੇ ਪਲੰਘ ਕੋਲ ਜਾ ਪੁੱਜਾ। ਪਲੰਘ ਦੀ ਪੁਆਂਦੀ ਬੈਠਾ ਨਵਾਬ ਜ਼ਾਲਮਖ਼ਾਨ ਅੱਖਾਂ ਮੀਟੀ ਦੋਵੇਂ ਹੱਥ ਜੋੜੀ ਪਰਵਰਦਗਾਰ ਖ਼ੁਦਾ ਪਾਸ ਅਰਜ਼ੋਈਆਂ ਕਰ ਰਿਹਾ ਸੀ। ਤੇ ਸਰਹਾਂਦੀ ਵਲ ਖੜਾ ਸ਼ਾਹੀ ਹਕੀਮ ਸ਼ਹਿਜ਼ਾਦੇ ਦੀ ਨਬਜ਼ ਤੇ ਹੱਥ ਰਖੀ ਸੋਚਾਂ ਵਿਚ ਡੁੱਬਾ ਹੋਇਆ ਸੀ।

"ਹਜ਼ੂਰ ਬੰਦਾ ਪਰ......" ਮਲਕ ਦੇ ਮੂੰਹ 'ਚੋਂ ਅਜੇ ਇਹ ਸ਼ਬਦ ਹੀ ਨਿਕਲੇ ਸਨ ਕਿ ਹਕੀਮ ਜੀ ਨੇ ਉਸ ਨੂੰ ਇਸ਼ਾਰੇ ਨਾਲ ਚੁਪ ਕਰਾ ਦਿਤਾ।

ਕੁੱਝ ਦੇਰ ਬਾਅਦ ਇਕ ਲੰਮਾ ਸਾਹ ਭਰਦਿਆਂ ਹਕੀਮ ਜੀ ਨੇ ਚੁਪ ਨੂੰ ਤੋੜਿਆ, "ਖ਼ਾਨ ਸਾਹਿਬ, ਅੱਲਾਹ ਤਾਲਾ ਕੇ ਰਹਿਮ, ਖਤਰੇ ਕਾ ਵਕਤ

ਤੋ ਗੁਜ਼ਰ ਗਿਆ। ਲੇਕਿਨ ਏਕ ਬਾਤ ਹੈ ....."

"ਸੁਬਹਾਨ-ਅੱਲਾਹ, ਸੁਬਹਾਨ-ਅੱਲਾਹ।" ਹਕੀਮ ਜੀ ਦੀ ਇਸ ਗੱਲ ਨੂੰ ਸੁਣ ਸਾਰੇ ਅਮੀਰ ਵਜ਼ੀਰ ਖ਼ੁਦਾ ਦੇ ਸ਼ੁਕਰਾਨੇ ਵਿਚ ਬੋਲ ਉਠੇ।

"ਹਾਂ ਹਾਂ ਕਹੀਏ ਹਕੀਮ ਸਾਹਿਬ।" ਜ਼ਾਲਮ ਖ਼ਾਨ ਨੇ ਸੁਖ ਦਾ ਸਾਹ ਲੈਂਦਿਆਂ ਉਤਾਵਲ ਨਾਲ ਆਖਿਆ।

"ਆਪਕੇ ਫ਼ਰਜ਼ੰਦ ਕੋ ਦਵਾ ਸੇ ਜ਼ਿਆਦਾ ਕਿਸੀ ਵਲੀ ਪੀਰ ਕੀ ਦੁਆ ਕੀ ਜ਼ਰੂਰਤ ਹੈ, ਵੈਸੇ ਭੀ ਜਹਾਂ ਦਵਾ ਕਾਰਗਰ ਨਹੀਂ ਹੋਤੀ ਵਹਾਂ ਦਵਾ ਕਾਰਗਰ ਹੋਤੀ ਹੈ।"

"ਆਪ ਬਜਾ ਫ਼ਰਮਾਤੇ ਹੈਂ ਹਕੀਮ ਸਾਹਿਬ। ਕਿਸੀ ਤਰੀਕੇ ਸੇ ਮੇਰੇ ਬਚੇ ਕੀ ਜਾਨ ਬਚ ਜਾਏ ਤੋ ਮੈਂ ਇਸਕੀ ਹਰ ਕੀਮਤ ਦੇਨੇ ਕੋ ਤਿਆਰ ਹੂੰ। ਕਿਸੀ ਦਰ ਕੀ ਖ਼ਾਕ ਛਾਨਨੇ ਸੇ ਗਰੇਜ਼ ਨਹੀਂ ਕਰੂੰਗਾ। ਤੁਮ ਹੀ ਕਿਸੀ ਵਲੀ ਪੀਰ ਕਾ ਪਤਾ ਬਤਾਉ ਜਿਸਕੀ ਮੇਹਰਿ-ਨਜ਼ਰ ਸੇ ਮੇਰੇ ਬਚੇ ਕੀ ਜਾਨ ਬਚ ਜਾਏ, ਮੈਂ ਉਨਕੇ ਕਦਮ ਪਕੜ ਲੂੰਗਾ।"

"ਸੁਬ੍ਹਾਨ-ਅੱਲਾਹ, ਸੁਬ੍ਹਾਨ-ਅੱਲਾਹ। ਖ਼ਾਨ ਸਾਹਿਬ, ਵਲੀ ਪੀਰੋਂ ਕਾ ਕੋਈ ਟਿਕਾਨਾ ਨਹੀਂ ਹੋਤਾ। ਸਾਰਾ ਜਹਾਨ ਉਨਕਾ ਘਰ ਹੈ, ਵੁਹ ਕਹੀਂ ਸੇ ਭੀ ਮਿਲ ਸਕਤੇ ਹੈਂ। ਆਪ ਤਲਾਸ਼ ਕਰੀਏ, ਕੋਈ ਨ ਕੋਈ ਅੱਲਾਹ ਕਾ ਪਿਆਰਾ ਮਿਲ ਹੀ ਜਾਏਗਾ।"

"ਉਨਕੀ ਪਹਿਚਾਨ ਕਿਆ ਹੋਤੀ ਹੈ ? ਹਕੀਮ ਸਾਹਿਬ।"

"ਉਨਕੀ ਪਹਿਚਾਨ ਤੋ ਆਖੋਂ ਵਾਲੇ ਹੀ ਕਰ ਸਕਤੇ ਹੈਂ ਮੈਂ ਤੋ ਏਕ ਅਦਨਾ ਸਾ ਇਨਸਾਨ ਹੂੰ। ਆਪ ਤਲਾਸ਼ ਕਰੀਏ।"

"ਬਹੁਤ ਹੱਛਾ। ਆਪ ਇਲਾਜ ਜਾਰੀ ਰਖੀਏ, ਮੈਂ ਅਬੀ ਕਿਸੀ ਅੱਲਾਹ ਕੇ ਪਿਆਰੇ ਕੀ ਤਲਾਸ਼ ਕਰਵਾਤਾ ਹੂੰ।" ਕਹਿ, ਨਵਾਬ ਸਿਰ ਸੁਟੀ ਦੀਵਾਨਖ਼ਾਨੇ ਵਲ ਚਲਾ ਗਿਆ। ਇਕ ਇਕ ਕਰਕੇ ਸਾਰੇ ਅਮੀਰ ਵਜ਼ੀਰ ਵੀ ਦੀਵਾਨਖ਼ਾਨੇ ਆ ਪਹੁੰਚੇ। ਨਵਾਬ ਦੇ ਪੈਰਾਂ ਕੋਲ ਬੈਠਦਿਆਂ ਮਲਕ ਨੇ ਪੁਛਿਆ: "ਹਕੀਮ ਸਾਹਿਬ ਨੇ ਕਿਆ ਕਹਾ ਹੈ ਹਜ਼ੂਰ ?"

"ਸਾਹਿਬਜ਼ਾਦੇ ਕੀ ਸੇਹਤ ਬਖਸ਼ੀ ਕੇ ਲੀਏ ਕਿਸ਼ੀ ਵਲੀ ਪੀਰ ਕੀ ਦੁਆ ਕੀ ਜ਼ਰੂਰਤ ਹੈ, ਆਪ ਮੇਂ ਸੇ ਜੋ ਬੀ ਕਿਸੀ ਪੀਰ ਫ਼ਕੀਰ ਕੋ ਜਾਨਤਾ ਹੋ ਬਤਾਓ, ਹਮ ਉਸੇ ਮੂੰਹ ਮਾਂਗਾ ਇਨਾਮ ਦੇਂਗੇ।" ਮਲਕ ਦੀ ਗੱਲ ਨੂੰ

ਅਣਗੌਲਿਆਂ ਕਰ ਨਵਾਬ ਨੇ ਆਖਿਆ।

"ਪੀਰ ਫ਼ਕੀਰ ਤੇ ਇਸ ਇਲਾਕੇ ਵਿਚ ਬੜੇ ਨੇ ਪਰ ਕਿਸੇ ਦੀ ਫਕੀਰੀ ਤੇ ਕਾਮਲਤਾ ਬਾਰੇ ਕੀ ਕਿਹਾ ਜਾ ਸਕਦਾ ਹੈ।" ਬਜ਼ੁਰਗ ਅਮੀਰ ਖ਼ਾਨ ਨੇ ਅਸਲ ਔਕੜ ਵਲ ਇਸ਼ਾਰਾ ਕੀਤਾ।

"ਆਪ ਨੇ ਬਜਾ ਫਰਮਾਇਆ, ਲੇਕਿਨ ਕਰਨੀ ਵਾਲੇ ਪੀਰੋਂ ਫ਼ਕੀਰੋਂ ਕੀ ਕੱਮੀ ਨਹੀਂ। ਮੈਂ ਏਕ ਐਸੇ ਫ਼ਕੀਰ ਕੋ ਜਾਨਤਾ ਹੂੰ ਜੋ ਮੌਤ ਸੇ ਭੀ ਨਜਾਤ ਦਿਲਵਾ ਸਕਤਾ ਹੈ ...।"

"ਕੌਣ ਹੈ ਵੁਹ...ਔਰ ਕਹਾਂ ਹੈਂ !" ਨਵਾਬ ਨੇ ਉਤਸੁਕ ਹੋ ਪੁਛਿਆ।

"ਲਖਦਾਤਾ ਪੀਰ ਕਾ ਗੱਦੀ-ਨਸ਼ੀਨ ਹੈ ਵੁਹ, ਉਸੀਕੇ ਮਜ਼ਾਰ ਪਰ ਰਹਿਤਾ ਹੈ।" ਅਮੀਰ ਖਾਨ ਨੇ ਸਿਰ ਝੁਕਾ ਅਦਬ ਨਾਲ ਆਖਿਆ।

"ਵੁਹ ਤੋ ਏਕਦਮ ਫ਼ਰੇਬੀ ਹੈ ਔਰ ਲਾਲਚੀ ਭੀ। ਲਾਲਚੀ ਆਦਮੀ ਸੇ ਕਿਸੀ ਕਾ ਭਲਾ ਨਹੀਂ ਹੋਤਾ।" ਕਾਜ਼ੀ ਅਬਦੁਲ ਰਹਿਮਾਨ ਖ਼ਾਨ ਨੇ ਅਮੀਰ ਖ਼ਾਨ ਦੀ ਗੱਲ ਨੂੰ ਕਟਦਿਆਂ ਆਖਿਆ।

"ਅਗਰ ਵੁਹ ਫਰੇਬੀ ਹੈ ਤੋ ਆਪ ਹੀ ਕੋਈ ਕਾਮਲ ਫ਼ਕੀਰ ਬਤਾਏਂ ?" ਅਮੀਰ ਖ਼ਾਨ ਕਾਜ਼ੀ ਦੇ ਵਾਰ ਨੂੰ ਸਹਾਰ ਨਹੀਂ ਸਕਿਆ।

"ਪੀਰ-ਚਿਰਾਗਾਂ ਕਾ ਨਾਮ ਸੁਨਾ ਹੈ ਆਪ ਨੇ ? ਕਾਲੇ ਇਲਮ ਕਾ ਉਸਤਾਦ ਹੈ ਵੁਹ, ਕਿਸੀ ਸੇ ਏਕ ਦਮੜੀ ਨਹੀਂ ਲੇਤਾ।" ਕਾਜ਼ੀ ਨੇ ਅਮੀਰ ਖਾਨ ਵਲ ਕੈਰੀ ਨਜ਼ਰੇ ਝਾਕਦਿਆਂ ਆਖਿਆ।

"ਦੇਖਾ ਹੈ ਹਮ ਨੇ ਉਸੇ, ਕੁੱਝ ਅਰਸਾ ਪਹਿਲੇ ਜਬ ਮੇਰਾ ਘੋੜਾ ਬੀਮਾਰ ਹੋ ਗਿਆ ਥਾ ਤੋ ਮੁੱਝੇ ਕਿਸੀ ਨੇ ਉਸੀਕਾ ਪਤਾ ਬਤਾਇਆ। ਔਰ ਮੈਂ ਦਸ ਦਿਨ ਉਸ ਕੀ ਹਾਜ਼ਰੀ ਦੇਤਾ ਰਹਾ, ਲੇਕਿਨ ਘੋੜਾ ਹੱਛਾ ਨਹੀਂ ਹੂਆ।" ਅਮੀਰ ਖ਼ਾਨ ਨੇ ਵਾਰੀ ਲਾਂਹਦਿਆਂ ਆਖਿਆ।

ਨਵਾਬ ਨੇ ਐਸੀ ਨਜ਼ਰ ਦੋਵਾਂ ਵਲ ਝਾਕਿਆ ਕਿ ਦੋਵਾਂ ਵਿਚੋਂ ਪਰਤਕੇ ਕੋਈ ਨਹੀਂ ਬੋਲਿਆ।

"ਰਾਮ ਚੰਦ ਤੁਮ ਬਤਾਉ, ਤੁਮ ਤੋਂ ਸੰਤੋਂ ਕੇ ਸ਼ਰਧਾਲੂ ਹੋ।" ਮਲਕ ਨੇ ਰਾਮਚੰਦ ਨੂੰ ਨਿਸ਼ਾਨਾ ਬਣਾਇਆ।

"ਪਿਪਨਾਖੇ ਸੰਤਾਂ ਦਾ ਬੜਾ ਭਾਰੀ ਡੇਰਾ ਏ। ਹਰ ਮੱਤ ਦਾ ਫਕੀਰ ਉਥੇ ਆ ਟਿਕਦਾ ਏ। ਉਥੋਂ ਕੋਈ ਨ ਕੋਈ ਐਸਾ ਫ਼ਕੀਰ ਮਿਲ ਜਾਏਗਾ

ਜ਼ਿਦੀ ਦੁਆ ਖ਼ੁਦਾ ਕਬੂਲ ਕਰੇਗਾ ।''

'ਪਰ ਇਤਨੇ ਫਕੀਰੋਂ ਸੇ ਕਿਸੀ ਕਾਮਲ ਕੋ ਢੂੰਡਾ ਕੈਸੇ ਜਾਏ।' ਨਵਾਬ ਦੇ ਇਸ ਸਵਾਲ ਦਾ ਜਵਾਬ ਕਿਸੇ ਨੂੰ ਨਹੀਂ ਔੜਿਆ, ਸਾਰੇ ਸੋਚੀਂ ਪੈ ਗਏ। ਆਖ਼ਰ ਮਲਕ ਨੇ ਖੜੇ ਹੋ ਨਵਾਬ ਦੇ ਸਾਹਵੇਂ ਸਿਰ ਝੁਕ ਦਿਆਂ ਆਖਿਆ : ''ਹਜ਼ੂਰ ਯੇ ਕੋਈ ਮੁਸ਼ਕਲ ਬਾਤ ਨਹੀਂ, ਇਸਕਾ ਹਲ, ਆਗਿਆ ਹੋ ਤੋ ਮੈਂ ਬਤਾ ਦੇਤਾ ਹੂੰ ।''

''ਹਾਂ ਹਾਂ ਬਤਾਈਏ, ਮਲਕ ਸਾਹਿਬ।'' ਨਵਾਬ ਦੇ ਬੋਲਾਂ ਵਿਚ ਘਬਰਾਹਟ ਸੀ। ''ਆਪ ਕੈਸੇ ਪਹਿਚਾਨ ਕਰ ਪਾਏਂਗੇ ?''

''ਹਜ਼ੂਰ ਇਸ ਇਲਾਕੇ ਮੇਂ ਜਿਤਨੇ ਪੀਰ ਫ਼ਕੀਰ ਹੈਂ ਸਭ ਕੋ ਪਕੜ ਕਰ ਬੰਦੀਖਾਨੇ ਮੇਂ ਦੇ ਦੋ। ਔਰ ਜਬ ਤਕ ਵੁਹ ਸ਼ਹਿਜ਼ਾਦੇ ਕੋ ਤੰਦਰੁਸਤ ਨਹੀਂ ਕਰਤੇ, ਕਿਸੀ ਕੋ ਨ ਛੋੜੋ। ਜੋ ਕਾਮਲ ਹੋ ਗਾ ਖ਼ੁਦ ਬਖ਼ੁਦ ਸਾਹਮਨੇ ਆ ਜਾਏਗਾ ।''

''ਸ਼ਾਬਾਸ਼ ! ਹਮੇਂ ਤੁਮ ਸੇ ਯਹੀ ਉਮੀਦ ਥੀ, ਯੇ ਤੋ ਬਹੁਤ ਹੱਛਾ ਤਰੀਕਾ ਹੈ। ਜਾਉ ਜਾਕਰ ਕੋਤਵਾਲ ਕੋ ਕਹਿ ਦੋ ਕਿ ਸ਼ਾਮ ਤਕ ਸਭ ਪੀਰੋਂ ਫਕੀਰੋਂ ਕੋ ਬੰਦੀ ਬਨਾ ਕਰ ਲੇ ਆਉ।'' ਨਵਾਬ ਨੂੰ ਮਲਕ ਦੀ ਤਜਵੀਜ਼ ਪਸੰਦ ਆ ਗਈ ਸੀ।

''ਯੇਹ ਏਕ ਤਰੀਕਾ ਹੈ ਹਜ਼ੂਰ।'' ਮਲਕ ਨੇ ਮਾਣ ਨਾਲ ਆਖਿਆ। ਔਰ ਕਿਸੀ ਤਰੀਕੇ ਸੇ ਅਸਲੀ ਨਕਲੀ ਫਕੀਰ ਕੀ ਪਹਿਚਾਨ ਨਹੀਂ ਹੋ ਸਕਤੀ।

''ਸਹੀ ਕਹਾ ਹੈ ਤੁਮਨੇ ਮਲਕ, ਐਸੇ ਏਕ ਤੋ ਅਸਲੀ ਫ਼ਕੀਰ ਕਾ ਪਤਾ ਚਲ ਜਾਏਗਾ ਔਰ ਦੂਸਰਾ ਰਈਅਤ ਨਕਲੀ ਫ਼ਕੀਰੋਂ ਸੇ ਨਜਾਤ ਪਾ ਸਕੇਗੀ। ਆਪ ਜਾਈਏ ਔਰ ਕੋਤਵਾਲ ਸੇ ਕਹਿ ਦੀਜੀਏ।''

'ਹੁਕਮ ਹਜ਼ੂਰ।' ਸਿਰ ਝੁਕਾ ਮਲਕ ਉਠਕੇ ਬਾਹਰ ਆ ਗਿਆ। ਸਾਰੇ ਅਮੀਰ ਵਜ਼ੀਰ ਈਰਖਾ ਦੀ ਨਜ਼ਰੇ, ਜਾਂਦੇ ਮਲਕ ਦੀ ਪਿਠ ਨੂੰ ਘੂਰ ਰਹੇ ਸਨ।

ਸ਼ਾਮ ਤਕ ਸ਼ਾਹੀ ਮਹੱਲ ਦੇ ਸਾਹਮਣੇ ਵਾਲੇ ਮੈਦਾਨ ਵਿਚ ਸੰਤਾਂ ਫ਼ਕੀਰਾਂ ਦਾ ਚੰਗਾ ਇਕੱਠ ਹੋ ਗਿਆ ਸੀ। ਮਲਕ ਦੇ ਹੁਕਮ ਅਨੁਸਾਰ ਸਿਪਾਹੀ ਜੋ ਵੀ ਸਾਧ ਸੰਤ ਨਜ਼ਰੀਂ ਆਇਆ ਫੜ ਲਿਆਏ ਸਨ। ਜੱਟਾਧਾਰੀ, ਗੋਰਖ-ਪੰਥੀਏ, ਕ੍ਰਿਸ਼ਨ-ਭਗਤ, ਰਾਮ ਭਗਤ, ਸ਼ਿਵ ਭਗਤ, ਨਾਂਗੇ, ਵੈਰਾਗੀ, ਖਲੀਫ਼ੇ ਹਰ ਸੰਪਰਦਾਇ ਦੇ ਅਨੁਯਾਈ ਬੰਨ੍ਹ ਲਿਆਂਦੇ ਗਏ ਸਨ।

"ਕਿੰਨੇ ਕੁ ਪਕੜੇ ਗਏ ਨੇ ?" ਸੰਧਿਆ ਦੀ ਹਾਜ਼ਰੀ ਵਕਤ ਕੋਤਵਾਲ ਨੇ ਜਮਾਂਦਾਰ ਨੂੰ ਪੁਛਿਆ।

'ਡੇਢ ਦੋ ਸੌ ਦੇ ਕਰੀਬ ਹੋਣਗੇ ਜੀ।"

"ਕੋਈ ਬਚ ਤੇ ਨਹੀਂ ਗਿਆ ?"

"ਨਹੀਂ ਹਜ਼ੂਰ। ਸਾਡੇ ਸਿਪਾਹੀ ਤਾਂ ਧੂਣੇ ਧਮਾਕੇ ਬੈਠਿਆਂ ਨੂੰ ਵੀ ਉਠਾ ਲਿਆਏ ਨੇ। ਤੇ ਇਲਾਕੇ ਦਾ ਚਪਾ ਚਪਾ ਛਾਣਕੇ ਭੋਰੇ ਪਏ ਸਾਧਾਂ ਨੂੰ ਵੀ ਕੱਢ ਲਿਆਏ ਨੇ। ਮੈਂ ਉਹਨਾਂ ਨੂੰ ਖਾਸ ਹਦਾਇਤ ਦਿਤੀ ਸੀ ਕਿ ਕੋਈ ਵੀ ਸਾਧ ਫ਼ਕੀਰ ਰਹਿ ਨ ਜਾਏ।"

"ਆਪਣੇ ਸਾਰੇ ਆਦਮੀ ਪਰਤ ਆਏ ਨੇ ?"

"ਸਾਰੇ ਆ ਗਏ ਨੇ, ਹਜ਼ੂਰ। ਬਾਕੀ ਹਾਜ਼ਰੀ ਲਾ ਲੈਨੇ ਹਾਂ, ਹੁਣੇ ਪਤਾ ਲਗ ਜ-ਏਗਾ।"

"ਹੱਛਾ ਤੂੰ ਹਾਜ਼ਰੀ ਲਗਾ, ਮੈਂ ਨਵਾਬ ਸਾਹਿਬ ਨੂੰ ਇਤਲਾਹ ਕਰ ਆਵਾਂ।" ਕਹਿ ਕੋਤਵਾਲ ਉਠ ਖਲੋਤਾ ਤੇ ਹਥ ਵਿਚ ਫੜੇ ਬੈਂਤ ਨੂੰ ਘੁਮਾਂਦਾ ਹੋਇਆ ਬੋਲਿਆ : "ਇਹਨਾਂ ਦੇ ਆਲੇ-ਦੁਆਲੇ ਤਗੜਾ ਪਹਿਰਾ ਰਖੋ, ਕੋਈ ਭੱਜ ਨਾ ਜਾਏ, ਸਮਝੇ !"

"ਤੁਸੀਂ ਫ਼ਿਕਰ ਨਾ ਕਰੋ, ਹਜ਼ੂਰ। ਮੈਂ ਪਹਿਲੇ ਹੀ ਸਾਰਾ ਬੰਦੋਬਸਤ

ਕਰ ਰਖਿਆ ਏ ।"

"ਠੀਕ ਏ, ਪਰ ਫੇਰ ਵੀ ਚੌਕੰਨਾ ਰਹਿਣ ਦੀ ਲੋੜ ਏ ।"

"ਬਹੁਤ ਹੱਛਾ ਹਜ਼ੂਰ। ਮੈਂ ਸਾਰੇ ਬੰਦਿਆਂ ਨੂੰ ਫੇਰ ਚੌਕਸ ਕਰ ਦੇਂਦਾ ਹਾਂ ।"

'ਠੀਕ ਏ, "ਮੈਂ ਹੁਣੇ ਆਇਆ ।" ਕਹਿ ਕੋਤਵਾਲ ਸ਼ਾਹੀ ਮਹੱਲ ਵਲ ਚਲ ਪਿਆ ।

ਦੀਵਾਨਖ਼ਾਨੇ ਦੇ ਬਾਹਰ ਹੀ ਅਰਦਲੀ ਨੇ ਉਸ ਨੂੰ ਰੋਕ ਲਿਆ। ਇਸ ਵੇਲੇ ਉਹ ਅੰਦਰ ਨਹੀਂ ਸੀ ਜਾ ਸਕਦਾ। ਅੰਦਰ ਬੈਠੇ ਅਮੀਰ ਵਜ਼ੀਰ ਕਿਸੇ ਖਾਸ ਮਸਲੇ ਬਾਰੇ ਨਵਾਬ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ ।

ਅੱਧੇ ਪੌਣੇ ਘੰਟੇ ਬਾਅਦ ਜਦੋਂ ਅਰਦਲੀ ਨੇ ਉਸ ਨੂੰ ਅੰਦਰ ਚਲੇ ਜਾਣ ਲਈ ਆਖਿਆ ਤਾਂ, ਉਹ ਉਤਸ਼ਾਹ, ਜਿਸ ਨਾਲ ਉਹ ਨਵਾਬ ਨੂੰ ਇਤਲਾਹ ਦੇਣ ਆਇਆ ਸੀ ਠੰਢਾ ਪੈ ਚੁਕਾ ਸੀ। ਪਰ ਫੇਰ ਵੀ ਉਹ ਚੁਸਤੀ ਨਾਲ ਤੇਜ਼ ਤੇਜ਼ ਕਦਮ ਪੁਟਦਾ ਨਵਾਬ ਦੇ ਸਾਹਮਣੇ ਜਾ ਹਾਜ਼ਰ ਹੋਇਆ। ਸਿਰ ਝੁਕਾਕੇ ਪ੍ਰਨਾਮ ਕਰਨ ਉਪਰੰਤ ਉਸ ਬੜ ਮਾਣ ਨਾਲ ਆਖਿਆ :

"ਹਜ਼ੂਰ ਕਾ ਇਕਬਾਲ ਬੁਲੰਦ ਹੋ ।' ਹਜ਼ੂਰ ਕੇ ਹੁਕਮ ਕੀ ਤਾਮੀਲ ਹੋ ਚੁਕੀ ਹੈ। ਇਸ ਇਲਾਕੇ ਕੇ ਸਭ ਸਾਧ ਫ਼ਕੀਰ ਬੰਦੀ ਬਨਾ ਲੀਏ ਗਏ ਹੈਂ ।

"ਸਭ ਕੇ ਸਭ ! ਕੋਈ ਰਹਿ ਤੋ ਨਹੀਂ ਗਿਆ ?"

"ਨਹੀਂ ਬੰਦਾ ਪਰਵਰ। ਆਪਕੇ ਸਿਪਾਹੀਓਂ ਕੀ ਨਜ਼ਰ ਸੇ ਕੌਨ ਬਚ ਸਕਤਾ ਹੈ। ਸਭ ਕੇ ਸਭ ਸਾਧ ਫ਼ਕੀਰ ਇਸ ਸਮੇਂ ਬੰਦੀ ਬਨੇ ਸਾਹਮਨੇ ਮੈਦਾਨ ਮੇਂ ਬੈਠੇ ਹੁਏ ਹੈਂ, ਉਨ ਕੇ ਚਾਰੋਂ ਓਰ ਹਮਨੇ ਸਖਤ ਪਹਿਰਾ ਲਗਾ ਰਖਾ ਹੈ ।"

"ਸ਼ਾਬਾਸ਼ ! ਹਮੇਂ ਤੁਮ ਸੇ ਯਹੀ ਉਮੀਦ ਥੀ :......ਲੇਕਿਨ ਏਕ ਬਾਤ ਬਤਾਓ, ਉਨ ਮੇਂ ਕੋਈ ਕਾਮਲ ਫ਼ਕੀਰ ਭੀ ਹੈ ਕਿ ਸਭ ਭੀਖ ਮਾਂਗਨੇ ਵਾਲੇ ਹੀ ਹੈਂ ।"

"ਹਰ ਕਿਸਮ ਕੇ ਫ਼ਕੀਰ ਹੈਂ ਆਲੀਜਾਹ,--ਜੱਟਾਧਾਰੀ, ਗੋਰਖ ਪੰਥੀਏ,

ਰਾਮ ਭਗਤ, ਕ੍ਰਿਸ਼ਨ ਭਗਤ, ਨਾਂਗੇ, ਵੈਰਾਗੀ, ਖ਼ਵਾਜੇ, ਖਲੀਫ਼ੇ......'

"ਤਬ ਤੋ ਇਨਮੇ ਕੋਈ ਨ ਕੋਈ ਵਲੀ ਪੀਰ ਹੋਗਾ, ਕਹਿਤੇ ਹੈਂ ਕਿ ਅੱਲਾਹ ਕੇ ਪਿਆਰੋਂ ਕਾ ਜਲਾਲ ਹੀ ਨੂਰਾਨੀ ਹੋਤਾ ਹੈ। ਤੁਮ ਨੇ ਐਸਾ ਫ਼ਕੀਰ ਭੀ ਦੇਖਾ ਹੈ, ਜਿਸਕੇ ਚਿਹਰੇ ਪਰ ਐਸਾ ਜਲਾਲ ਹੋ ?"

"ਐਸਾ ਜਲਾਲ ਤੋ ਸਭੀ ਫਕੀਰੋਂ ਕੇ ਚਿਹਰੇ ਪਰ ਹੋਤਾ ਹੈ ਹਜ਼ੂਰ, ਪਰ......ਇਨਮੇ ਏਕ ਫਕੀਰ ਹੈ ਜਿਸਕਾ ਚੇਹਰਾ ਅਜੀਬੋ ਗਰੀਬ ਹੈ, ਉਸਕਾ ਏਕ ਬਸਤਰ ਅੰਬੋਆ ਹੈ, ਏਕ ਸਫ਼ੇਦ, ਏਕ ਪਾਉਂ ਮੇਂ ਜੂਤਾ ਹੈ ਏਕ ਮੇਂ ਖੜਾਂਸ, ਗੱਲੇ ਮੇਂ ਖ਼ਫਨੀ, ਸਰ ਪਰ ਕਲੰਦਰੀ ਟੋਪੀ ਔਰ ਮਸਤਕ ਪਰ ਕੇਸਰ ਦਾ ਟੀਕਾ। ਸਭ ਸੇ ਨਿਰਾਲਾ ਭੇਸ ਹੈ ਉਸਕਾ। ਐਸੇ ਭੇਸ ਕਾ ਫ਼ਕੀਰ ਹਮਨੇ ਜ਼ਿੰਦਗੀ ਭਰ ਮੇਂ ਕਬੀ ਨਹੀਂ ਦੇਖਾ।"

"ਹੱਛਾ !!"

"ਵੈਸੇ ਭੀ ਹਜ਼ੂਰ ਉਸਕਾ ਕਰਮ ਦੇਖ ਕਰ ਸਭ ਕੋ ਹੈਰਤ ਹੋਤੀ ਹੈ। ਜਿਨ ਸਿਪਾਹੀਓਂ ਨੇ ਉਸੇ ਪਕੜਾ ਹੈ ਵੋਹ ਬਤਾਤੇ ਹੈਂ ਕਿ ਔਰੋਂ ਕੀ ਤਰਹ ਵਹ ਨ ਤੋ ਘਬਰਾਇਆ ਔਰ ਨ ਹੀ ਉਸਨੇ ਉਨਕੇ ਸਾਥ ਚਲਨੇ ਮੇਂ ਆਨਾਕਾਨੀ ਕੀ। ਬਲਕਿ ਬੇਖੌਫ਼ ਹੋ ਕਰ ਕੁਫ਼ਰ ਕੀ ਬਾਤੇਂ ਕਰਤਾ ਰਹਾ।"

"ਕੁਫ਼ਰ ਕੀ ਬਾਤੇਂ ? ਕਿਆ ਕਹਿਤਾ ਥਾ ?" ਨਵਾਬ ਗੁੱਸੇ ਵਿਚ ਆ ਗਿਆ ਜਾਪਦਾ ਸੀ।

"ਮੇਰੀ ਜ਼ੁਬਾਂ ਵੁਹ ਲਫ਼ਜ਼ ਦੁਹਰਾ ਨਹੀਂ ਸਕਤੀ ਹਜ਼ੂਰ।" ਕੋਤਵਾਲ ਨੇ ਥਰਥਰਾਂਦੀ ਅਵਾਜ਼ ਵਿਚ ਆਖਿਆ।

"ਤੁਮ੍ਹੇਂ ਬਤਾਨਾ ਹੋਗਾ।" ਨਵਾਬ ਗਰਜ ਉਠਿਆ।

"ਹਜ਼ੂਰ, ਖਤਾ ਮੁਆਫ਼, ਸਿਪਾਹੀ ਨੇ ਮੁੱਝੇ ਬਤਾਇਆ ਹੈ ਕਿ ਯਿਹ ਕਹਿਤਾ ਥਾ :

ਰਾਜੇ ਸ਼ੀਹ ਮੁਕਦਮ ਕੁੱਤੇ, ਜਾਇ ਜਗਾਇਨ ਬੈਠੇ ਸੁਤੇ।
ਚਾਕਰ ਨਹਿਦਾ ਪਾਇ ਨਿਹ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ।"

"ਬੜਾ ਗੁਸਤਾਖ ਫ਼ਕੀਰ ਏ ?" ਨਵਾਬ ਤੋਂ ਪਹਿਲੇ ਹੀ ਕੋਲ ਬੈਠਾ ਮਲਕ ਭੜਕ ਉਠਿਆ ਹੈ : "ਕੌਣ ਉਹ।"

"ਹਜ਼ੂਰ ਇਹ ਤੇ ਪਤਾ ਨਹੀਂ ਪਰ ਆਪਣੇ ਇਲਾਕੇ ਦਾ ਨਹੀਂ। ਉਹਦੇ ਗੁਰੂ ਪੀਰ ਦਾ ਕਿਸੇ ਨੂੰ ਕੁੱਝ ਪਤਾ ਨਹੀਂ। ਮੈਂ ਕਈ ਸਾਧਾਂ ਫਕੀਰਾਂ ਨੂੰ ਪੁਛਿਆ ਏ। ਪਤਾ ਨਹੀਂ ਹਿੰਦੂ ਏ ਕਿ ਮੁਸਲਮਾਨ, ਹਿੰਦੂ ਉਹਨੂੰ ਨਾਨਕ ਤਪਾ ਆਖਦੇ ਨੇ ਤੇ ਮੁਸਲਮਾਨ ਨਾਨਕ ਸ਼ਾਹ।"

"ਤਾਂ ਕੀ ਹਿੰਦੂ ਤੇ ਮੁਸਲਮਾਨ ਦੋਵੇਂ ਉਸਨੂੰ ਮੰਨਦੇ ਨੇ ? ਉਹ ਹੈ ਕੌਣ ਹਿੰਦੂ ਕਿ ਮੁਸਲਮਾਨ ?"

"ਉਹ ਜਨਮ ਦਾ ਹਿੰਦੂ ਹੈ, ਮਲਕ ਸਾਹਿਬ।" ਕੋਤਵਾਲ ਦੀ ਬਜਾਇ ਅਮੀਰ ਨੂਰਦੀਨ ਬੋਲਿਆ—"ਰਾਇ ਭੋਇ ਦੀ ਤਲਵੰਡੀ ਦੇ ਪਟਵਾਰੀ ਕਾਲੂ ਵੇਦੀ ਦਾ ਪੁਤਰ ਏ, ਪਰ ਉਹ ਹਿੰਦੂ ਧਰਮ ਨੂੰ ਨਹੀਂ ਮੰਨਦਾ।" ਕਹਿੰਦਿਆਂ ਨੂਰਦੀਨ ਦੀਆਂ ਅੱਖਾਂ ਚਮਕ ਪਈਆਂ।

"ਤੋ ਕਿਆ ਵਹ ਇਸਲਾਮ ਕੋ ਮਾਨਤਾ ਹੈ ?" ਨਵਾਬ ਨੇ ਉਤਸ਼ਾਹਿਤ ਹੋ ਕੇ ਪੁਛਿਆ।

"ਨਹੀਂ ਆਲਮ-ਪਨਾਹ। ਵੁਹ ਨਾ ਤੋ ਹਿੰਦੂ ਧਰਮ ਕੋ ਮਾਨਤਾ ਹੈ ਨਾ ਇਸਲਾਮ ਮਜ਼ਬ ਕੋ, ਬਲਕਿ ਕਹਿਤਾ ਹੈ—ਨ ਕੋਈ ਹਿੰਦੂ, ਨਾ ਮੁਸਲਮਾਨ" ਨੂਰਦੀਨ ਨੇ ਆਜਜ਼ੀ ਨਾਲ ਆਖਿਆ।

'ਨਾ ਕੋਈ ਹਿੰਦੂ ਨਾ ਮੁਸਲਮਾਨ।' ਨਵਾਬ ਨੇ ਨੂਰਦੀਨ ਦੇ ਬੋਲਾਂ ਨੂੰ ਦੁਹਰਾਂਦਿਆਂ ਪੁਛਿਆ: "ਤੋ ਕਿਆ ਵਹ ਮੁਸਲਮਾਨੋਂ ਕੀ ਹਸਤੀ ਸੇ ਮੁਨਕਿਰ ਹੈ ? ਖ਼ੁਦਾ ਕੋ ਨਹੀਂ ਮਾਨਤਾ।"

"ਮੈਨੇ ਸੁਨਾ ਹੈ, ਆਲਮ ਪਨਾਹ ਇਸੀ ਬਾਤ ਪਰ ਸੁਲਤਾਨਪੁਰ ਕੇ ਕਾਜ਼ੀ ਸੇ ਉਸਕਾ ਤਕਰਾਰ ਹੋ ਗਿਆ ਥਾ।"

"ਫਿਰ ?"

'ਕਹਿਤੇ ਹੈਂ ਕਿ ਕਾਜ਼ੀ ਕੋ ਪਸਤੀ ਕਾ ਮੂੰਹ ਦੇਖਨਾ ਪੜਾ।'

"ਯੇਹ ਕੈਸੇ ਹੋ ਸਕਤਾ ਹੈ ?" ਨਵਾਬ ਫਿਰ ਗੁੱਸੇ ਵਿਚ ਆ ਗਿਆ ਜਾਪਦਾ ਸੀ।

"ਆਲਮ ਪਨਾਹ, ਕਹਿਤੇ ਹੈਂ ਕਿ ਕਾਜ਼ੀ ਸਾਹਿਬ ਨੇ ਨਾਨਕ ਸੇ ਕਹਾ ਅਗਰ-ਤੁਮ ਕਹਿਤੇ ਹੋ ਕਿ ਨ ਕੋਈ ਹਿੰਦੂ ਹੈ ਨ ਮੁਸਲਮਾਨ, ਤੋ ਹਮਾਰੇ ਸਾਥ ਮਸਜਿਦ ਮੇਂ ਨਿਮਾਜ਼ ਪੜ੍ਹਨੇ ਚਲੋ।"

"ਤੋ ਫਿਰ ਯੇਹ ਨਿਮਾਜ਼ ਪੜ੍ਹਨੇ ਗਿਆ ?"

"ਹਾਂ ਆਲਮ ਪਨਾਹ। ਕਾਜ਼ੀ ਔਰ ਨਵਾਬ ਦੌਲਤਖ਼ਾਨ, ਕੇ ਸਾਥ ਯੇਹ ਜੁਮੇ ਕੇ ਦਿਨ ਸਮਾਤੁਲ ਮਗ਼ਰਿਬ ਕੇ ਲੀਏ ਮਸਜਿਦ ਮੇਂ ਗਯਾ ਥਾ। ਵਜ਼ੂ ਭੀ ਕੀਆ ਲੇਕਿਨ ਬਾਅਦ ਖਾਮੋਸ਼ ਖੜਾ ਰਹਾ। ਨਿਮਾਜ਼ ਕੇ ਪਸਚਾਤ ਕਾਜ਼ੀ ਨੇ ਨਵਾਬ ਸੇ ਸ਼ਕਾਇਤ ਕੀ ਕਿ ਨਾਨਕ ਨਮਾਜ਼ ਕੇ ਵਕਤ ਮੁਸਕਰਾਤਾ ਰਹਾ ਹੈ, ਇਸਨੇ ਨਿਮਾਜ਼ ਨਹੀਂ ਕੀ, ਖ਼ੁੱਦਾ ਕੀ ਤੌਹੀਨ ਕੀ ਹੈ।"

ਤੋ ਯੇਹ ਕਾਫ਼ਰ।

"ਨਹੀਂ ਆਲਮ ਪਨਾਹ.." ਨਵਾਬ ਦੀ ਗੱਲ ਨੂੰ ਵਿਚੇ ਟੋਕ ਨੂਰਦੀਨ ਫੇਰ ਬੋਲਿਆ: "ਜਬ ਇਸ ਸੇ ਪੂਛਾ ਗਿਆ ਕਿ ਹੇ ਨਾਨਕ ਤੂੰ ਨੇ ਨਿਮਾਜ਼ ਕਿਉਂ ਨਹੀਂ ਪੜ੍ਹੀ, ਮੁਸਕਰਾਤਾ ਕਿਉਂ ਰਹਾ? ਤੋ ਇਸ ਨੇ ਜਵਾਬ ਦੀਆ, 'ਨਵਾਬ ਸਾਹਿਬ, ਮੈਂ ਨਿਮਾਜ਼ ਪੜ੍ਹਤਾ ਕਿਸ ਕੇ ਸਾਥ, ਤੁਮ ਤੋ ਕੰਧਾਰ ਮੇਂ ਘੋੜੇ ਖਰੀਦਨੇ ਚਲੇ ਗਏ ਥੇ।' ਯੇਹ ਸੁਨ ਕਰ ਕਾਜ਼ੀ ਸਾਹਿਬ ਤੜਪ ਕਰ ਬੋਲੇ: "ਯੇਹ ਕਾਫ਼ਰ ਝੂਠ ਕਹਿਤਾ ਹੈ, ਅਗਰ ਇਸ ਨੇ ਨਿਮਾਜ਼ ਪੜ੍ਹਨੀ ਹੋਤੀ ਤੋ ਮੇਰੇ ਸਾਥ ਪੜ੍ਹਤਾ, ਮੈਂ ਤੋ ਯਹੀਂ ਥਾ।" ਨਾਨਕ ਫੇਰ ਮੁਸਕਰਾ ਦੀਆ। ਕਾਜ਼ੀ ਅੱਗ ਬਗੋਲਾ ਹੋ ਕਰ ਬੋਲਾ: ਦੇਖੋ ਕਾਫ਼ਰ ਅਬੀ ਭੀ ਮੁਸਕਰਾ ਰਹਾ ਹੈ। ਤੋ ਨਾਨਕ ਨੇ ਜਵਾਬ ਦੀਆ "ਕਾਜ਼ੀ ਸਾਹਿਬ ਮੈਂ ਮੁਸਕਰਾ ਇਸ ਲੀਏ ਰਹਾ ਹੂੰ ਕਿ ਤੁਮ ਖ਼ੁਦਾ ਕੋ ਧੋਖਾ ਦੇਨੇ ਸੇ ਭੀ ਗੁਰੇਜ਼ ਨਹੀਂ ਕਰ ਰਹੇ। ਨਿਮਾਜ਼ ਕੇ ਸਮੇਂ ਤੁਮਾਰਾ ਦਿਲ ਤੋ ਘਰ ਕੀ ਤਰਫ਼ ਥਾ ਕਿ ਕਹੀਂ ਤੁਮਾਰੀ ਘੋੜੀ ਕਾ ਵਛੇਰਾ ਕਿਸੀ ਖਾਤੇ ਮੇਂ ਗਿਰ ਕਰ ਨਾ ਮਰ ਜਾਏ, ਔਰ ਜ਼ੁਬਾਂ ਸੇ ਤੁਮ ਨਿਮਾਜ਼ ਪੜ੍ਹ ਰਹੇ ਥੇ।......ਨਿਮਾਜ਼ ਜ਼ੁਬਾਂ ਸੇ ਨਹੀਂ ਦਿਲ ਸੇ ਪੜ੍ਹੀ ਜਾਤੀ ਹੈ।" ਸੁਨ ਕਰ ਕਾਜ਼ੀ ਸ਼ਰਮਿੰਦਾ ਸਾ ਹੋ ਗਿਆ।"

"ਤਬ ਤੋ ਯੇਹ ਔਲੀਆ ਹੈ।" ਨਵਾਬ ਦਾ ਮਨ ਠੰਢਾ ਹੋ ਗਿਆ ਸੀ।

"ਇਸੀ ਲੀਏ ਤੋ ਨਵਾਬ ਦੌਲਤਖਾਨ ਇਸ ਕਾ ਸਾਦਿਕ ਹੋ ਗਿਆ ਹੈ, ਸੁਲਤਾਨਪੁਰ ਕੇ ਸਭ ਲੋਗ ਤੋ ਇਸੇ ਪੀਰੋਂ ਕੀ ਤਰਹ ਮਾਨਤੇ ਹੈਂ।"

"ਹਮ ਐਸੇ ਫਕੀਰ ਕੋ ਅਬੀ ਦੇਖਨਾ ਚਾਹਤੇ ਹੈਂ। ਉਸੇ ਹਾਜ਼ਰ ਕਰੋ"। ਨਵਾਬ ਨੇ ਕੋਤਵਾਲ ਨੂੰ ਸੰਬੋਧਨ ਕਰਦਿਆਂ ਆਖਿਆ।

"ਹੁਕਮ ਹਜ਼ੂਰ।" ਕਹਿ ਸਿਰ ਨਿਵਾ ਕੋਤਵਾਲ ਚਲਾ ਗਿਆ।

ਕੁੱਝ ਦੇਰ ਬਾਅਦ ਜਦੋਂ ਕੋਤਵਾਲ ਪਰਤ ਕੇ ਆਇਆ ਉਹਦਾ ਚਿਹਰਾ ਬੜਾ ਮਾਯੂਸ ਸੀ, ਨਵਾਬ ਦੇ ਸਾਹਮਣੇ ਸਿਰ ਝੁਕਾ, ਉਸ ਸਹਿਮੀ ਜਿਹੀ ਅਵਾਜ਼ ਵਿਚ ਆਖਿਆ : "ਹਜ਼ੂਰ ਵੋਹ ਅੰਦਰ ਆਨੇ ਸੇ ਇਨਕਾਰੀ ਹੈ, ਕਹਿਤਾ ਹੈ ਹਮ ਫਕੀਰੋਂ ਕਾ ਮਹੱਲੋਂ ਮੇ ਕਿਆ ਕਾਮ ?"

ਕੋਤਵਾਲ ਦੀ ਗੱਲ ਸੁਣ ਨਵਾਬ ਸੋਚੀਂ ਪੈ ਗਿਆ। ਕੁੱਝ ਦੇਰ ਜਿਵੇਂ ਉਹ ਆਪਣੇ ਆਪ ਨਾਲ ਗੱਲਾਂ ਕਰਨ ਲਗ ਪਿਆ "ਅਜਬ ਫ਼ਕੀਰ ਹੈ ਯੇਹ, ਮਹੱਲੋਂ ਮੇਂ ਆਤਾ ਨਹੀਂ; ਕਿਸੀ ਸੇ ਡਰਤਾ ਨਹੀਂ, ਕਿਸੀ ਕੋ ਮਾਨਤਾ ਨਹੀਂ ......।"

"ਅਮੀਰੋਂ ਕੇ ਘਰ ਸੇ ਖਾਨਾ ਭੀ ਨਹੀਂ ਖਾਤਾ ਹਜ਼ੂਰ।" ਨੂਰਦੀਨ ਨੇ ਆਪਣੀ ਜਾਣਕਾਰੀ ਦਾ ਸਬੂਤ ਦੇਂਦਿਆਂ ਆਖਿਆ।

"ਕਿਉਂ ? ਅਮੀਰੋਂ ਕੇ ਘਰੋਂ ਸੇ ਖਾਤਾ ਕਿਉਂ ਨਹੀਂ ?"

"ਕਹਿਤਾ ਹੈ ਕਿ ਅਮੀਰੋਂ ਕੇ ਘਰ ਹੱਕ ਹਲਾਲ ਕੀ ਕਮਾਈ ਨਹੀਂ ਆਤੀ। ਇਸ ਲੀਏ ਉਨਕਾ ਖਾਨਾ ਖਾਨੇ ਸੇ ਆਤਮਾ ਮਲੀਨ ਹੋ ਜਾਤੀ ਹੈ।"

"ਤੋ ਵੋਹ ਖਾਨਾ ਕਹਾਂ ਸੇ ਲੇਤਾ ਹੈ ?" ਨਵਾਬ ਨੇ ਉਤਸੁਕ ਹੋ ਕੇ ਪੁਛਿਆ।

"ਕਿਸੀ ਸੇ ਮਾਂਗਤਾਂ ਨਹੀਂ ਹਜ਼ੂਰ। ਹਮਾਰੇ ਕਸਬੇ ਕੇ ਸਿਰਫ਼ ਏਕ ਦੋ ਘਰੋਂ ਸੇ ਹੀ ਖਾਨਾ ਲੇਤਾ ਹੈ, ਜ਼ਿਆਦਾਤਰ ਤੋ ਵੋਹ ਲਾਲੋ ਤਰਖਾਨ ਕੇ ਘਰ ਸੇ ਹੀ ਖਾਤਾ ਹੈ।"

"ਯੇਹ ਲਾਲੋ ਤਰਖਾਨ ਕੌਨ ਹੈ ?"

"ਏਕ ਮਾਮੂਲੀ ਸਾ ਤਰਖਾਨ ਹੈ ਆਲਮ ਪਨਾਹ, ਕਸਬੇ ਕੀ ਜਨੂਬ ਤਰਫ਼ ਰਹਿਤਾ ਹੈ।"

"ਤੋ ਨਾਨਕ ਉਸਕੇ ਘਰ ਟਿਕਾ ਹੂਆ ਹੈ ?"

"ਹਾਂ ਹਜ਼ੂਰ। ਲੇਕਿਨ ਸੁਬ੍ਹਾ ਸੇ ਲੇਕਰ ਸ਼ਾਮ ਤਕ ਵੋਹ ਕਸਬਾ ਕੇ ਬਾਹਰਵਾਰ ਏਕ ਟੀਲੇ ਪਰ ਬੈਠਾ ਖੁਦਾ ਕੇ ਗੀਤ ਗਾਤਾ ਰਹਿਤਾ ਹੈ। ਉਸਕੀ ਜ਼ੁਬਾਂ ਮੇਂ ਇਤਨੀ ਸ਼ੀਰੀਂ ਹੈ ਹਜ਼ੂਰ ਕਿ ਇਨਸਾਨ ਤੋ ਕਿਆ, ਹੈਵਾਨ ਭੀ ਬੇਖੁਦੀ ਮੇ ਖੋ ਜਾਤੇ ਹੈਂ। ਮੈਨੇ ਖੁਦ ਉਸੇ ਗਾਤੇ ਸੁਨਾ ਹੈ ਹਜ਼ੂਰ।" ਨੂਰਦੀਨ ਨੇ ਆਪਣੀ ਗੱਲ ਦੀ ਪ੍ਰੋੜ੍ਹਤਾ ਲਈ ਦਸਿਆ।

"ਹੱਛਾ !"

"ਹਾਂ ਹਜ਼ੂਰ ।"

"ਗਾ ਤੇ ਉਹ ਇਸ ਸਮੇਂ ਭੀ ਰਿਹਾ ਏ ਹਜ਼ੂਰ !" ਕੋਤਵਾਲ ਨੇ ਝਕਦਿਆਂ ਝਕਦਿਆਂ ਆਖਿਆ ।

"ਕਿਆ ਗਾ ਰਿਹਾ ਹੈ ?"

"ਕੁਫ਼ਰ ਕੀ ਬਾਤੇਂ ਕਰਤਾ ਹੈ ਹਜ਼ੂਰ,ਕਹਿ ਰਹਾ ਹੈ......" ਕੋਤਵਾਲ ਕਹਿੰਦਾ ਕਹਿੰਦਾ ਚੁਪ ਕਰ ਗਿਆ ।

"ਬਤਾਉ, ਖਾਮੋਸ਼ ਕਿਉਂ ਹੋ ਗਏ ?"

"ਹਜ਼ੂਰ ਪੂਰੀ ਬਾਤ ਤੋ ਯਾਦ ਨਹੀਂ । ਅਗਰ ਗੁਸਤਾਖੀ ਨਾ ਮਾਨੇਂ ਤੋ ਜਿਤਨਾ ਯਾਦ ਹੈ ਕਹਿ ਦੇਤਾ ਹੂੰ ।"......ਤੇ ਰੁਕ ਕੇ ਕੋਤਵਾਲ ਨੇ ਨਵਾਬ ਵਲ ਦੇਖਿਆ ਤੇ ਫੇਰ ਹਾਂ ਦਾ ਇਸ਼ਾਰਾ ਮਿਲਣ ਤੇ ਦਸਣ ਲਗਾ :

"ਹਜ਼ੂਰ ਉਸ ਕੇ ਸਾਥ ਏਕ ਮਿਰਾਸੀ ਹੈ ਜੋ ਰਬਾਬ ਬਜਾ ਰਹਾ ਹੈ । ਔਰ ਵੋਹ ਅਲਮਸਤ ਹੂਆ ਬੁਲੰਦ ਅਵਾਜ਼ ਮੇਂ ਗਾ ਰਹਾ ਹੈ :

ਜੈਸੀ ਮੈ ਆਵੇ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨ ਵੇ ਲਾਲੋ ।
ਪਾਪ ਕੀ ਜੰਞ ਲੈ ਕਾਬਲੋ ਧਾਇਆ,
ਜੋਰੀ ਮੰਗੇ ਦਾਨ ਵੇ ਲਾਲੋ ।
ਧਰਮ ਸ਼ਰਮ ਦੋਇ ਛਪ ਖਲੋਏ,
ਕੂੜ ਫਿਰੇ ਪਰਧਾਨ ਵੇ ਲਾਲੋ ।"

"ਬਹੁਤ ਬੇਖ਼ੌਫ਼ ਫ਼ਕੀਰ ਹੈ ।" ਕੋਤਵਾਲ ਨੂੰ ਵਿਚੋਂ ਹੀ ਟੋਕ ਨਵਾਬ ਬੋਲਿਆ : "ਜਿਸ ਕੋ ਕਿਸੀ ਕਾ ਡਰ ਨਹੀਂ, ਉਸ ਕੋ ਜ਼ਰੂਰਤਨ ਖ਼ੁਦਾ ਕੀ ਬਖ਼ਸ਼ਿਸ਼ ਹੋ ਗੀ, ਹਮ ਐਸੇ ਫ਼ਕੀਰ ਕੋ ਦੇਖਨੇ ਖ਼ੁਦ ਚਲੇਂਗੇ ।" ਤੇ ਨਵਾਬ ਉਠ ਕੇ ਬਾਹਰ ਵਲ ਤੁਰ ਪਿਆ । ਸਾਰੇ ਅਮੀਰ ਵਜ਼ੀਰ ਵੀ ਉਸ ਦੇ ਪਿਛੇ ਪਿਛੇ ਹੋ ਟੁਰੇ ।

ਨਵਾਬ ਨੂੰ ਆਉਂਦਾ ਵੇਖ ਸਾਰੇ ਸਿਪਾਹੀ ਚੌਕਸ ਹੋ ਗਏ । ਨਵਾਬ ਦੇ ਅੱਗੇ ਅੱਗੇ ਕੋਤਵਾਲ ਬੜੀ ਚੁਸਤੀ ਨਾਲ ਤੁਰਿਆ ਆ ਰਿਹਾ ਸੀ । ਸਾਧਾਂ ਫ਼ਕੀਰਾਂ ਦੇ ਚਿਹਰੇ ਪੀਲੇ ਜ਼ਰਦ ਹੋ ਗਏ । ਉਹ ਘਬਰਾ ਕੇ ਉਠ ਖਲੋਤੇ, ਪਤਾ ਨਹੀਂ ਹੁਣ ਕੀ ਵਾਪਰੇ ਉਹ, ਇਸੇ ਸੰਸੇ

ਵਿਚ ਮਰੀ ਜਾ ਰਹੇ ਸਨ।

ਨਵਾਬ ਨਜ਼ਦੀਕ ਆਇਆ ਤਾਂ ਸਭ ਨੇ ਝੁਕ ਕੇ ਪ੍ਰਨਾਮ ਕੀਤਾ। ਕਈ ਫ਼ਕੀਰ ਤਾਂ ਨਵਾਬ ਦੇ ਚਰਨੀਂ ਢਹਿ ਆਪਣੀ ਬੇਗੁਨਾਹੀ ਦਾ ਇਜ਼ਹਾਰ ਕਰਨ ਲਗੇ। ਨਵਾਬ ਨੇ ਕਿਸੇ ਨੂੰ ਬਹੁਤਾ ਗੌਲਿਆ ਨਹੀਂ। "ਵੁਹ ਨਾਨਕ ਫ਼ਕੀਰ ਕਹਾਂ ਹੈ ?" ਨਵਾਬ ਨੇ ਕੋਤਵਾਲ ਨੂੰ ਸੰਬੋਧਨ ਕਰਕੇ ਪੁਛਿਆ।

"ਹਜ਼ੂਰ ਔਹ ਬੈਠਾ ਗਾ ਰਿਹਾ ਹੈ", ਜਮਾਦਾਰ ਨੇ ਹੱਥ ਦਾ ਇਸ਼ਾਰਾ ਕਰਦਿਆਂ ਦਸਿਆ।

ਨਵਾਬ ਤੇ ਸਾਰੇ ਅਮੀਰ ਵਜ਼ੀਰ ਉਸੇ ਪਾਸੇ ਹੋ ਟੁਰੇ, ਜਿਥੇ ਮਸਤ ਬੈਠਾ ਨਾਨਕ ਮਧੁਰ ਸੁਰ ਵਿਚ ਗਾ ਰਿਹਾ ਸੀ : "ਸੱਚ ਕੀ ਬਾਣੀ ਨਾਨਕ ਆਖੈ ਸੱਚ ਸੁਣਾਇਸੀ ਸੱਚ ਕੀ ਬੇਲਾ।" ਨਵਾਬ ਨੇ ਹਥ ਦੇ ਇਸ਼ਾਰੇ ਨਾਲ ਸਭ ਨੂੰ ਖ਼ਾਮੋਸ਼ ਰਹਿਣ ਲਈ ਕਹਿ ਦਿਤਾ। ਉਹ ਚੁਪ ਚਾਪ ਉਹਦੇ ਦੁਆਲੇ ਘੇਰਾ ਘੱਤ ਖਲੋ ਗਏ। ਗਾਇਣ ਬੰਦ ਹੋਇਆ। ਫ਼ਕੀਰ ਨਾਨਕ ਨੇ ਅੱਖਾਂ ਖੋਲ੍ਹੀਆਂ। ਨਵਾਬ ਨੂੰ ਸਾਹਮਣੇ ਖੜਾ ਦੇਖ ਮੁਸਕਰਾ ਪਿਆ। ਨਵਾਬ ਨੇ ਹੱਥ ਜੋੜ ਲਏ ਤੇ ਫੇਰ ਬੜੀ ਆਜਿਜ਼ ਆਵਾਜ਼ ਵਿਚ ਬੋਲਿਆ : "ਹੇ ਨਾਨਕ ਫ਼ਕੀਰ, ਮੈਂ ਨੇ ਆਪ ਕੀ ਬਹੁਤ ਤਾਰੀਫ਼ ਸੁਨੀ ਹੈ। ਆਪ ਅੱਲਾਹ ਪਾਕ ਕੇ ਨੂਰ ਹੈਂ। ਖ਼ੁਦਾ ਸੇ ਦੁਆ ਕਰੇਂ ਕਿ ਮੇਰਾ ਬੇਟਾ ਤੰਦਰੁਸਤ ਹੋ ਜਾਏ।"

"ਜੋ ਖ਼ੁਦਾ ਦੀ ਖਲਕਤ ਤੇ ਰਹਿਮ ਨਹੀਂ ਕਰਦਾ, ਉਹ ਖ਼ੁਦਾ ਤੋਂ ਰਹਿਮ ਮੰਗ ਕਿਵੇਂ ਸਕਦਾ ਹੈ ?"

"ਮੈਂ ਸਮਝ ਨਹੀਂ ਸਕਾ ਫ਼ਕੀਰ ਸਾਈਂ। ਖ਼ੁਦਾ ਕੇ ਲੀਏ ਮੇਰੇ ਬਚੇ ਪਰ ਰਹਿਮ ਕਰੇਂ। ਉਸਕੀ ਜਾਨ-ਬਖਸ਼ੀ ਕੇ ਲੀਏ ਖ਼ੁਦਾ ਸੇ ਦੁਆ ਕਰੇਂ।"

"ਰਹਿਮ ਫਕੀਰ ਦਾ ਸੁਭਾ ਹੈ ਨਵਾਬ, ਫ਼ਕੀਰੀ ਨੂੰ ਡੰਨ ਨਹੀਂ ਜੋ ਜਜ਼ੀਏ ਵਾਂਗ ਜਬਰੀ ਵਸੂਲਿਆ ਜਾ ਸਕੇ।

"ਗੁਸਤਾਖ਼ ਫ਼ਕੀਰ ਜ਼ਰਾ ਅਦਬ ਨਾਲ ਗਲ ਕਰ, ਤੈਨੂੰ ਪਤਾ ਨਹੀਂ ਤੂੰ ਨਵਾਬ ਜ਼ਾਲਮਖ਼ਾਨ ਨੂੰ ਮੁਖਾਤਿਬ ਹੋ ਰਿਹਾ ਏਂ।" ਕੋਲ ਖਲੋਤਾ ਮਲਕ ਤੜਪ ਉਠਿਆ।

ਸੁਣ ਕੇ ਫ਼ਕੀਰ ਮੁਸਕਰਾਇਆ। ਤੇ ਫੇਰ ਅੱਖਾਂ ਮੀਟ ਅੰਤਰ-

ਧਿਆਨ ਹੋ ਗਿਆ। ਕੁਝ ਦੇਰ ਉਵੇਂ ਅਬੋਲ ਖੜੇ ਰਹਿਣ ਬਾਅਦ ਉਹ ਬੜੀ ਸੁਰੀਲੀ ਤੇ ਉਚੀ ਅਵਾਜ਼ ਵਿਚ ਪੁਕਾਰ ਉਠਿਆ :

"ਭੈਅ ਤੇਰੇ ਡਰ ਅਗਲਾ ਖਪਿ ਖਪਿ ਛਿਜੈ ਦੇਹਿ।
"ਨਾਂਵ ਜਿਨਾਂ ਸੁਲਤਾਨ ਖਾਨ ਹੁੰਦੇ ਡਿਠੇ ਖੇਹੁ ॥"

"ਫ਼ਕੀਰ ! ਜ਼ਬਾਨ ਸੰਭਾਲ ਕੇ ਬੋਲ। ਇਸ ਬੇਅਦਬੀ ਤੇ ਗੁਸਤਾਖੀ ਦੀ ਸਜ਼ਾ...ਸਜ਼ਾਏ-ਮੌਤ ਵੀ ਹੋ ਸਕਦੀ ਹੈ।" ਫ਼ਕੀਰ ਨੂੰ ਵਿਚੇ ਟੋਕ ਮਲਕ ਗਰਜਿਆ।

ਨਾਨਕ ਪਲ ਦੀ ਪਲ ਰੁਕ ਗਿਆ। ਤੇ ਫੇਰ ਉਵੇਂ ਹੀ ਮਸਤੀ ਵਿਚ ਬੋਲ ਉਠਿਆ :

"ਕੂੜੁ ਬੋਲਿ ਮੁਰਦਾਰ ਖਾਇ ॥ ਅਵਰੀ ਕੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਇ ਸਾਥੈ। ਨਾਨਕ ਐਸਾ ਆਗੂ ਜਾਪੈ।"

"ਹੇ...ਏ ਫ਼ਕੀਰ !" ਮਲਕ ਗੁੱਸੇ ਵਿਚ ਲਾਲ ਪੀਲਾ ਹੋ ਗਿਆ।

"ਮਲਕ ਸਾਹਿਬ, ਫ਼ਕੀਰਾਂ ਨਾਲ ਆਡਾ ਲਾਣਾ ਚੰਗਾ ਨਹੀਂ ਹੁੰਦਾ। ਗੁੱਸੇ ਵਿਚ ਆਏ ਫ਼ਕੀਰ ਸਾਈਂ ਬਦ-ਦੁਆ ਦੇ ਦੇਂਦੇ ਨੇ।" ਨੂਰਦੀਨ ਨੇ ਮੁਸਕੜੀ ਹਸਦਿਆਂ ਤਾੜਨਾ ਭਰੇ ਲਹਿਜੇ ਵਿਚ ਆਖਿਆ।

"ਹਮ ਤੋ ਤੁਮੇਂ ਦਾਨਸ਼ਮੰਦ ਸਮਝਤੇ ਥੇ ਮਲਕ !" ਨਵਾਬ ਜੋ ਅਜੇ ਤਕ ਚੁਪ ਚਾਪ ਸਭ ਕੁਝ ਵੇਖ ਰਿਹਾ ਸੀ, ਆਖ਼ਰ ਬੋਲ ਪਿਆ।

ਮਲਕ ਸ਼ਰਮਿੰਦਾ ਜਿਹਾ ਹੋ ਚੁਪ ਕਰ ਗਿਆ।

ਨਵਾਬ ਨੇ ਨਾਨਕ ਫ਼ਕੀਰ ਦੇ ਚਰਨਾਂ ਵਲ ਝੁਕਦਿਆਂ ਆਖਿਆ : "ਫ਼ਕੀਰ ਸਾਈਂ, ਹਮਾਰੀ ਤਕਸੀਰ ਮਾਫ਼ ਕਰੇਂ। ਹਮ ਲੋਗ ਕਮ-ਜ਼ਾਬਤਾ ਤੋ ਹੋਤੇ ਹੀ ਹੈਂ, ਸਾਥ ਮੇਂ ਹਮ ਇਤਨੇ ਕਮ-ਅਕਲ ਭੀ ਹੋਤੇ ਹੈਂ ਕਿ ਹੱਛੇ ਬੁਰੇ ਕੀ ਪਹਿਚਾਨ ਭੀ ਨਹੀਂ ਕਰ ਸਕਤੇ। ਹਮਾਰੇ ਗੁਨਾਹੋਂ ਕੀ ਤਰਫ਼ ਗੌਰ ਨਾ ਕੀਜੀਏ, ਫ਼ਕੀਰ ਸਾਈਂ ਮੇਰੇ ਬਚੇ ਕੀ ਜਾਨ-ਬਖ਼ਸ਼ੀ ਕੇ ਲੀਏ ਖ਼ੁਦਾ ਸੇ ਦੁਆ ਕੀਜੀਏ।"

"ਖ਼ਾਲਕ ਖ਼ਲਕਤ ਤੋਂ ਵਖਰਾ ਨਹੀਂ। ਉਹ ਆਪਣੀ ਖਲਕਤ ਵਿਚ ਵਸਦਾ ਹੈ। ਉਸਦੀ ਖ਼ਲਕਤ ਹੀ ਉਸਦਾ ਰੂਪ ਹੈ। ਜੇ ਖ਼ੁਦਾ ਤੋਂ ਰਹਿਮ ਚਾਹਨਾ ਏਂ ਤਾਂ ਉਸਦੀ ਖਲਕਤ ਤੇ ਰਹਿਮ ਕਰ ਨਵਾਬ।"

"ਮੈਂ ਗੁਨਾਹਗਾਰ ਹੂੰ ਸਾਈਂ। ਮੇਰੀ ਖ਼ਤਾ ਮੁਆਫ਼ ਕਰੇਂ। ਆਪ ਕੇ

ਪਾਉਂ ਪਕੜਤਾ ਹੂੰ ਕਿ ਖ਼ੁਦਾ ਸੇ ਮੇਰੇ ਬਚੇ ਕੀ ਜਾਨ ਬਖਸ਼ ਦੇਂ, ਮੈਂ ਤੌਬਾ ਕਰਤਾ ਹੂੰ ਕਿ ਅਬ ਕਬੀ ਜਬਰ ਜ਼ੁਲਮ ਨਹੀਂ ਕਰੂੰਗਾ।'' ਨਵਾਬ ਨੇ ਆਪਣੇ ਦੋਵਾਂ ਹਥਾਂ ਨਾਲ ਦੋਵੇਂ ਕੰਨ ਫੜਕੇ ਆਖਿਆ।

''ਬਹੁਤ ਵੱਡਾ ਦਾਈਆ ਬੰਨ੍ਹ ਰਿਹਾ ਏਂ ਨਵਾਬ। ਇਕ ਵਾਰ ਫੇਰ ਸੋਚ ਲੈ, ਜਬਰ ਜ਼ੁਲਮ ਕਰਨਾ ਤੁਹਾਡਾ ਸੁਭਾ ਬਣ ਚੁਕਾ ਏ।''

''ਮੈਂ ਖ਼ੁਦਾ ਕੀ ਕਸਮ ਖਾਤਾ ਹੂੰ ਫ਼ਕੀਰ ਸਾਈਂ, ਕਿ ਆਗੇ ਸੇ ਕਿਸੀ ਪਰ ਜ਼ੁਲਮ ਨਹੀਂ ਕਰੂੰਗਾ।''

''ਜੇ ਏਹ ਸਚ ਹੈ ਤਾਂ ਸਭ ਤੋਂ ਪਹਿਲਾਂ ਇਹਨਾਂ ਬੰਦੀ ਫ਼ਕੀਰਾਂ ਨੂੰ ਛੱਡ ਦੇ। ਇਹਨਾਂ ਬੇਦੋਸ਼ਾਂ ਤੋਂ ਆਪਣੀ ਖ਼ਤਾ ਦੀ ਮਾਫ਼ੀ ਮੰਗ ਲੈ।''

''ਜੋ ਹੁਕਮ ਫ਼ਕੀਰ ਸਾਈਂ ਕਾ।'' ਨਵਾਬ ਨੇ ਸਿਰ ਝੁਕਾਕੇ ਆਖਿਆ।

ਨਵਾਬ ਦੇ ਹੁਕਮ ਨਾਲ ਸਾਰੇ ਬੰਦੀ ਸਾਧਾਂ ਫ਼ਕੀਰਾਂ ਨੂੰ ਰਿਹਾ ਕਰ ਦਿਤਾ ਗਿਆ। ਸਿਪਾਹੀ ਨਵਾਬ ਦੇ ਹੁਕਮ ਅਨੁਸਾਰ ਜਿਥੋਂ ਜਿਥੋਂ ਕਿਸੇ ਨੂੰ ਫੜਕੇ ਲਿਆਏ ਸਨ ਉਥੇ ਉਥੇ ਛਡਣ ਚਲੇ ਗਏ। ਜਦੋਂ ਸਾਰੇ ਫ਼ਕੀਰ ਚਲੇ ਗਏ ਤਾਂ ਨਵਾਬ ਨੇ ਹੱਥ ਜੋੜ ਫੇਰ ਬੇਨਤੀ ਕੀਤੀ: ''ਫ਼ਕੀਰ ਸਾਈਂ, ਅਬ ਤੋ ਰਹਿਮ ਕਰੇਂ।''

ਫ਼ਕੀਰ ਅੱਖਾਂ ਮੀਟ ਅੰਤਰ ਧਿਆਨ ਹੋ ਗਿਆ। ਤੇ ਫੇਰ ਕੁਝ ਦੇਰ ਬਾਅਦ ਨਵਾਬ ਨੂੰ ਸੰਬੋਧਨ ਕਰਕੇ ਬੋਲਿਆ: ''ਦੁਆ ਫ਼ਕੀਰਾਂ ਰਹਿਮ ਅਲਾਹ, ਨਵਾਬ, ਜੇ ਆਪਣੇ ਬਚੇ ਦੀ ਜਾਨ-ਬਖ਼ਸ਼ੀ ਚਾਹਨਾ ਏਂ ਤਾਂ ਉਸਨੂੰ ਹਲਾਲ ਦਾ ਟੁਕਰ ਖੁਆ। ਉਹ ਠੀਕ ਹੋ ਜਾਏਗਾ।''

''ਹਲਾਲ ਦਾ ਟੁਕਰ? ਫ਼ਕੀਰ ਸਾਈਂ ਉਹ ਨਸੀਬ ਕਿਥੋਂ ਹੋਵੇਗਾ?''

''ਕਿਸੇ ਉਸ ਘਰੋਂ ਜਿਥੇ ਹੱਕ ਹਲਾਲ ਦੀ ਕਮਾਈ ਜਾਂਦੀ ਏ।''

ਨਵਾਬ ਸੋਚੀਂ ਪੈ ਗਿਆ। ਪਰ ਝਟ ਹੀ ਇਕ ਆਸ ਨਾਲ ਚਮਕ ਕੇ ਬੋਲਿਆ: ''ਹੁਕਮ ਹੋ ਤੋ ਮੈਂ ਅਬੀ ਜਾਕਰ ਕਹੀਂ ਸੇ ਹਲਾਲ ਕਾ ਟੁਕਰ ਲੇ ਆਤਾ ਹੂੰ।''

ਫ਼ਕੀਰ ਨੇ ਹਾਂ ਵਿਚ ਸਿਰ ਹਿਲਾ ਫੇਰ ਅੱਖਾਂ ਮੀਟ ਲਈਆਂ। ਨਵਾਬ ਸਿਰ ਝੁਕਾ, ਸਿੱਜਦਾ ਕਰ, ਪਿਛੇ ਪਰਤ ਪਿਆ। ਸਾਰੇ ਅਮੀਰ ਵਜ਼ੀਰ ਹੈਰਾਨ ਹੋਏ ਉਸ ਦੇ ਪਿਛੇ ਪਿਛੇ ਟੁਰ ਪਏ।

ਲਾਲੋ ਦਾ ਘਰ ਲੱਭਣ ਵਿਚ ਨਵਾਬ ਨੂੰ ਕੋਈ ਦਿੱਕਤ ਪੇਸ਼ ਨਹੀਂ ਆਈ। ਜਦੋਂ ਦਾ ਨਾਨਕ ਤਪਾ ਸੈਦਪੁਰ ਵਿਚ ਆਇਆ ਸੀ ਲਾਲੋ ਦਾ ਨਾਂ ਬਚੇ ਬਚੇ ਦੀ ਜ਼ੁਬਾਨ ਤੇ ਆ ਗਿਆ ਸੀ। ਘੋੜੇ ਤੋਂ ਉਤਰ ਨਵਾਬ ਨੇ ਨਾਲੋਂ ਦਾ ਬੂਹਾ ਜਾ ਖੜਕਾਇਆ। ਅੰਦਰੋਂ ਬੜੀ ਮਿੱਠੀ ਤੇ ਸੁਰੀਲੀ ਜਿਹੀ ਆਵਾਜ਼ ਆਈ "ਕੌਣ ਏ ਜਾਂ, ਅੰਦਰ ਲੰਘ ਆਉ।"

ਨਵਾਬ ਦਰਵਾਜ਼ਾ ਲੰਘ ਵਿਹੜੇ ਵਿਚ ਆ ਗਿਆ। ਲਾਲੋ ਏਸ ਸਮੇਂ ਘਰ ਨਹੀਂ ਸੀ। ਉਸ ਦੀ ਪਤਨੀ ਆਪਣੇ ਵਿਹੜੇ ਵਿਚ ਨਵਾਬ ਨੂੰ ਖੜੋਤਾ ਵੇਖ ਇਕਵਾਰ ਤਾਂ ਘਬਰਾ ਗਈ ਪਰ ਫ਼ੇਰ ਹੌਸਲਾ ਕਰਕੇ ਬੋਲੀ: "ਧੰਨ ਭਾਗ ਮਹਾਰਾਜ, ਅਜ ਕਿਵੇਂ ਕਿਵੇਂ ਕ੍ਰਿਪਾ ਕੀਤੀ ਜੇ?"

"ਭਾਈ ਲਾਲੋ ਕਾ ਮਕਾਨ ਯਹੀ ਹੈ? ਨਾਨਕ ਫ਼ਕੀਰ ਯਹੀਂ ਰਹਿਤਾ ਹੈ? ਮੈਨੇ ਭਾਈ ਲਾਲੋ ਸੇ ਮਿਲਨਾ ਹੈ।" ਨਵਾਬ ਕਾਫ਼ੀ ਘਬਰਾਇਆ ਹੋਇਆ ਸੀ।

"ਮਹਾਰਾਜ, ਉਹ ਆਪ ਤੇ ਘਰ ਨਹੀਂ। ਹੁਕਮ ਕਰੋ।"

"ਮੁੱਝੇ ਰੋਟੀ ਕਾ ਏਕ ਟੁਕੜਾ ਚਾਹੀਏ।' ਨਾਂਹ ਨਹੀਂ ਕਰਨਾ। ਮੁੱਝ ਪਰ ਅਹਿਸਾਨ ਕਰੋ ਔਰ ਜਲਦੀ ਸੇ ਮੁੱਝੇ ਰੋਟੀ ਕਾ ਏਕ ਟੁਕੜਾ ਦੇ ਦੋ। ਮੇਰੇ ਬਚੇ ਕੀ ਜਾਨ ਬਚ ਜਾਏ।"

ਉਹ ਹੱਕੀ-ਬੱਕੀ ਹੋ ਗਈ। ਇਹ ਕੀ?

ਸੈਦਪੁਰ ਦਾ ਅਣਖੀ ਪਠਾਨ ਹਾਕਮ ਉਹਨਾਂ ਦੇ ਘਰ ਆ ਰੋਟੀ ਦਾ ਟੁਕੜਾ ਮੰਗ ਰਿਹਾ ਸੀ। ਉਹਨੂੰ ਕੁੱਝ ਸਮਝ ਨਹੀਂ ਆਈ ਪਰ ਉਹ ਇਨਕਾਰ ਨਹੀਂ ਕਰ ਸਕੀ। ਚੁਪਚਾਪ ਅੰਦਰੋਂ ਜਾ ਚੰਗੇਰ ਵਿਚ ਜਿਹੜੀ ਚੱਪਾ ਅੱਧੀ ਰੋਟੀ ਪਈ ਸੀ ਚੁਕ ਲਿਆਈ, ਤੇ ਲਿਆਕੇ ਅਦਬ ਨਾਲ ਪਰ ਝਕਦਿਆਂ ਝਕਦਿਆਂ ਨਵਾਬ ਦੇ ਅੱਡੇ ਹੱਥ ਤੇ ਧਰ ਦਿਤੀ। ਨਵਾਬ

ਨੇ ਉਸਦਾ ਧੰਨਵਾਦ ਕੀਤਾ ਤੇ ਫੇਰ ਘੋੜੇ ਤੇ ਸਵਾਰ ਹੋ ਮੱਹਲਾਂ ਨੂੰ ਪਰਤ ਪਿਆ ।

ਨਵਾਬ ਜਦੋਂ ਮਹਿਲੀਂ ਪੁਜਾ, ਹਨੇਰਾ ਕਾਫ਼ੀ ਸੰਘਣਾ ਹੋ ਚੁਕਾ ਸੀ। ਸਾਰੇ ਅਮੀਰ ਵਜ਼ੀਰ ਖੜੇ ਨਵਾਬ ਦੀ ਰਾਹ ਵੇਖ ਰਹੇ ਸਨ। ਨਵਾਬ ਘੋੜਿਉਂ ਉਤਰ ਤੇਜ਼ ਤੇਜ਼ ਕਦਮ ਪੁਟਦਾ ਸਿਧਾ ਸ਼ਹਿਜ਼ਾਦੇ ਦੇ ਕਮਰੇ ਵਲ ਚਲਾ ਗਿਆ।

ਸ਼ਹਿਜ਼ਾਦੇ ਦੇ ਪਲੰਘ ਤੇ ਬੈਠ ਉਸਨੇ ਸਹਾਰਾ ਦੇ ਸ਼ਹਿਜ਼ਾਦੇ ਨੂੰ ਉਠਾਕੇ ਬਿਠਾ ਦਿਤਾ ਤੇ ਫੇਰ ਲਾਲੋ ਦੇ ਘਰੋਂ ਲਿਆਂਦੇ ਟੁੱਕਰ ਦੀਆ ਬੁਰਕੀਆਂ ਕਰ ਕਰ ਉਸਦੇ ਮੂੰਹ ਵਿਚ ਪਾਣ ਲਗ ਪਿਆ। ਸ਼ਾਹੀ ਹਕੀਮ ਸਮੇਤ ਸਾਰੇ ਅਮੀਰ ਵਜ਼ੀਰ ਹੈਰਾਨ ਹੋਏ ਵੇਖ ਰਹੇ ਸਨ। ਰੋਟੀ ਖੁਆ ਦੇਣ ਤੋਂ ਬਾਅਦ ਨਵਾਬ ਨੇ ਫੇਰ ਸ਼ਹਿਜ਼ਾਦੇ ਨੂੰ ਉਵੇਂ ਹੀ ਲਿਟਾ ਦਿਤਾ। ਹਕੀਮ ਜੀ ਨੂੰ ਇਕ ਪਾਸੇ ਲਿਜਾਕੇ ਅਜ ਤੋਂ ਦਵਾ-ਦਾਰੂ ਬੰਦ ਕਰ ਦੇਣ ਲਈ ਆਖ, ਨਵਾਬ ਦੀਵਾਨ ਖ਼ਾਨੇ ਵਿਚ ਪਰਤ ਆਇਆ।

"ਇਹ ਨਾਨਕ ਫ਼ਕੀਰ ਹੈ ਕੌਣ ? ਐਡਾ ਬੇਖ਼ੌਫ਼ ਤੇ ਮੂੰਹ-ਜ਼ੋਰ ਫ਼ਕੀਰ ਮੈਂ ਅਜ ਤਕ ਨਹੀਂ ਵੇਖਿਆ। ਡਰ ਭਉ ਤੇ ਉਹਦੇ ਚੰਮ ਵਿਚ ਹੈ ਹੀ ਨਹੀਂ। ਵੇਖਿਆ, ਕਿਵੇਂ ਨਵਾਬ ਦੇ ਸਾਹਵੇਂ ਹੀ ਆਖੀ ਜਾਂਦਾ ਸੀ, "ਨਾਮ ਜਿਨਾ ਸੁਲਤਾਨ ਖਾਨ, ਹੁੰਦੇ ਡਿਠੇ ਖੇਹੁ ।" ਪਰ ਸ਼ਾਇਦ ਉਹ ਜਾਣਦਾ ਨਹੀਂ ਇਹ ਪਠਾਣ ਹਾਕਮ ਕਿੰਨੇ ਜ਼ਾਲਮ ਤੇ ਨਿਰਦਈ ਨੇ। ਕਾਫ਼ਰ ਤੇ ਕੀ, ਕਿਸੇ ਮੋਮਨ ਨੂੰ ਵੀ ਆਪਣੇ ਸਾਹਵੇਂ ਕੁਸਕਣ ਨਹੀਂ ਦੇਂਦੇ। ਪਰ...ਨਾਨਕ ਫ਼ਕੀਰ ਤਾਂ ਇਹਨਾਂ ਜ਼ੋਰਾਵਰ ਹਾਕਮਾਂ ਤੋਂ ਜ਼ਰਾ ਨਹੀਂ ਡਰਦਾ। ਕੋਤਵਾਲ ਦੱਸ ਰਿਹਾ ਸੀ ਕਿ ਉਹ ਸ਼ਰੇਆਮ ਆਖਦਾ ਫਿਰਦਾ ਏ, "ਰਾਜੇ ਸ਼ੀਂਹ ਮੁਕੱਦਮ ਕੁੱਤੇ ।" ਤਾਂ ਕੀ ਉਹ ਸਾਨੂੰ ਅਹਿਲਕਾਰਾਂ ਨੂੰ ਕੁੱਤੇ ਆਖਦਾ ਹੈ ? ਤੇ ਮਲਕ ਦੀ ਹਉਮੈ ਜਾਗ ਉਠੀ। ਮੈਂ ਇਸ ਨੂੰ ਇਸ ਗੁਸਤਾਖ਼ੀ ਦਾ ਉਹ ਮਜ਼ਾ ਚਖਾਵਾਂਗਾ ਕਿ ਸਾਰੀ ਉਮਰ ਯਾਦ ਰਖੇਗਾ। ਵੱਡਾ ਫ਼ਕੀਰ ਬਣਿਆ ਏ। ਫ਼ਕੀਰ ! ਪਰ ਮੇਰਾ ਦਿਲ ਆਖਦਾ ਏ ਨਾਨਕ ਫ਼ਕੀਰ ਨਹੀਂ, ਫ਼ਕੀਰੀ ਦੇ ਭੇਸ ਵਿਚ ਕੋਈ ਗ਼ੁਸਤਾਖ਼ ਬਾਗ਼ੀ ਏ । ਫ਼ਕੀਰ ਤੇ ਬੜੇ ਆਜਿਜ਼ ਹੁੰਦੇ ਨੇ। ਉਹਨਾਂ ਵਿਚ ਏਨਾ ਗ਼ਰੂਰ ਨਹੀਂ ਹੁੰਦਾ। ਭਿਖ ਮੰਗਿਆਂ ਨੂੰ ਗੁਮਾਨ ਕੀ ਆਂਹਦਾ ਏ ? ਪਰ ਕਹਿੰਦੇ ਨੇ ਨਾਨਕ ਕਿਸੇ ਤੋਂ ਮੰਗ ਕੇ ਨਹੀਂ ਖਾਂਦਾ। ਤਾਂ ਇਹ ਜ਼ਰੂਰ ਬਾਗ਼ੀ ਏ, ਫ਼ਕੀਰ ਨਹੀਂ । ਏਨੇ ਨਿਡੱਰ ਤੇ ਮੂੰਹ-ਜ਼ੋਰ ਸਿਰਫ਼ ਬਾਗ਼ੀ ਹੀ ਹੁੰਦੇ ਨੇ। ਮੇਰਾ ਦਿਲ ਸ਼ਾਹਦੀ ਦੇਂਦਾ ਏ, ਨਾਨਕ ਫ਼ਕੀਰ ਨਹੀਂ, ਬਾਗ਼ੀ ਏ। ਸੁਣਿਆ ਏ ਕਿ ਉਹ ਕਿਸੇ ਧਰਮ ਕਰਮ ਨੂੰ ਵੀ ਨਹੀਂ ਮੰਨਦਾ, ਧਰਮ ਕਰਮ ਨੂੰ ਪਾਖੰਡ ਦੱਸਦਾ ਏ। ਜ਼ਾਤ ਪਾਤ ਉਹਦੇ ਲਈ ਹੈ ਹੀ ਕੋਈ ਨਹੀਂ । ਹਿੰਦੂ ਹੋ ਕੇ ਮਰਾਸੀ ਨੂੰ ਨਾਲ ਲਈ ਫਿਰਦਾ ਏ। ਉਹਦੇ ਨਾਲ ਖਾ ਪੀ ਲੈਂਦਾ ਏ। ਜਿਹੜਾ ਧਰਮ ਕਰਮ ਨੂੰ ਨਹੀਂ ਮੰਨਦਾ, ਉਹ

ਫ਼ਕੀਰ ਕਿਵੇਂ ਹੋ ਸਕਦਾ ਏ । ਨਾਨਕ ਬਾਗੀ ਏ। ਮੁਸਲਮਾਨਾਂ ਦੀ ਹਕੂਮਤ ਦੇ ਹੁੰਦਿਆਂ ਕਹਿੰਦਾ ਫਿਰਦਾ ਏ—ਨ ਕੋਈ ਹਿੰਦੂ ਨ ਮੁਸਲਮਾਨ। ਭਲਾ ਹਿੰਦੂ ਤੇ ਨਾ ਹੋਇਆਂ ਵਰਗੇ ਹੋਏ, ਮੁਸਲਮਾਨ ਕਿਵੇਂ ਨਹੀਂ। ਇਹ ਕੁਫ਼ਰ ਦੀਆਂ ਗੱਲਾਂ ਕਰ ਕਰ ਕੇ ਬਗ਼ਾਵਤ ਦਾ ਬੀਜ ਬੀਜ ਰਿਹਾ ਏ। ਸੁਣਿਐਂ ਸੁਲਤਾਨਪੁਰ ਦੇ ਲੋਕ ਇਹਨੂੰ ਪੀਰਾਂ ਵਾਂਗ ਪੂਜਦੇ ਨੇ, ਇਹਦੇ ਕਹੇ ਤੇ ਫੁੱਲ ਚੜ੍ਹਾਂਦੇ ਨੇ।...ਤਾਂ ਤੇ ਠੀਕ ਏ ਨਾ, ਇਹ ਬਗ਼ਾਵਤ ਦੇ ਬੀਜ ਬੀਜ ਰਿਹਾ ਏ। ਇਕ ਸ਼ਹਿਰ ਦੇ ਲੋਕਾਂ ਨੂੰ ਵੱਸ ਕਰ ਹੁਣ ਦੂਜੇ ਸ਼ਹਿਰ ਆ ਗਿਆ ਏ। ਇਥੋਂ ਦੇ ਲੋਕਾਂ ਨੂੰ ਪਿਛੇ ਲਾ, ਕਿਸੇ ਹੋਰ ਸ਼ਹਿਰ ਚਲਾ ਜਾਏਗਾ। ਪਰ ਇਹ ਇਥੇ ਕਿਉਂ ਆ ਟਪਕਿਆ। ਹੋਰ ਜਗ੍ਹਾ ਨਹੀਂ ਸੀ ਕੋਈ ਇਹਦੇ ਲਈ। ਸਿਰਫ਼ ਇਹਦੇ ਕਰਕੇ ਹੀ ਨਵਾਬ ਨੇ ਅਜ ਮੇਰੀ ਬੇਇਜ਼ਤੀ ਕਰ ਦਿੱਤੀ ਏ। ਨਹੀਂ ਤੇ ਅਜ ਤਕ ਉਸ ਨੇ ਮੈਨੂੰ ਕਿਸੇ ਗਲੋਂ ਹੋੜਿਆ ਨਹੀਂ ਸੀ। ਮੈਂ ਇਸ ਤੋਂ ਇਸ ਬੇਇਜ਼ਤੀ ਦਾ ਬਦਲਾ ਲੈ ਕੇ ਰਹਾਂਗਾ। ਵਡਾ ਫ਼ਕੀਰ ਬਣਿਆ ਫਿਰਦਾ ਏ। ਜਾਣਦਾ ਨਹੀਂ ਕਿ ਮੈਂ ਮਲਕ ਭਾਗ ਮਲ ਨਾਲ ਮੱਥਾ ਲਾ ਲਿਆ ਏ। ਕੰਨਾਂ ਨੂੰ ਹੱਥ ਲਾਂਦਾ ਜੇ ਇਹ ਸ਼ਹਿਰ ਨਾ ਛੱਡ ਗਿਆ ਤਾਂ ਮੈਨੂੰ ਵੀ ਮਾਂ ਨੇ ਨਹੀਂ ਜੰਮਿਆ।'' ਮਲਕ ਜ਼ਖ਼ਮੀ ਸੱਪ ਵਾਂਗ ਵਿਸ ਘੋਲ ਰਿਹਾ ਸੀ। ਉਹਦਾ ਮਨ ਬਹੁਤ ਬੁਰੀ ਤਰਾਂ ਬੇਚੈਨ ਸੀ।

ਰਾਤ ਕਾਫ਼ੀ ਬੀਤ ਚੁਕੀ ਸੀ। ਸਾਰਾ ਸ਼ਹਿਰ ਬੇਸੁਧ ਪਿਆ ਸੀ। ਸਵੇਰੇ ਜਿਨ੍ਹਾਂ ਰਾਹਾਂ ਤੇ ਤਿਲ ਸੁੱਟਣ ਦੀ ਥਾਂ ਨਹੀਂ ਹੁੰਦੀ ਹੁਣ ਸੁੰਞੇ ਪਏ ਸਨ। ਇਸ ਖਾਮੋਸ਼ ਤੇ ਅਡੋਲ ਵਾਤਾਵਰਨ ਵਿਚ ਇਸ ਵੇਲੇ ਸਿਰਫ਼ ਮਲਕ ਦੇ ਪੈਰਾਂ ਦੀ ਖਸਰ ਖਸਰ ਗੂੰਜ ਰਹੀ ਸੀ ਜਾਂ ਕਦੇ ਕਦੇ ਪਾਲੇ ਨਾਲ ਠਰੇ ਕਿਸੇ ਕੁੱਤੇ ਦੇ ਭੌਂਕਣ ਦੀ ਅਵਾਜ਼ ਸੁਣਾਈ ਦੇਂਦੀ ਸੀ। ਸੋਚਾਂ ਵਿਚ ਗ਼ਲਤਾਨ ਮਲਕ ਏਨੀ ਰਾਤ ਗਏ ਇੱਕਲਾ ਹੀ ਆਪਣੀ ਹਵੇਲੀ ਵਲ ਤੁਰਿਆ ਜਾ ਰਿਹਾ ਸੀ।

ਏਨੀ ਰਾਤ ਗਏ ਇਕੱਲਿਆਂ ਬਾਹਰ ਫਿਰਨਾ ਮਲਕ ਦਾ ਪਹਿਲਾ ਅਵਸਰ ਸੀ। ਨਹੀਂ ਤੇ ਮਲਕ ਨੇ ਦਿਨੇ ਵੀ ਜੇ ਕਿਤੇ ਜਾਣਾ ਹੁੰਦਾ ਤਾਂ ਨੌਕਰ ਚਾਕਰ ਉਸਦੇ ਅਗੇ ਪਿਛੇ ਤੁਰਦੇ ਸਨ। ਮਿਸਰ ਤੇ ਪ੍ਰਛਾਵੇਂ ਵਾਂਗ ਸਦਾ ਹੀ ਉਹਦੇ ਨਾਲ ਰਹਿੰਦਾ ਸੀ। ਪਰ ਅਜ......ਸ਼ਾਹੀ ਮੱਹਲਾਂ 'ਤੋਂ

ਚਲਣ ਸਮੇਂ ਮਲਕ ਦਾ ਮਨ ਬਹੁਤ ਖਰਾਬ ਸੀ। ਨਵਾਬ ਨੇ ਸਾਰੇ ਅਮੀਰਾਂ ਵਜ਼ੀਰਾਂ ਦੇ ਸਾਹਮਣੇ ਉਸ ਨੂੰ ਝਾੜ ਦਿਤਾ ਸੀ। ਗੁੱਸੇ ਨਾਲ ਉਹਦਾ ਅੰਦਰ ਬਾਹਰ ਭੁੱਜ ਰਿਹਾ ਸੀ। ਉਹਨੂੰ ਆਪਣਾ ਆਪ ਸਭ ਤੋਂ ਨੀਵਾਂ ਲੱਗ ਰਿਹਾ ਸੀ। ਕਿਸੇ ਦੇ ਸਾਹਮਣੇ ਹੋਣ ਨੂੰ ਉਹਦਾ ਜੀਅ ਨਹੀਂ ਸੀ ਕਰਦਾ। ਇਸ ਲਈ ਉਹ ਸਾਰੇ ਅਹਿਲਕਾਰਾਂ ਤੋਂ ਅੱਖ ਬਚਾਕੇ ਚੁਪਚਾਪ ਮਹੱਲਾਂ 'ਚੋ ਨਿਕਲ ਤੁਰਿਆ ਸੀ।

ਸੋਚਾਂ ਵਿਚ ਗਵਾਚਿਆ ਮਲਕ ਬੇਧਿਆਨ ਤੁਰਿਆ ਜਾ ਰਿਹਾ ਸੀ ਕਿ ਠੇਡਾ ਖਾ ਉਹ ਸੜਕ ਦੇ ਕਿਨਾਰੇ ਤੇ ਸੁੱਤੇ ਇਕ ਫ਼ਕੀਰ ਤੇ ਜਾ ਪਿਆ। ਫ਼ਕੀਰ ਤ੍ਰਭਕ ਕੇ ਉਠ ਬੈਠਾ ਤੇ ਬੁੜਬੁੜ ਕਰਨ ਲਗਾ। ਪਰ ਜਦੋਂ ਆਪਾ ਸੰਭਾਲ ਮਲਕ ਉਠਕੇ ਗਰਜਿਆ "ਕੀ ਗੱਲ ਏ ਉਏ?" ਤਾਂ ਉਹਦੀ ਅਵਾਜ਼ ਪਛਾਣ ਫ਼ਕੀਰ ਦੀ ਜ਼ਬਾਨ ਥਥਲਾਣ ਲਗ ਪਈ ਸੀ। "ਮਹਾਰਾਜ ਮਾਫ਼ ਕਰਨਾ, ਮੈਥੋਂ ਗਲਤੀ ਹੋ ਗਈ ।" ਉਹ ਹੱਥ ਜੋੜ ਕੇ ਗਿੜ-ਗਿੜਾਣ ਲਗ ਪਿਆ।

ਮਲਕ ਨੇ ਉਸਦੀ ਗੱਲ ਜਿਵੇਂ ਸੁਣੀ ਹੀ ਨਹੀਂ। "ਠੀਕ ਏ, ਠੀਕ ਏ, ਸੌਂ ਦਫ਼ਾ ਹੋ।" ਕਹਿ ਆਪ ਅੱਗੇ ਤੁਰ ਪਿਆ। "ਇਹ ਹੈ ਫ਼ਕੀਰ। ਇਹਨੂੰ ਕਹਿੰਦੇ ਨੇ ਫਕੀਰੀ। ਇਹਨੇ ਆਪਾ ਮਾਰਿਆ ਹੋਇਆ ਹੈ, ਇਹ ਹੈ ਸੱਚਾ ਫ਼ਕੀਰ।......ਜਣੇ ਖਣੇ ਨੂੰ ਗਾਲ੍ਹਾਂ ਕਢਦਿਆਂ ਫਿਰਨਾ ਕਿਧਰ ਦੀ ਫ਼ਕੀਰੀ ਹੋਈ। ਨਾਨਕ ਫ਼ਕੀਰ ਨਹੀਂ। ਭੇਖੀ ਏ। ਮੈਂ ਉਹਨੂੰ ਸਿਧਾ ਕਰ ਦਿਆਂਗਾ। ਮਲਕ ਫ਼ੇਰ ਸੋਚਣ ਲਗ ਪਿਆ—ਅਜ ਸਵੇਰੇ ਤੇ ਵੇਖੋ ਕੀ ਰੰਗ ਖਿਲ੍ਹਦੇ ਨੇ। ਅਜ ਤੇ ਨਵਾਬ ਸ਼ਹਿਜ਼ਾਦੇ ਦੀ ਵਿਗੜੀ ਹਾਲਤ ਕਾਰਨ ਦਿਲਗੀਰ ਹੋਇਆ ਹੋਇਆ ਸੀ। ਨੂਰਦੀਨ ਦੀਆਂ ਗੱਲਾਂ ਵਿਚ ਆ ਨਾਨਕ ਨੂੰ ਪੀਰ ਹੀ ਮੰਨ ਬੈਠਾ ਏ।......ਪਰ ਜੇ ਸ਼ਹਿਜ਼ਾਦਾ ਠੀਕ ਨਾ ਹੋਇਆ ਤਾਂ ਉਹ ਇਸ ਫ਼ਕੀਰ ਦੇ ਨਾਲ ਨੂਰਦੀਨ ਨੂੰ ਵੀ ਪੀੜ ਦੇਵੇਗਾ।...... ਇਹੋ ਜਿਹਾ ਫ਼ਕੀਰ ਪੀੜਿਆ ਹੀ ਜਾਣਾ ਚਾਹੀਦਾ ਹੈ। ਟੁਕਰ ਖਾਣ ਨਾਲ ਭੋਖੜਾ ਤਾਂ ਦੂਰ ਹੋ ਸਕਦਾ ਏ ਭਲਾ ਕਦੇ ਲਾ-ਇਲਾਜ ਰੋਗ ਵੀ ਦੂਰ ਹੁੰਦਾ ਏ। ਕਹਿੰਦਾ ਸੀ 'ਇਹਦੇ ਮੂੰਹ ਹਕ ਹਲਾਲ ਦਾ ਟੁਕਰ ਲਾਉ, ਠੀਕ ਹੋ ਜਾਏਗਾ।' ਇਹ ਤੇ ਹੁਣ ਪਤਾ ਲਗੇਗਾ ਕਿ ਸ਼ਹਿਜ਼ਾਦਾ ਠੀਕ ਹੁੰਦਾ ਏ ਕਿ ਤੂੰ ਠੀਕ ਹੁੰਦੈਂ।" ਸੋਚ ਮਲਕ ਦੇ ਮਨ ਧਰਵਾਸ ਜਿਹੀ ਆ ਗਈ।

ਤੁਰਦਾ ਤੁਰਦਾ ਉਹ ਰੁਕ ਗਿਆ। ਉਹ ਕਿਧਰ ਜਾ ਰਿਹਾ ਸੀ। ਉਹਦੀ ਹਵੇਲੀ ਤਾਂ ਬਹੁਤ ਪਿਛੇ ਰਹਿ ਚੁਕੀ ਸੀ। ਪਿਪਲ ਵਾਲੇ ਮੋੜ ਤੋਂ ਉਹ ਸੱਜੇ ਹੱਥ ਮੁੜਨ ਦੀ ਬਜਾਏ ਖੱਬੇ ਹਥ ਮੁੜ ਆਇਆ ਸੀ।

ਦੂਰ ਕਿਤੇ ਉਲੂ ਦੇ ਬੋਲਣ ਦੀ ਆਵਾਜ਼ ਸੁਣਾਈ ਦਿਤੀ। ਮਲਕ ਦਾ ਮਨ ਫੇਰ ਸੋਚ ਦੀ ਉਂਗਲੀ ਫੜ ਤੁਰਿਆ: "ਇਹ ਪਠਾਣ ਹਾਕਮ ਵੀ ਉਲੂ ਹੀ ਨੇ। ਇਹਨਾਂ ਦਾ ਦਿਮਾਗ ਜ਼ਰਾ ਕੰਮ ਨਹੀਂ ਕਰਦਾ। ਨਾ ਇਹਨਾਂ ਦਾ ਕੋਈ ਦੀਨ ਈਮਾਨ ਏ। ਉਂਝ ਹਿੰਦੂ ਨੂੰ ਕਾਫ਼ਰ ਕਹਿੰਦੇ ਨੇ ਪਰ ਲੋੜ ਵੇਲੇ ਹਿੰਦੂ ਤੇ ਈਮਾਨ ਲੈ ਆਉਂਦੇ ਨੇ। ਕਿਵੇਂ ਅਜ ਦੀਵਾਨਾ ਹੋਇਆ ਫਿਰਦਾ ਸੀ ਨਾਨਕ ਅੱਗੇ। ਰੱਬ ਤੋਂ ਉਰ੍ਹੇ, ਉਹਨੂੰ ਨਾਨਕ ਹੀ ਨਜ਼ਰ ਆਉਂਦਾ ਸੀ, ਜੋ ਜੋ ਵੀ ਨਾਨਕ ਆਖਦਾ ਗਿਐ ਉਹੀ ਹੀ ਮੰਨਦਾ ਗਿਐ। ਉਹਦੇ ਆਖੇ ਲਗ ਨਵਾਬ ਹੋ ਕੇ ਪਤਾ ਨਹੀਂ ਕਿਹਦੇ ਘਰੋਂ ਟੁਕਰ ਮੰਗ ਲਿਆਇਆ ਏ।"

ਅਚਾਨਕ ਨੇਰ੍ਹੇ ਚੋਂ ਨਿਕਲ ਕਿਸੇ ਨੇ ਮਲਕ ਨੂੰ ਜੱਫਾ ਮਾਰ ਲਿਆ। ਘਬਰਾਕੇ ਮਲਕ ਨੇ ਆਪਣੇ ਗੱਲ ਆ ਪਏ ਬੰਦੇ ਵਲ ਵੇਖਿਆ। ਖਿਲਰੇ ਵਾਲ, ਅਲਫ਼ ਨੰਗਾ ਸਰੀਰ ਤੇ ਡਰਾਉਣੀਆਂ ਅੱਖਾਂ। ਉਹਦੇ ਹੱਥਾਂ ਦੇ ਨਹੁੰ ਬੜੇ ਤਿਖੇ ਸਨ। ਮਲਕ ਦੇ ਸਰੀਰ ਤੇ ਕਈ ਝਰੀਟਾਂ ਪੈ ਗਈਆਂ। ਉਹਦੀ ਸੋਚ ਸੁੰਨ ਹੋ ਗਈ। ਅੱਖਾਂ ਅੱਗੇ ਹਨੇਰਾ ਛਾ ਗਿਆ। ਉਸ ਉਚੀ ਉਚੀ ਚੀਖਣ ਦਾ ਯਤਨ ਕੀਤਾ ਪਰ ਉਹਦਾ ਸੰਘ ਜਿਵੇਂ ਮਿਲ ਗਿਆ, ਕੋਈ ਅਵਾਜ਼ ਉਹਦੇ ਬੋਲ 'ਚੋਂ ਬਾਹਰ ਨਹੀਂ ਨਿਕਲੀ। ਤੇ ਫੇਰ ਰਾਤ ਦੇ ਸ਼ਾਂਤ ਵਾਤਾਵਰਨ ਵਿਚ ਇਕ ਚੀਖ ਵਰਗੀ ਅਵਾਜ਼ ਗੂੰਜ ਉਠੀ, "ਤੂੰ ਮਲਕ ਏਂ...ਮੈਂ ਤੇਰਾ ਗਲਾ ਘੁਟ ਦਿਆਂਗਾ, ਤੂੰ ਮੇਰੇ ਬੱਚੇ ਦਾ ਕਾਤਲ ਏਂ, ਮੈਂ ਤੇਰਾ ਲਹੂ ਪੀ ਜਾਵਾਂਗਾ।"

ਮਲਕ ਪਸੀਨੋ ਪਸੀਨਾ ਹੋ ਗਿਆ। ਉਹ ਬੁਰੀ ਤਰਾਂ ਕੰਬ ਰਿਹਾ ਸੀ। ਉਹਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਉਹ ਆਪਣੇ ਗੱਲ ਵਲ ਵਧਦੇ ਉਸ ਬੰਦੇ ਦੇ ਹੱਥਾਂ ਨੂੰ ਰੋਕ ਲਵੇ।

ਜਿਉਂ ਜਿਉਂ ਉਹ ਹੱਥ ਉਹਦੇ ਗੱਲ ਦੇ ਨੇੜੇ ਜਾ ਰਹੇ ਸਨ ਉਸ ਦੀ ਕੰਬਣੀ ਤੇਜ਼ ਹੁੰਦੀ ਜਾ ਰਹੀ ਸੀ, ਕਿ ਅਚਾਨਕ ਉਹ ਬੰਦਾ ਖਿੜਖਿੜਾਕੇ ਹਸਦਾ ਹੋਇਆ ਬੋਲਿਆ: "ਤੂੰ ਮਲਕ ਨਹੀਂ..... ਬਸ ਮਰ ਗਿਆ...

ਕੰਮ ਖਤਮ '' ਤੇ ਫੇਰ ਉਹ ਮਲਕ ਨੂੰ ਛਡ ਕੇ ਪਰਾਂ ਤੁਰ ਗਿਆ।

ਪਥਰ ਹੋਇਆ ਮਲਕ ਹਨੇਰੇ ਵਿਚ ਗਵਾਚਦੇ ਉਸ ਪਰਛਾਵੇਂ ਨੂੰ ਅੱਖਾਂ ਟੱਡੀ ਘੂਰਦਾ ਰਿਹਾ। ਤੇ ਜਦੋਂ ਉਹ ਦਿਸਣੋਂ ਹਟ ਗਿਆ ਉਹ ਵਾਹੋ ਦਾਹੀ ਘਰ ਵਲ ਭੱਜ ਉਠਿਆ।

ਜਨਕ ਅਜੇ ਜਾਗ ਰਹੀ ਸੀ ਜਦੋਂ ਘਬਰਾਇਆ ਹੋਇਆ ਮਲਕ ਉਹਦੇ ਨਾਲ ਦੇ ਪਲੰਘ ਤੇ ਧੜੱਮ ਕਰਕੇ ਜਾ ਡਿੱਗਾ। ਜਨਕ ਨੇ ਛੇਤੀ ਨਾਲ ਉਠ ਦੀਵਾ ਬਾਲਿਆ। ਦੀਵੇ ਦੀ ਰੌਸ਼ਨੀ ਵਿਚ ਮਲਕ ਦਾ ਵਿਗੜਿਆ ਹੁਲੀਆ ਵੇਖ ਉਹ ਘਬਰਾ ਗਈ। "ਸ੍ਵਾਮੀ ਸ੍ਵਾਮੀ ਕਰਦੀ ਉਹ ਮਲਕ ਦੇ ਉਤੇ ਢਹਿ ਪਈ। ਮਲਕ ਕੁਸਕਿਆ ਨਹੀਂ। ਉਹਦੇ ਵਿਚ ਬੋਲਣ ਦੀ ਤਾਕਤ ਨਹੀਂ ਸੀ। ਉਹ ਬੁਰੀ ਤਰ੍ਹਾਂ ਹੌਂਕ ਰਿਹਾ ਸੀ।'

"ਸ੍ਵਾਮੀ..... ਸ੍ਵਾਮੀ, ਹੋਸ਼ ਕਰੋ ਕੀ ਗੱਲ ਹੋਈ ਏ। ਮਲਕ ਦੀ ਖਾਮੋਸ਼ੀ ਤੋਂ ਜਨਕ ਘਬਰਾ ਗਈ, ਉਸ ਨੇ ਮਲਕ ਨੂੰ ਫੜਕੇ ਝੰਜੋੜਿਆ।"

"ਭੂਤ...ਤ...ਨਹੀਂ ਧੰਨਾ।.. ਮੇਰਾ ਗੱਲਾ ਘੁਟ ਦੇਣ ਲਗਾ ਸੀ। ਅਜ ਮੈਂ ਮਸਾਂ ਬਚਿਆ, ਪਾਣੀ...ਪਾਣੀ।" ਘਬਰਾਹਟ ਨਾਲ ਮਲਕ ਦੇ ਮੂੰਹੋਂ ਗੱਲ ਨਹੀਂ ਸੀ ਨਿਕਲ ਰਹੀ।

ਜਨਕ ਭੱਜਕੇ ਰਸੋਈ ਘਰ 'ਚੋਂ ਪਾਣੀ ਲੈ ਆਈ। ਪਾਣੀ ਪੀ ਮਲਕ ਨੇ ਇਕ ਲੰਮਾ ਸਾਹ ਲੈਂਦਿਆਂ ਆਖਿਆ : "ਅਜ ਤੇ ਰੱਬ ਹੀ ਰਖਿਆ, ਨਹੀਂ ਤੇ ਉਸ ਪਾਗਲ ਨੇ ਮੈਨੂੰ ਮਾਰ ਹੀ ਦੇਣਾ ਸੀ।"

"ਕੌਣ ਸੀ ਉਹ ?"

"ਧੰਨਾ...ਆ।"

"ਕਿਹੜਾ ਆਪਣਾ ਕੱਮੀ ?"

"ਹਾਂ...ਆ ਕਹਿੰਦਾ ਸੀ ਤੂੰ ਮੇਰੇ ਮੁੰਡੇ ਦਾ ਕਾਤਲ ਏਂ.. ਮੈਂ ਤੇਰਾ ਗੱਲਾ ਘੁਟ ਦੇਣਾ।" ਪਾਗਲ ਏ... ਪਾਗਲ, ਉਸ ਮੌਕੇ ਦੀ ਯਾਦ ਆਉਂਦਿਆਂ ਹੀ ਮਲਕ ਕੰਬ ਗਿਆ।

"ਮੁੰਡੇ ਦਾ ਕਾਤਲ ? ਉਹ ਕਿਵੇਂ ?" ਅਸਾਂ ਤੇ ਉਹਦਾ ਮੁੰਡਾ ਵੇਖਿਆ ਤਕ ਨਹੀਂ। ਤੁਸਾਂ ਵੇਖਿਆ ਏ। ਕੀ ਤੁਸੀਂ......

"ਨਹੀਂ ਨਹੀਂ ਉਹ ਤੇ ਪਾਗਲ ਏ ਜੋ ਮੂੰਹ ਆਉਂਦਾ ਸੁ ਬੱਕੀ ਜਾਂਦਾ ਏ। ਮੈਂ ਅਜਿਹਾ ਕੋਈ ਕੰਮ ਨਹੀਂ ਕੀਤਾ। ਰੱਬ ਦੀ ਸਹੁੰ।"

"ਫੇਰ ਤੁਸੀਂ ਉਹਦਾ ਕੋਈ ਇਲਾਜ ਕਰ ਛਡੋ, ਇਸ ਤਰ੍ਹਾਂ ਤੇ ਬੜੀ ਮੁਸ਼ਕਲ ਏ। ਹਰ ਵੇਲੇ ਜਾਨ ਦਾ ਸੰਸਾ। ਪਾਗਲ ਬੰਦੇ ਨੂੰ ਕੀ ਪਤਾ ਹੁੰਦਾ ਏ।" ਜਨਕ ਨੇ ਮਲਕ ਦੇ ਮੱਥੇ ਤੋਂ ਪਸੀਨਾ ਪੂੰਝਦਿਆਂ ਆਖਿਆ।

"ਕਰਨਾ ਹੀ ਪਵੇਗਾ।" ਕਹਿ ਮਲਕ ਨੇ ਪਾਸਾ ਪਰਤ ਲਿਆ। ਜਨਕ ਨੇ ਭਾਵੇਂ ਉਸ ਨੂੰ ਦੋ ਤਿੰਨ ਵਾਰ ਬੁਲਾਇਆ ਪਰ ਉਸਨੇ ਹੁੰਗਾਰਾ ਨਹੀਂ ਭਰਿਆ, ਉਹਨੂੰ ਡਰ ਸੀ ਕਿ ਕਿਤੇ ਗੱਲਾਂ ਗੱਲਾਂ ਵਿਚ ਜਨਕ ਸਾਰੀ ਕਹਾਣੀ ਹੀ ਨ ਪੁਛ ਬੈਠੇ।

ਦੂਜੇ ਦਿਨ ਇਹ ਗੱਲ ਜੰਗਲ ਦੀ ਅੱਗ ਵਾਂਗ ਸਾਰੇ ਸ਼ਹਿਰ ਵਿਚ ਫੈਲ ਗਈ ਕਿ ਨਵਾਬ ਜ਼ਾਲਮ ਖਾਨ ਨਾਨਕ ਫ਼ਕੀਰ ਦਾ ਮੁਰੀਦ ਹੋ ਗਿਆ ਹੈ ਤੇ ਸ਼ਹਿਜ਼ਾਦਾ ਜਿਸ ਨੂੰ ਕੋਈ ਦਵਾ-ਦਾਰੂ ਪੋਂਹਦਾ ਤਕ ਨਹੀਂ ਸੀ। ਫ਼ਕੀਰ ਦੇ ਬਚਨਾਂ ਨਾਲ ਹਲਾਲ ਦਾ ਟੁਕਰ ਖਾ, ਰਾਜ਼ੀ ਹੋ ਗਿਆ ਹੈ।

ਘਰ ਘਰ ਨਾਨਕ ਦੀ ਚਰਚਾ ਹੋਣ ਲਗੀ। ਜਿਥੇ ਚਾਰ ਬੰਦੇ ਇਕੱਠੇ ਹੁੰਦੇ ਨਾਨਕ ਫ਼ਕੀਰ ਦੀਆਂ ਗੱਲਾਂ ਛਿੜ ਪੈਂਦੀਆਂ। ਕਲ ਤਕ ਕਾਜ਼ੀਆਂ ਬ੍ਰਾਹਮਣਾਂ ਦੇ ਆਖੇ ਲਗ ਲੋਕ ਜਿਸ ਨਾਨਕ ਨੂੰ ਕੁਰਾਹੀਆ ਕਹਿ ਕੇ ਤਿਸਕਾਰਦੇ ਰਹੇ ਸਨ ਅਜ ਲੋਕਾਂ ਦੀ ਸ਼ਰਧਾ ਦਾ ਪਾਤਰ ਬਣ ਚੁਕਾ ਸੀ। ਲੋਕ ਆਪਣੀ ਭੁਲ ਤੇ ਪਛਤਾਂਦੇ ਆਖ ਰਹੇ ਸਨ, "ਅਸੀਂ ਤੇ ਭੁਲੇ ਹੀ ਰਹੇ ਇਹ ਫ਼ਕੀਰ ਤੇ ਗੋਦੜੀ ਵਿਚ ਲਾਲ ਨਿਕਲਿਆ ਏ।" ਹਰ ਕੋਈ ਵਧ ਚੜ੍ਹ ਕੇ ਉਸ ਦੀ ਤਾਰੀਫ਼ ਕਰਨ ਵਿਚ ਫ਼ਖ਼ਰ ਸਮਝ ਰਿਹਾ ਸੀ। ਮੁਸਲਮਾਨ ਆਖਦੇ "ਨਾਨਕ ਸ਼ਾਹ ਵਡਾ ਪੀਰ ਏ ਇਹਨੂੰ ਖ਼ੁਦਾ ਦੀ ਨਿਵਾਜ਼ਸ਼ ਹੋਈ ਏ।" ਹਿੰਦੂ ਕਹਿੰਦੇ, ਨਾਨਕ ਰਾਮ ਦਾ ਅਵਤਾਰ ਏ, ਕਲਿਯੁਗੀ ਜੀਵਾਂ ਦੇ ਆਧਾਰ ਲਈ ਭਗਵਾਨ ਰਾਮ ਮੁੜ ਮਨੁਖਾ ਜਨਮ ਧਾਰ ਕੇ ਆਇਆ ਏ। ਲੋਕਾਂ ਦੀ ਜ਼ਬਾਨ ਨਾਨਕ ਦੇ ਗੁਣ ਗਾਉਂਦੀ ਨਹੀਂ ਸੀ ਥਕਦੀ। ਨਾਨਕ ਨੇ ਬਚਪਨ ਵਿਚ ਰਾਇਭੋਇ ਦੀ ਤਲਵੰਡੀ ਤੇ ਫੇਰ ਸੁਲਤਾਨਪੁਰ ਵਿਚ ਜਿਹੜੇ ਕੌਤਕ ਕੀਤੇ ਸਨ ਉਹ ਅਜ ਸੈਦਪੁਰੀਆਂ ਦੀ ਜ਼ਬਾਨ ਤੇ ਸਨ। ਜਿਹਨਾਂ ਜਿਹਨਾਂ ਉਹਦਾ ਦਰਸ਼ਨ ਕੀਤਾ ਸੀ ਉਹ ਆਪਣੇ ਸਾਥੀਆਂ ਨੂੰ ਬੜੀ ਹੈਰਤ ਨਾਲ ਦਸ ਰਹੇ ਸਨ: "ਐਸਾ ਅਲਮਸਤ ਤੇ ਅਲਗਰਜ਼ ਫ਼ਕੀਰ ਅਸਾਂ ਜ਼ਿੰਦਗੀ ਵਿਚ ਨਹੀਂ ਵੇਖਿਆ। ਉਹਦੇ ਚਿਹਰੇ ਤੇ ਕੋਈ ਨੂਰ ਏ! ਉਹਦੇ ਦਰਸ਼ਨ ਕਰ ਮਨ ਸ਼ਾਂਤ ਹੋ ਜਾਂਦਾ ਏ,

ਉਹਦੇ ਦੀਦੇ ਰੂਹਾਨੀ ਜੋਤ ਵਾਂਗ ਮਗਦੇ ਨੇ, ਜਿਧਰ ਨਦਰ ਕਰਦਾ ਏ, ਲੋਕ ਨਿਹਾਲ ਹੋ ਜਾਂਦੇ ਨੇ, ਕਿਸੇ ਤੋਂ ਕੁਝ ਲੈਂਦਾ ਨਹੀਂ, ਕਿਸੇ ਨੂੰ ਕੁਝ ਦੇਂਦਾ ਨਹੀਂ। ਬਸ ਮਸਤੀ ਵਿਚ ਗਵਾਚਾ ਗਾਉਂਦਾ ਰਹਿੰਦਾ ਏ: "ਜਗਤ ਜਲੰਦਾ ਰਖ ਲੈ, ਆਪਣੀ ਕ੍ਰਿਪਾ ਧਾਰ"। ਉਹਦੀ ਆਵਾਜ਼ ਵਿਚ ਕਹਿਰ ਦਾ ਦਰਦ ਤੇ ਸੋਜ਼ ਏ। ਦਿਲ ਕਰਦਾ ਏ ਉਹਦੇ ਚਿਹਰੇ ਵਲ ਤੱਕਦੇ ਰਹੀਏ, ਉਹਦੀ ਮਿੱਠੀ ਤੇ ਮਧੁਰ ਆਵਾਜ਼ ਸੁਣਦੇ ਰਹੀਏ।" ਗੱਲਾਂ ਸੁਣ ਸੁਣ ਕੇ ਬਹੁਤਿਆਂ ਦਾ ਦਿਲ ਐਸੇ ਫ਼ਕੀਰ ਦੇ ਦਰਸ਼ਨ ਲਈ ਤਾਂਘ ਉਠਦਾ, ਉਹ ਟੋਲੀਆਂ ਬਣਾ ਬਣਾ ਫ਼ਕੀਰ ਦੇ ਦਰਸ਼ਨ ਨੂੰ ਜਾਂਦੇ। ਤੇ ਉਹਦਾ ਦਰਸ ਪਾ ਆਪਣਾ ਧੰਨ ਭਾਗ ਸਮਝਦੇ।

ਮਲਕ ਦੀ ਕਚਹਿਰੀ ਵਿਚ ਵੀ ਅਜ ਸਾਰਾ ਦਿਨ ਨਾਨਕ ਫ਼ਕੀਰ ਦੀਆਂ ਗੱਲਾਂ ਹੀ ਹੁੰਦੀਆਂ ਰਹੀਆਂ। ਭਾਵੇਂ ਮਲਕ ਨੂੰ ਨਾਨਕ ਦੀ ਤਾਰੀਫ਼ ਚੰਗੀ ਨਹੀਂ ਸੀ ਲਗਦੀ ਤੇ ਉਹ ਮਨ ਹੀ ਮਨ ਵਿਚ ਬੜਾ ਖਿੱਝਦਾ ਰਿਹਾ ਸੀ, ਪਰ ਉਹ ਡਰਦਾ ਵੀ ਸੀ ਕਿ ਕਿਤੇ ਨਾਨਕ ਦੇ ਖਿਲਾਫ਼ ਕੁਝ ਕਹਿਣ ਨਾਲ ਕੋਈ ਨਵੀਂ ਬਿਪਤਾ ਨਾ ਖੜੀ ਹੋ ਜਾਏ। ਉਂਝ ਉਸ ਦਿਨ ਵਿਚ ਅਨੇਕਾਂ ਵਾਰ ਨਾਨਕ ਦੀ ਮਹਿਮਾ ਕਰ ਰਹੇ ਕਈ ਬੰਦਿਆਂ ਨੂੰ ਆਨੇ-ਬਹਾਨੇ ਝਾੜਿਆ ਵੀ ਸੀ। ਪਰ ਲੋਕਾਂ ਨੂੰ ਜਿਵੇਂ ਕੋਈ ਹੋਰ ਗੱਲ ਆਉਂਦੀ ਹੀ ਨਹੀਂ ਸੀ। ਮੁੜ ਘਿੜ ਕੇ ਉਹੀ ਗੱਲਾਂ ਲੈ ਬਹਿੰਦੇ।

ਤਰਕਾਲਾਂ ਵੇਲੇ ਇਕ ਐਸੀ ਘਟਨਾ ਵਾਪਰੀ ਕਿ ਮਲਕ ਦੇ ਸਬਰ ਦਾ ਪਿਆਲਾ ਛਲਕ ਗਿਆ। ਆਪਣੇ ਇਕ ਦੋਸਤ ਦੇ ਮੂੰਹੋਂ ਨਾਨਕ ਦੀ ਤਾਰੀਫ਼ ਸੁਣ ਉਹ ਅਗ-ਬਗੋਲਾ ਹੋ ਗਿਆ। ਉਹਦੇ ਦੋਸਤ ਨੇ ਕਿੱਡੀ ਨਾਜਾਇਜ਼ ਗੱਲ ਕੀਤੀ ਸੀ।ਗੱਲ ਇੰਦ ਹੋਈ ਕਿ ਜਦੋਂ ਕਚਹਿਰੀ ਵਿਚ ਛੁਟੀ ਹੋਈ ਤਾਂ ਉਹਦਾ ਦੋਸਤ ਬੜੇ ਉਤਸ਼ਾਹ ਨਾਲ ਉਹਦੇ ਕੋਲ ਆ ਕੇ ਕਹਿਣ ਲਗਾ,"ਭਾਗ ਮਲਾ, ਤੇਰੇ ਲਈ ਖੁਸ਼ਖ਼ਬਰੀ ਲਿਆਇਆਂ, ਖੁਸ਼ਖਬਰੀ। ਸੁਣੇਂਗਾ ਤਾਂ ਛਾਲਾਂ ਮਾਰ ਉਠੇਂਗਾ"।

"ਭਈ ਗੱਲ ਤੇ ਦਸ।" ਮਲਕ ਨੇ ਹੈਰਾਨੀ ਨਾਲ ਉਸ ਵਲ ਵੇਖਦਿਆਂ ਪੁਛਿਆ ਸੀ।

"ਗੱਲ ਕੀ ਦੱਸਣੀ ਏ। ਬਸ ਹੁਣ ਤੇਰੀ ਮੁਰਾਦ ਪੂਰੀ ਹੋ ਜਾਏਗੀ। ਕੁਝ ਖੂਆ ਪਿਆ।" ਪਰ ਗੱਲ ਮਲਕ ਦੇ ਪਲੇ ਨਾ ਪਈ। ਉਸ ਫੇਰ

ਆਖਿਆ : "ਮੈਂ ਕੁਝ ਸਮਝਿਆ ਨਹੀਂ। ਤੂੰ ਕਹਿਨਾ ਕੀ ਚਾਹਨਾ ਏਂ ?"

"ਮੈਂ ਕਹਿਨਾ ਭਾਗ ਮੱਲਾ ਹੁਣ ਤੇ ਗੰਗਾ ਤੇਰੇ ਘਰ ਆ ਗਈ ਏ। ਤੇਰੀ ਸਾਰੀ ਤ੍ਰਿਸ਼ਨਾ ਮਿਟ ਜਾਏਗੀ। ਤੂੰ ਨਾਨਕ ਫ਼ਕੀਰ ਦਾ ਨਾਂ ਸੁਣਿਆਂ ਏਂ, ਕਹਿੰਦੇ ਨੇ, ਬੜਾ ਕਰਨੀ ਵਾਲਾ ਫ਼ਕੀਰ, ਹੱਥਾਂ ਤੇ ਸਰ੍ਹੋਂ ਜਮਾਂਦਾ ਏ, ਬੱਤੀਆਂ ਦੰਦਾਂ 'ਚੋਂ ਜਿਹੜੀ ਗੱਲ ਕਰਦਾ ਏ, ਸੱਚ ਹੋ ਜਾਂਦੀ ਏ । ਚੱਲ ਉਹਦੇ ਚਰਨ ਫੜੀਏ ਕਿ......।"

"ਤੂੰ ਉਸ ਕੁਰਾਹੀਏ ਨਾਨਕ ਦੀ ਗੱਲ ਕਰਦਾ ਏਂ। ਉਹ ਫ਼ਕੀਰ ਨਹੀਂ, ਪਾਖੰਡੀ ਏ । ਫ਼ਕੀਰ ਦਾ ਭੇਸ ਧਾਰੀ ਫਿਰਦਾ ਏ। ਭਲਾ ਤੂੰ ਹੀ ਦਸ, ਜਿਹੜਾ ਬੰਦਾ ਕਿਸੇ ਵੀ ਧਰਮ ਨੂੰ ਨਾ ਮੰਨੇ, ਉਹ ਫ਼ਕੀਰ ਕਿਵੇਂ ਹੋ ਸਕਦਾ ਏ, ਉਹ ਤੇ ਨਾਸਤਕ ਏ ।" ਮਲਕ ਦਾ ਸਬਰ ਮੁਕ ਗਿਆ, ਇਸ ਲਈ ਉਸ ਨੇ ਉਸ ਦੀ ਗੱਲ ਨੂੰ ਵਿਚੋਂ ਟੋਕ ਦਿਤਾ ਸੀ।

ਪਰ ਕਹਿੰਦੇ ਨੇ ਉਹਦੇ ਬਚਨ ਨਾਲ ਸ਼ਹਿਜ਼ਾਦੇ ਦੀ ਲਾ-ਇਲਾਜ ਬਿਮਾਰੀ ਕਟੀ ਗਈ ਏ। ਮੈਂ ਤੇ ਕਲ ਇਥੇ ਨਹੀਂ ਸਾਂ, ਸੁਣਿਆ ਏ ਉਸ ਫ਼ਕੀਰ ਨੇ ਜ਼ਾਲਮ ਖਾਨ ਜਿਹੇ ਆਕੜ ਖਾਂਹ ਨੂੰ ਝੁਕਾ ਲਿਆ ਏ। ਬੜੀਆਂ ਖਰੀਆਂ ਖਰੀਆਂ ਸੁਣਾਈਆਂ ਨੇ ਉਸ ਨਵਾਬ ਨੂੰ ਪਰ ਨਵਾਬ ਕੁਸਕਿਆ ਹੀ ਨਹੀਂ। ਕੀ ਏਹ ਸਚ ਨਹੀਂ ? ਤੈਨੂੰ ਤੇ ਸਾਰਾ ਪਤਾ ਹੋਣਾ ਏ।"

"ਸਚ ਕੀ ਏ ? ਸ਼ਹਿਜ਼ਾਦੇ ਦੇ ਦੁਖ ਦੀ ਮਿਆਦ ਪੁੱਗ ਚੁਕੀ ਏ, ਮੈਨੂੰ ਇਕ ਜੋਤਸ਼ੀ ਨੇ ਦਸਿਆ ਸੀ ਕਿ ਫਲਾਣੇ ਦਿਨ ਤਕ ਸ਼ਹਿਜ਼ਾਦਾ ਠੀਕ ਹੋ ਜਾਏਗਾ। ਉਹੋ ਸਮਾਂ ਆ ਗਿਆ ਏ। ਇਹਦਾ ਬਚਨ ਤੇ ਐਵੇਂ ਬਹਾਨਾ ਬਣ ਗਿਆ ਏ. ਤੂੰ ਹੀ ਦਸ ਕਦੇ ਨੀਚ-ਘਰਾਂ ਦੇ ਟੁਕਰ ਖਾ ਵੀ ਕਿਸੇ ਦਾ ਰੋਗ ਟੁਟਦਾ ਏ। ਲੋਕਾਂ ਦਾ ਕੀ ਏ ? ਐਵੇਂ ਰਾਈ ਦਾ ਪਹਾੜ ਬਣਾ ਲੈਂਦੇ ਨੇ। ਉਂਝ ਹੀ ਦੁਨੀਆਂ ਦੀ ਭੇਡ ਚਾਲ ਹੁੰਦੀ ਜਿਸ ਰਾਹੇ ਇਕ ਤੁਰਿਆ ਸਾਰੇ ਹੀ ਉਸੇ ਰਾਹੇ ਟਿੱਬ ਪਏ।" ਮਲਕ ਨੇ ਮਨ ਦਾ ਸਾੜ ਕੱਢਦਿਆਂ ਆਖਿਆ।

"ਚਲ ਆ, ਵੇਖੀਏ ਤੇ ਸਹੀ।" ਉਹਦੇ ਦੋਸਤ ਨੇ ਉਸ ਨੂੰ ਬਾਹੋਂ ਫੜ ਉਠਾਂਦਿਆਂ ਆਖਿਆ ਸੀ। ਮਲਕ ਨੂੰ ਬੜਾ ਗੁੱਸਾ ਚੜ੍ਹਿਆ । ਉਹਦਾ ਦਿਲ ਕਰਦਾ ਸੀ ਉਹ ਉਹਦੇ ਦੋ ਥਪੜ ਦੇ ਮਾਰੇ। ਪਰ ਉਹਦਾ ਦੋਸਤ ਉਹਦੇ ਤੋਂ ਵੀ ਚੰਗੇ ਅਹੁਦੇ ਤੇ ਸੀ ਤੇ ਨਾਲੇ ਉਹ ਸੀ ਮੁਸਲਮਾਨ।

ਇਸ ਲਈ ਮਲਕ ਨੇ ਦਿਲ ਤਕੜਾ ਕਰ ਗੁੱਸਾ ਪੀਂਦਿਆਂ ਆਖਿਆ "ਤੂੰ ਜਾਹ ਜੇ ਜਾਣਾ ਈਂ ਤਾਂ, ਮੈਂ ਤੇ ਉਸ ਨਾਸਤਕ ਦੀ ਸੂਰਤ ਵੇਖਣਾ ਨਹੀਂ ਚਾਹੁੰਦਾ।"

"ਤੇਰੀ ਮਰਜ਼ੀ।" ਕਹਿ ਉਹਦਾ ਦੋਸਤ ਚਲਾ ਗਿਆ ਤੇ ਗੁੱਸੇ ਨਾਲ ਸੜਿਆ ਬਲਿਆ ਮਲਕ ਘੋੜਾ ਭਜਾਂਦਾ ਘਰ ਆ ਗਿਆ।

ਦੀਵਾਨ ਖ਼ਾਨੇ ਵਿਚ ਕਿੰਨੀ ਦੇਰ ਇਕੱਲਾ ਬੈਠਾ ਉਹ ਨਾਨਕ ਤੋਂ ਬਦਲਾ ਲੈਣ ਦੀ ਸੋਚਦਾ ਰਿਹਾ ਤੇ ਆਖਰ ਉਸ ਮਿਸਰ ਨੂੰ ਬੁਲਾਕੇ ਪੁਛਿਆ: "ਤੂੰ ਉਸ ਨਾਨਕ ਫ਼ਕੀਰ ਬਾਰੇ ਕੁੱਝ ਜਾਣਦਾ ਏਂ ?"

ਮਲਕ ਦੀ ਗੁਸੈਲੀ ਅਵਾਜ਼ ਤੋਂ ਮਿਸਰ ਉਹਦੀ ਰਮਜ਼ ਸਮਝ ਗਿਆ ਸੀ। ਨੱਕ ਮੂੰਹ ਚੜ੍ਹਾਂਦਾ ਬੋਲਿਆ : "ਉਸ ਕੁਰਾਹੀਏ ਦੀ ਗੱਲ ਕਰਦੇ ਹੋ, ਮਹਾਰਾਜ।"

"ਹਾਂ।"

"ਨਹੀਂ, ਮਹਾਰਾਜ ਉਹਦੇ ਬਾਰੇ ਕੀ ਜਾਣਨਾ ਏ। ਸਿਆਣੇ ਆਖਦੇ ਨੇ ਜਿਸ ਪਾਸੇ ਜਾਣਾ ਈਂ ਨਹੀਂ ਉਹਦਾ ਰਾਹ ਕਾਹਨੂੰ ਪੁਛਣਾ ਹੋਇਆ।" ਮਿਸਰ ਨੇ ਆਪਣੀ ਚਤੁਰਾਈ ਪ੍ਰਗਟਾਂਦਿਆਂ ਆਖਿਆ।

"ਪਰ ਜੇ ਉਹ ਰਾਹ ਬੰਦ ਕਰਨਾ ਹੋਵੇ ਤਾਂ ?" ਮਲਕ ਭਵਾਂ ਚੜ੍ਹਾ ਕੈਰੀ ਨਜ਼ਰੇ ਮਿਸਰ ਵਲ ਤਕਦਿਆਂ ਬੋਲਿਆ।

ਮਿਸਰ ਨੂੰ ਕੁਝ ਸਮਝ ਨਹੀਂ ਆਈ। ਉਹ ਸੋਚੀਂ ਪੈ ਗਿਆ। ਉਹਨੂੰ ਕੁੱਝ ਸੁੱਝ ਨਹੀਂ ਸੀ ਰਿਹਾ ਕਿ ਉਹ ਜਵਾਬ ਵਿਚ ਕੀ ਆਖੇ।

"ਮੈਂ ਕੀ ਪੁਛਿਆ ਏ ਮਿਸਰ ?"

"ਮਲਕ ਦੀ ਗਰਜ ਵਰਗੀ ਆਵਾਜ਼ ਸੁਣ ਮਿਸਰ ਕੰਬ ਗਿਆ। ਝਟਪੱਟ ਹੱਥ ਜੋੜ ਬੜੀ ਨਿਮਰਤਾ ਨਾਲ ਬੋਲਿਆ : "ਮਹਾਰਾਜ, ਖਿਮਾ ਕਰਨਾ ਮੈਂ ਤੁਹਾਡਾ ਭਾਵ ਨਹੀਂ ਸਮਝਿਆ"...ਕਿ ਜੇ ਉਹ ਰਾਹ ਬੰਦ ਕਰਨਾ ਹੋਵੇ ਤਾਂ...ਤੁਹਾਡਾ ਭਾਵ ਕਿਤੇ ਨਾਨਕ...

"ਹਾਂ ਹਾਂ,ਮੈਂ ਉਸ ਪਾਖੰਡੀ ਨੂੰ ਇਸ ਨਗਰ 'ਚੋਂ ਭਜਾ ਦੇਣਾ ਚਾਹੁਨਾਂ, ਉਸ ਮੇਰੀ ਹੱਤਕ ਕੀਤੀ ਏ।"

"ਤੁਹਾਡੀ ਹੱਤਕ ਹਜ਼ੂਰ ? ਉਹ ਕਿਵੇਂ ?" ਹੈਰਤ ਨਾਲ ਮਲਕ ਦੇ ਸੁਰਖ ਚਿਹਰੇ ਵਲ ਤਕਦਿਆਂ ਮਿਸਰ ਨੇ ਪੁਛਿਆ।

ਮਲਕ ਸੋਚੀਂ ਪੈ ਗਿਆ : ਮੈਨੂੰ ਇਹ ਗੱਲ ਮਿਸਰ ਸਾਹਵੇਂ ਨਹੀਂ ਸੀ ਕਰਨੀ ਚਾਹੀਦੀ। ਹੁਣ ਇਹਨੂੰ ਕੀ ਜਵਾਬ ਦਿਆਂ। ਆਪਣੇ ਮੂੰਹੋਂ ਕਿਵੇਂ ਦਸਾਂ ਕਿ ਮੈਨੂੰ ਇਸ ਨਾਨਕ ਨੇ ਨਵਾਬ ਕੋਲੋਂ... ..ਨਹੀਂ ਨਹੀਂ ਇਸ ਨੂੰ ਏਸ ਗੱਲ ਦਾ ਪਤਾ ਨਹੀਂ ਲੱਗਣਾ ਚਾਹੀਦਾ, ਸੋਚ ਮਲਕ ਨੇ ਬੜੀ ਹੁਸ਼ਿਆਰੀ ਨਾਲ ਪੈਂਤੜਾ ਬਦਲ ਲਿਆ : ਉਹ ਮੇਰੀ ਹੀ ਨਹੀਂ ਸਾਰੇ ਹਿੰਦੂਆਂ ਦੀ ਹੱਤਕ ਕਰ ਰਿਹਾ ਏ। ਉਹ ਹਿੰਦੂ ਹੋ ਕੇ ਹਿੰਦੂ ਧਰਮ ਨੂੰ ਨਿੰਦਦਾ ਫਿਰਦਾ ਏ। ਮੁਸਲਮਾਨ ਨੂੰ ਸਾਥੀ ਬਣਾਈ ਫਿਰਦਾ ਏ, ਉਹਦੇ ਨਾਲ ਇਕੱਠਾ ਖਾਂਦਾ ਪੀਂਦਾ ਏ। ਏਹਨੇ ਹਿੰਦੂ ਧਰਮ ਭਰਸ਼ਟ ਕਰ ਦਿਤਾ ਏ। ਨੀਵੀਆਂ ਜ਼ਾਤਾਂ ਦੇ ਹਿੰਦੂਆਂ ਦਾ ਦਿਮਾਗ ਖ਼ਰਾਬ ਕਰ ਰਿਹਾ ਏ। ਉਹਨਾਂ ਨੂੰ ਕਹਿੰਦਾ ਏ ਤੁਸੀਂ ਕਿਸੇ ਤੋਂ ਹੀਨ ਨਹੀਂ ਕਿਸੇ ਤੋਂ ਮਾੜੇ ਨਹੀਂ।.. ਇਹੋ ਜਿਹੇ ਬੰਦੇ ਨੂੰ ਨਗਰ ਵਿਚ ਨਹੀਂ ਰਹਿਣ ਦੇਣਾ ਚਾਹੀਦਾ।"

"ਸੱਚ ਆਖਦੇ ਹੋ ਮਹਾਰਾਜ। ਅਜਿਹੇ ਫਕੀਰ ਦਾ ਨਗਰ ਵਿਚ ਰਹਿਣਾ ਦੁਖਦਾਇਕ ਹੈ। ਮੈਨੂੰ ਜੋ ਹੁਕਮ ਕਰੋ ਮੈਂ ਹਾਜ਼ਰ ਹਾਂ। ਮੇਰੇ ਲਈ ਏਹ ਤੇ ਮਾਮੂਲੀ ਜਿਹਾ ਕੰਮ ਏ। ਲੋਕੀਂ ਤੇ ਪਹਿਲੇ ਹੀ ਉਹਦੇ ਖਿਲਾਫ਼ ਨੇ।"

"ਨਹੀਂ ਮਿਸਰ ! ਪਾਸਾ ਪਲਟ ਚੁਕਾ ਏ। ਹੁਣ ਬਹੁਤੇ ਲੋਕ ਉਹਦੇ ਨਾਲ ਨੇ। ਸ਼ਹਿਜ਼ਾਦੇ ਦੀ ਜਾਨ ਬਚਾਣ ਕਾਰਨ ਨਵਾਬ ਵੀ ਉਹਦਾ ਮੁਰੀਦ ਹੋ ਚੁਕਾ ਏ।"

"ਉਹਦੇ ਨਾਲ ਨੀਚ-ਕਮੀਨ ਹੀ ਨੇ ਮਹਾਰਾਜ। ਬੰਦਾ ਕੋਈ ਨਹੀਂ ਭਲਾ ਉਚੀਆਂ ਜ਼ਾਤਾਂ ਵਾਲੇ ਉਹਦੇ ਨਾਲ ਕਿਵੇਂ ਹੋ ਸਕਦੇ ਨੇ ? ਉਹ ਤੇ ਉਹਨਾਂ ਦਾ ਦੁਸ਼ਮਣ ਏ। ਕਲ ਦਵਾਰਕਾ ਜੀ ਤੋਂ ਆਇਆ ਪਰੋਹਿਤ ਚਰਨਦਾਸ ਕਹਿ ਰਿਹਾ ਸੀ ਕਿ ਨਾਨਕ ਲੋਕਾਂ ਨੂੰ ਪੁਠੇ ਰਾਹ ਪਾ ਰਿਹਾ ਏ ਜੇ ਇਹਨੂੰ ਰੋਕਿਆ ਨਾ ਗਿਆ ਤਾਂ ਹਿੰਦੂ ਧਰਮ ਤਬਾਹ ਹੋ ਜਾਇਗਾ। ਇਹਦਾ ਕੋਈ ਬੰਦੋਬਸਤ ਹੋਣਾ ਚਾਹੀਦਾ ਏ।"

"ਸੱਚ।"

"ਹਾਂ ਮਹਰਾਜ ਜੇ ਆਖੋ ਤਾਂ ਚਰਨਦਾਸ ਹੋਰਾਂ ਨੂੰ ਬੁਲਾ ਲਿਆਵਾਂ। ਉਹਨਾਂ ਨਾਲ ਗੱਲ ਕਰ ਲਉ।"

''ਨਹੀਂ । ਅਜੇ ਤੂੰ ਰਹਿਣ ਦੇ । ਪਹਿਲੇ ਇਕ ਹੋਰ ਕੰਮ ਕਰ, ਹੋ ਸਕਦਾ ਏ ਸਾਨੂੰ ਕਿਸੇ ਦੀ ਸਹਾਇਤਾ ਦੀ ਲੋੜ ਹੀ ਨਾ ਪਵੇ ।'' ਕਹਿੰਦਿਆਂ ਮਲਕ ਦਾ ਚਿਹਰਾ ਚਮਕ ਉਠਿਆ ।

''ਹੁਕਮ ਕਰੋ, ਮਹਾਰਾਜ । ਦਾਸ ਹਰ ਸੇਵਾ ਲਈ ਹਾਜ਼ਰ ਏ।'' ਮਿਸਰ ਨੇ ਸਿਰ ਝੁਕਾ ਕੇ ਆਖਿਆ ।

''ਤੂੰ ਅਜ ਰਾਤ ਭੇਸ ਵਟਾ ਕੇ ਨਾਨਕ ਦੇ ਡੇਰੇ ਰਹੁ । ਤੇ ਉਹ ਹਕੂਮਤ ਤੇ ਧਰਮ ਦੇ ਖਿਲਾਫ਼ ਜਿੰਨੀਆਂ ਗੱਲਾਂ ਕਰੇ ਉਹ ਲਿਖਦਾ ਜਾਹ । ਪਰ ਇਕ ਗੱਲ ਦਾ ਖ਼ਿਆਲ ਰਖੀਂ, ਕਿਸੇ ਨੂੰ ਪਤਾ ਨਾ ਲੱਗੇ । ਮੈਨੂੰ ਸ਼ੱਕ ਏ ਕਿ ਨਾਨਕ ਫ਼ਕੀਰ ਨਹੀਂ, ਬਾਗੀ ਏ ?''

''ਜੋ ਹੁਕਮ ਮਹਾਰਾਜ, ਪਰ ਇਹਦੇ ਨਾਲ......''

''ਤੂੰ ਨਹੀਂ ਸਮਝਦਾ ਮਿਸਰ, ਮੈਂ ਬ੍ਰਾਹਮਣਾਂ ਤੇ ਕਾਜ਼ੀਆਂ ਕੋਲੋਂ ਉਹਦੇ ਵਿਰੁਧ ਫਤਵਾ ਦਵਾ ਉਸ ਨੂੰ ਏਸ ਨਗਰ 'ਚੋਂ ਕਢ ਦੇਣ ਲਈ ਮਜਬੂਰ ਕਰ ਦਿਆਂਗਾ ।''

''ਧੰਨ ਹੋ ਮਹਾਰਾਜ, ਧੰਨ ਹੋ । ਮੈਂ ਨਾਚੀਜ਼ ਦੇ ਦਿਮਾਗ ਵਿਚ ਏਹ ਗੱਲ ਕਿਵੇਂ ਆ ਸਕਦੀ ਏ, ਹੱਛਾ ਮੈਨੂੰ ਆਗਿਆ ਦਿਉ ਮੈਂ ਜਾਵਾਂ ।''

''ਹਾਂ, ਤੂੰ ਜਾਹ ਪਰ ਸਵੇਰ ਤੋਂ ਪਹਿਲਾਂ ਪਹਿਲਾਂ ਮੈਨੂੰ ਖ਼ਬਰ ਕਰੀਂ ।''

''ਬਹੁਤ ਹੱਛਾ ਮਹਾਰਾਜ, ਨਮਸ਼ਕਾਰ ।'' ਕਹਿ ਸੀਸ ਨਿਵਾ ਮਿਸਰ ਚਲਾ ਗਿਆ।''

"ਕੀ ਖ਼ਬਰ ਲਿਆਇਐਂ ਮਿਸਰ ?" ਮਲਕ ਨੇ ਪਲੰਘ ਦੀ ਢੋਹ ਨਾਲ ਢਾਸਣਾ ਲਾ ਕੇ ਬਾਹਿੰਦਿਆਂ ਪੁਛਿਆ ।

"ਤੁਸੀਂ ਸੱਚ ਆਂਹਦੇ ਸਾਉ ਮਹਾਰਾਜ, ਉਹ ਫ਼ਕੀਰਾਂ ਵਰਗਾ ਫ਼ਕੀਰ ਨਹੀਂ । ਇਹੋ ਜਿਹਾ ਫ਼ਕੀਰ ਮੈਂ ਆਪਣੀ ਜ਼ਿੰਦਗੀ ਵਿਚ ਨਹੀਂ ਜੇ ਵੇਖਿਆ ।"

"ਤੇਰਾ ਵੀ ਇਹੋ ਖ਼ਿਆਲ ਏ ?"

"ਹਾਂ ਮਹਾਰਾਜ, ਇਹ ਗੱਲਾਂ ਆਨੇ ਸੱਚ ਜੇ ਕਿ ਉਹ ਆਮ ਫ਼ਕੀਰਾਂ ਵਰਗਾ ਫ਼ਕੀਰ ਨਹੀਂ ।" ਸੁਣ ਕੇ ਮਲਕ ਦੇ ਮਨ ਨੂੰ ਇਕ ਅਜਬ ਜਿਹੀ ਖ਼ੁਸ਼ੀ ਦਾ ਅਨੁਭਵ ਹੋਇਆ । ਨਾਨਕ ਬਾਰੇ ਉਸ ਗਲਤ ਨਹੀਂ ਸੀ ਸੋਚਿਆ । ਮਿਸਰ ਵੀ ਉਹਦੇ ਨਾਲ ਸਹਿਮਤ ਸੀ । ਇਸ ਲਈ ਉਸ ਨੇ ਖ਼ੁਸ਼ੀ ਨਾਲ ਮੁਸਕਰਾਂਦਿਆਂ ਪੁਛਿਆ : "ਤੂੰ ਉਹਦੇ ਅਜੀਬ-ਚਾਲੇ ਵੇਖ ਲਏ ਨੇ ਨਾ ?"

"ਹਾਂ ਮਹਾਰਾਜ, ਉਹ ਆਪਣੇ ਆਪ ਨੂੰ ਫ਼ਕੀਰ ਆਖਦਾ ਏ, ਪਰ ਕਿਸੇ ਤੋਂ ਭਿਛਿਆ ਨਹੀਂ ਲੈਂਦਾ, ਕਿਸੇ ਤੋਂ ਮੱਥਾ ਨਹੀਂ ਟਿਕਾਂਦਾ । ਉਚ ਨੀਚ ਨੂੰ ਨਹੀਂ ਮੰਨਦਾ । ਨੀਚਾਂ ਤੋਂ ਨੀਚ ਬੰਦੇ ਨੂੰ ਵੀ ਆਪਣੇ ਤੋਂ ਉਚਾ ਕਹਿੰਦਾ ਏ ! ਉਹ ਉਪਦੇਸ਼ ਨਹੀਂ ਕਰਦਾ, ਚਰਨਾਮਿਤ ਨਹੀਂ ਦੇਂਦਾ । ਲੋਕਾਂ ਨੂੰ ਕੁਝ ਕਹਿਣ ਦਾ ਬੜਾ ਅਨੋਖਾ-ਢੰਗ ਏ ਉਹਦਾ, ਮਹਾਰਾਜ । ਉਹ ਅੱਖਾਂ ਮੀਟ ਆਪਣੇ ਮਨ ਨਾਲ ਕਵਿਤਾ ਵਿਚ ਉਚੀ ਉਚੀ ਗੱਲਾਂ ਕਰਦਾ ਏ ।

ਜਦੋਂ ਮੈਂ ਰਾਤੀਂ ਉਥੇ ਪੁਜਾ ਤਾਂ ਕੀ ਵੇਖਿਆ, ਮਹਾਰਾਜ ਕਿ ਉਥੇ ਕੋਈ ਛੰਨ-ਛੱਪਰ ਨਹੀਂ ਸੀ । ਅਪਧਰ ਤੇ ਪਥਰੀਲੀ ਧਰਤ ਤੇ ਉਹਦੇ ਦੁਆਲੇ ਆਸਣ ਲਾਈ ਬੈਠੇ ਲੋਕ ਪਾਲੇ ਨਾਲ ਠਰ ਰਹੇ ਸਨ ਪਰ ਕੋਈ

ਹਿਲਦਾ ਨਹੀਂ ਸੀ । ਤੇ ਵਿਚਕਾਰ ਬੈਠਾ ਨਾਨਕ ਤੇ ਉਹਦਾ ਸਾਥੀ ਮਰਦਾਨਾ ਰਬਾਬ ਨਾਲ ਬੜੀ ਉਚੀ ਸੁਰ ਵਿਚ ਗਾ ਰਿਹਾ ਸੀ :

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ, ਵੇਲਾ ਹੈ ਏਹ ।।
ਜਬ ਲਗੁ ਜੋਬਨੁ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ।।
ਬਿਨ ਗੁਣ ਕਾਮ ਨਾ ਆਵਈ ਢਹਿ ਢੇਰੀ ਤਨ ਖੇਹ ।।
ਮੇਰੇ ਮਨ ਲੈ ਲਾਹਾ ਘਰੁ ਜਾ । ਗੁਰਮੁਖ ਨਾਮੁ ਸਲਾਹੀਐ
ਹਉਮੈ ਨਿਵਰੀ ਭਾਹਿ ।।

ਤੇ ਲੋਕ ਪਥਰ ਦੇ ਬੁਤਾਂ ਵਾਂਗ ਅਡੋਲ ਬੈਠੇ ਸਨ ।

"ਤੇ ਤੂੰ ਵੀ ਉਥੇ ਪਥਰ ਦਾ ਬੁਤ ਬਣ ਕੇ ਬਹਿ ਗਿਉਂ ? ਹੈਂ ਨਾ ?

ਮਲਕ ਦੀ ਇਸ ਅਵਾਜ਼ ਨੇ ਉਸਨੂੰ ਸਿਰ ਤੋਂ ਲੈ ਪੈਰਾ ਤਕ ਕੰਬਾਂ ਦਿਤਾ । "ਨਹੀਂ ਮਹਾਰਾਜ, ਨਹੀਂ ਮਹਾਰਾਜ" ਘਬਰਾਹਟ ਨਾਲ ਉਹਦਾ ਰੰਗ ਉੱਡ ਗਿਆ ।

ਮਲਕ ਨ ਉਹਦੀ ਅਵਾਜ਼ ਜਿਵੇਂ ਸੁਣੀ ਨਹੀਂ । ਉਵੇਂ ਹੀ ਗੁੱਸੇ ਵਿਚ ਭਖਦਾ ਬੋਲਿਆ: 'ਪਤਾ ਨਹੀਂ ਉਹਦੇ ਕੋਲ ਕੀ ਜਾਦੂ ਏ ਜਿਹੜਾ ਉਹਨੂੰ ਇਕ ਵਾਰ ਵੇਖ ਲੈਂਦਾ ਏ ਉਹ ਹੀ ਸੁਧ ਬੁਧ ਗਵਾ ਬਹਿੰਦਾ ਏ । ਤੈਨੂੰ ਕਿਸ ਕੰਮ ਭੇਜਿਆ ਸੀ ?"

"ਮੈਂ ਆਪਣਾ ਕੰਮ ਪੂਰਾ ਕਰਕੇ ਆਇਆਂ ਮਹਾਰਾਜ ।"

"ਸੁਆਹ ਪੂਰਾ ਕਰਕੇ ਆਇਆ ਹੋਵੇਂਗਾ। ਜਿਥੇ ਜਾ ਕੇ ਬੰਦੇ ਦੇ ਮਨ ਵਿਚ ਸ਼ਰਧਾ ਜਾਗ ਪਏ, ਉਥੇ ਸੋਚ ਕੰਮ ਨਹੀਂ ਕਰਦੀ ।

"ਸੱਚ ਆਖਦੇ ਹੋ ਮਹਾਰਾਜ, ਪਰ ਤੁਹਾਡਾ ਦਾਸ ਹਕੀਕਤ ਨੂੰ ਕਦੇ ਭੁਲਦਾ ਨਹੀਂ ।"

"ਤਾਂ ਦਸ ਕੀ ਖ਼ਬਰ ਲਿਆਇਆ ਏਂ । ਛੇਤੀ ਦਸ ।"

ਮਹਾਰਾਜ ਜਦੋਂ ਅੱਧੀ ਨੂ ਰਾਤ ਵੇਲੇ ਉਸ ਗਾਉਣਾ ਛਡਿਆ ਤਾਂ ਬਹੁਤੇ ਲੋਕੀਂ ਉਠ ਕੇ ਘਰਾਂ ਨੂੰ ਤੁਰ ਪਏ ਪਰ ਉਹ ਆਪਣੀ ਥਾਂ ਤੋਂ ਨਹੀਂ ਹਿਲਿਆ । ਜਦੋਂ ਭੀੜ ਕੁੱਝ ਘਟ ਗਈ ਤਾਂ ਮੈਂ ਕੀ ਵੇਖਿਆ ਕਿ ਅਪਣੇ ਇਲਾਕੇ ਦੇ ਵਿਦਵਾਨ ਤੇ ਧਰਮਾਤਮਾਂ ਪੁਰਸ਼ ਨਾਨਕ ਦੇ ਦੁਆਲੇ ਘੇਰਾ ਘੱਤ ਕੇ ਬੈਠ ਗਏ-ਸ਼ੇਖ, ਸੱਯਦ, ਮੁਲਾਂ, ਕਾਜ਼ੀ, ਜੋਗੀ, ਜਤੀ ਸਰੇਵੜੇ, ਗੋਰਖ ਮਤੀਏ, ਸੂਫੀ, ਸੰਨਿਆਸੀ, ਬ੍ਰਹਮਚਾਰੀ ਤੇ ਆਪਣੇ ਮੰਨੇ ਪ੍ਰਮੰਨੇ ਪਰੋਹਿਤ ਜੀ

ਸਾਰੇ ਲਗੇ ਵਾਰੋਂ ਵਾਰੀ ਨਾਨਕ ਨੂੰ ਸਵਾਲ ਕਰਨ।

"ਹੱਛਾ—ਫੇਰ ?"

"ਸਭ ਤੋਂ ਪਹਿਲਾਂ ਆਪਣੇ ਪਰੋਹਿਤ ਜੀ ਬੋਲੇ: ਤੂੰ ਕਿਹੋ ਜਿਹਾ ਸਾਧ ਏਂ, ਨਾ ਤੇਰੇ ਗੱਲ ਤੁਲਸੀ-ਮਾਲਾ ਏ, ਨ ਤੇਰੇ ਹਥ ਜਪਣੀ ਏ, ਨਾ ਤੇਰੇ ਕੋਲ ਸ਼ਾਲਗ੍ਰਾਮ ਏ। ਹਿੰਦੂਆਂ ਵਾਲੀ ਤੇਰੀ ਕੋਈ ਰਹੁ-ਰੀਤ ਨਹੀਂ, ਤੇਰਾ ਪਾਰ ਉਤਾਰਾ ਕਿਵੇਂ ਹੋਵੇਗਾ।" ਤਾਂ ਮੁਸਕਰਾ ਕੇ ਕਹਿਣ ਲਗਾ: "ਇਹ ਸਭ ਵਿਖਾਵੇ ਦੀਆ ਵਸਤਾਂ ਹਨ। ਸ਼ੁਭ ਕਰਮਾਂ ਦੀ ਬੇੜੀ ਹੀ ਮਨੁਖ ਦਾ ਪਾਰ ਉਤਾਰਾ ਕਰਦੀ ਏ।" ਫ਼ੇਰ ਕਾਜ਼ੀ ਜੀ ਨੇ ਪੁਛਿਆ: ਹੇ ਨਾਨਕ, ਖ਼ੁਦਾ ਦੀ ਦਰਗਾਹ ਵਿਚ ਕੇਵਲ ਦੋ ਗੱਲਾਂ ਹੀ ਕਬੂਲ ਹੁਦੀਆਂ ਨੇ :—ਇਕ ਖ਼ੁਦਾ ਦੀ ਬੰਦਗੀ ਤੇ ਦੂਸਰਾ ਉਹਦਾ ਰਸੂਲ: ਹਜ਼ਰਤ ਮੁਹੰਮਦ ਤੇ ਈਮਾਨ। ਤੈਨੂੰਦੂਜੀ ਗੱਲ ਪ੍ਰਵਾਨ ਨਹੀਂ, ਨਾ ਤੂੰ ਕੁਰਾਨ ਦਾ ਹਾਫਿਜ਼ ਹੈਂ। ਤੈਨੂੰ ਸੁਆਬ ਨਹੀਂ ਮਿਲ ਸਕਦਾ।" ਤਾਂ ਕਹਿਣ ਲਗਾ "ਮੈਂ ਨਿਤਨੇਮ ਨਾਲ ਸ਼ੁਭ ਕਰਮਾਂ ਦਾ ਕੁਰਾਨ ਪੜ੍ਹਦਾ ਹਾਂ, ਰੱਬ ਦੀ ਰਜ਼ਾ ਵਿਚ ਰਹਿੰਦਾ ਹਾਂ। ਉਧ ਇਕੋ ਅਕਾਲ ਪੁਰਖ ਨੂੰ ਮੰਨਦਾ ਹਾਂ ਜਿਹੜਾ ਆਦਿ ਜੁਗਾਦਿ ਤੋਂ ਸੱਚ ਹੈ ਤੇ ਰਹੇਗਾ।" ਤੇ ਜਿਸ ਦਾ ਹੋਰ ਕੋਈ ਸ਼ਰੀਕ ਨਹੀਂ। ਕਾਜ਼ੀ ਨੂੰ ਕੋਈ ਜਵਾਬ ਨਾ ਔੜਿਆ ਉਹ ਚੁਪ ਹੋ ਗਿਆ ਪਰ ਸੱਯਦ ਇਕਬਾਲ ਖ਼ਾਨ ਬੋਲ ਪਿਆ: ਹੇ ਨਾਨਕ ਕੀ ਤੂੰ ਏਹ ਨਹੀਂ ਮੰਨਦਾ ਕਿ ਜਿਵੇਂ ਤੇਲ ਬਿਨਾਂ ਦੀਵਾ ਨਹੀਂ ਜਲਦਾ, ਤਿਵੇਂ ਹੀ ਪਾਕ-ਕੁਰਾਨ ਬਿਨਾਂ ਚਾਨਣ ਨਹੀਂ ਹੁੰਦਾ।" ਨਾਨਕ ਨੇ ਕੁੱਝ ਦੇਰ ਲਈ ਮੌਨ ਧਾਰ ਲਈ। ਸਾਰਿਆਂ ਸਮਝਿਆ ਨਾਨਕ ਨਿਰ-ਉਤਰ ਹੋ ਗਿਆ ਹੈ। ਉਹ ਹਸ ਹਸ ਆਖਣ ਲਗ ਪਏ "ਹੁਣ ਜਵਾਬ ਦੇਹ ਨਾਨਕ, ਚੁਪ ਕਿਉਂ ਹੋ ਗਿਆ।" ਨਾਨਕ ਮੁਸਕਰਾਕੇ ਬੋਲਿਆ: ਨਿਰਾ ਤੇਲ ਰੋਸ਼ਨੀ ਨਹੀਂ ਦੇਂਦਾ। ਤੇਲ ਵਿਚ ਪੈ ਬੱਤੀ ਆਪਾ ਬਾਲਕੇ ਰੌਸ਼ਨੀ ਕਰਦੀ ਏ। ਤੇਲ ਨਾਲੋਂ ਬੱਤੀ ਦਾ ਜ਼ਿਆਦਾ ਮਹਤ੍ਵ ਹੈ। ਆਤਮਾ-ਰੂਪੀ ਬੱਤੀ ਬਿਨਾ ਕੋਈ ਪੁਰਾਨ-ਕੁਰਾਨ ਮਨੁਖ ਨੂੰ ਚਾਨਣ ਨਹੀਂ ਬਖਸ਼ਦੇ।" ਨਾਨਕ ਦੀ ਏਹ ਗੱਲ ਸੁਣਕੇ ਸ਼ੇਖ ਤੜਫ਼ ਉਠਿਆ, ਕਹਿਣ ਲਗਾ: ਨਾਨਕ ਤੂੰ ਕੁਫ਼ਰ ਦੀਆਂ ਗੱਲਾਂ ਕਰਦਾ ਏਂ। ਤੇਰਾ ਗੁਰੂ ਪੀਰ ਕੌਣ ਏ ? ਤੇਰੀ ਜ਼ਾਤ ਕੀ ਏ ?"

"ਫ਼ੇਰ ਉਸਨੇ ਕੀ ਕਿਹਾ ?"

"ਕਹਿਣ ਲਗਾ, ਮੇਰੀ ਜ਼ਾਤ ਉਹੀ ਏ ਜੋ ਪੌਣ ਪਾਣੀ ਦੀ ਜ਼ਾਤ ਏ...ਜੋ ਦੋਸਤ ਤੇ ਦੁਸ਼ਮਣ ਨੂੰ ਇਕ ਸਮਾਨ-ਜਾਣਦੇ ਨੇ । ਆਤਮਾ ਮੇਰਾ ਗੁਰੂ ਹੈ ਤੇ ਮੈਂ ਸਚੇ ਸਾਹਿਬ ਦਾ ਮੁਰੀਦ ਹਾਂ ।" ਹੁਣ ਸੂਫ਼ੀ ਫ਼ਕੀਰ ਦੀ ਵਾਰੀ ਆਈ, ਉਹ ਕ੍ਰੋਧ ਨਾਲ ਅੱਖਾਂ ਲਾਲ ਕਰਕੇ ਬੋਲਿਆ: "ਹੇ ਨਾਨਕ ਤੂੰ ਲੋਕਾਂ ਨਾਲ ਫਰੇਬ ਕਿਉਂ ਕਰ ਰਿਹਾ ਏਂ । ਤੂੰ ਗ੍ਰਿਹਸਤੀ ਹੋ ਫ਼ਕੀਰ ਸਦਵਾਨਾਂ ਏਂ । ਨਾ ਤੇਰਾ ਫਕੀਰਾਂ ਵਾਲਾ ਭੇਸ ਏ ਨਾਂ ਤੂੰ ਸਿਰ ਮੁਨਾਇਆ ਏ?" ਤਾਂ ਅਗੋਂ ਕਹਿਣ ਲਗਾ ਮੈਂ ਸਿਰ ਨਹੀਂ ਮਨ ਮੁਨਾਇਆ ਹੈ ਕਿਉਂਕਿ ਸਾਰੇ ਵਿਸ਼ੇ-ਵਿਕਾਰ ਮਨ 'ਚੋਂ ਹੀ ਉਪਜਦੇ ਹਨ ਤੇ ਮਨ ਵਿਚ ਹੀ ਪਲਦੇ ਹਨ ।"

ਨਾਨਕ ਤੋਂ ਟੱਕੇ ਟੱਕੇ ਦੇ ਜਵਾਬ ਸੁਣ ਸਾਰੇ ਚੁਪ ਹੋ ਗਏ । ਪਸ਼ੇਮਾਨ ਤੇ ਹੈਰਾਨ ਹੋਏ ਉਹ ਇਕ ਦੂਜੇ ਦੇ ਮੂੰਹ ਵਲ ਝਾਕਣ ਲਗ ਪਏ । ਤੇ ਫ਼ੇਰ ਨਾਥ ਜੀ ਬੋਲੇ "ਹੇ ਨਾਨਕ ਤੂੰ ਫ਼ਕੀਰ ਏਂ, ਕੋਈ ਕਰਾਮਾਤ ਵਿਖਾ ।"

"ਫੇਰ ਉਸ ਨੇ ਕੀ ਕਰਾਮਾਤ ਦਿਖਾਈ ?" ਮਲਕ ਨੇ ਉਤਸੁਕਤਾ ਨ ਪੁਛਿਆ ।

"ਕੋਈ ਵੀ ਨਹੀਂ ।" ਕਹਿਣ ਲਗਾ, "ਕਰਾਮਾਤ ਫ਼ਕੀਰ ਦਾ ਕਰਮ ਨਹੀਂ, ਕਰਾਮਾਤ ਕਹਿਰ ਦਾ ਨਾਂ ਏ ।"

"ਤੁਸੀਂ ਫ਼ਕੀਰ ਕਿਵੇਂ ਹੋ ? ਫ਼ਕੀਰ ਤੇ ਸਤਿ-ਪੁਰਸ਼ ਹੁੰਦਾ ਏ, ਜੋ ਕਿਸੇ ਜੀਵ ਨੂੰ ਦੁਖਾਂਦਾ ਨਹੀਂ । ਨਾ ਤੁਸੀਂ ਪਾਣੀ ਛਾਣ ਕੇ ਪੀਂਦੇ ਹੋ। ਤਾਜ਼ਾ ਅੰਨ ਖਾ ਲੈਂਦੇ ਹੋ ? ਤੁਸੀਂ ਜੀਵਾਂ ਦਾ ਮਾਸ ਵੀ ਖਾਂਦੇ ਹੋ ।" ਆਖ਼ਰ ਇਕ ਸਰੇਵੜਾ ਜੋ ਬੜੇ ਧਿਆਨ ਨਾਲ ਸਾਰੀ ਵਾਰਤਾਲਾਪ ਸੁਣ ਰਿਹਾ ਸੀ, ਬੋਲ ਹੀ ਪਿਆ ।

ਨਾਨਕ ਨੇ ਇਸ ਵਾਰ ਉਤਰ ਦੇਣ ਦੀ ਬਜਾਏ ਉਲਟਾ ਉਸ ਨੂੰ ਸਵਾਲ ਕੀਤਾ । ਕਹਿਣ ਲੱਗਾ : ਹੇ ਪੁਰਖਾ ! ਤੂੰ ਏਹ ਦੱਸ ਕਿ ਕਿਹੜੀ ਵਸਤ ਜੀਵ-ਰਹਿਤ ਹੈ । ਹਵਾ ਵਿਚ, ਪਾਣੀ ਵਿਚ, ਅੰਨ ਵਿਚ, ਜੀਵ, ਕਿਦੇ ਵਿਚ ਨਹੀਂ ? ਜੀਵਨ ਦਾ ਚੱਕਰ ਹੀ ਏਸ ਹਿਸਾਬ ਨਾਲ ਚਲਦਾ ਹੈ ਕਿ ਲੋੜੀਦਾ ਉਪਜਦਾ ਜਾਂਦਾ ਹੈ ਤੇ ਬੇਲੋੜਾ ਬਿਨਸਦਾ ਜਾਂਦਾ ਹੈ । ਇਹ ਸਭ ਅਕਾਲ ਪੁਰਖ ਦੇ ਭਾਣੇ ਅਨੁਸਾਰ ਵਰਤਦਾ ਹੈ । ਨਾਲੇ ਰੱਬ ਦੀਆਂ ਬਖਸ਼ੀਆਂ ਵਸਤਾਂ ਖਾਣ ਵਿਚ ਕੋਈ ਗੁਨਾਹ ਨਹੀਂ

ਪਰ ਇਕ ਗੱਲ ਸਾਫ਼ ਤੇ ਸਪਸ਼ਟ ਹੈ ਕਿ ਮੰਗ ਮੰਗ ਕੇ ਝੂਠੇ ਟੁੱਕਰ ਖਾਂਦਿਆਂ ਰੱਬ ਨਹੀਂ ਮਿਲਦਾ।"

ਸਾਰਿਆਂ ਦੇ ਮੂੰਹਾਂ ਨੂੰ ਜਿਵੇਂ ਤਾਲੇ ਵਜ ਗਏ। ਨਿੰਮੋਝੂਣੇ ਹੋ ਸਾਰੇ ਉਠ ਖਲੋਤੇ। ਜਦੋਂ ਉਹ ਤੁਰੇ ਤਾਂ ਨਾਨਕ ਕਾਜ਼ੀਆਂ ਬ੍ਰਾਹਮਣਾਂ ਨੂੰ ਗਾਲ੍ਹਾਂ ਕੱਢਣ ਲਗ ਪਿਆ।"

"ਗਾਲ੍ਹਾਂ ?"

"ਹਾਂ ਮਹਾਰਾਜ ਕਹਿਣ ਲਗਾ :

ਕਾਦੀ ਕੂੜ ਬੋਲ ਮਲ ਖਾਇ।
ਬ੍ਰਾਹਮਣ ਨਾਵੈ ਜੀਆ ਘਾਇ।
ਜੋਗੀ ਜੁਗਤਿ ਨ ਜਾਣੈ ਅੰਧ।
ਤੀਨੇ ਉਜਾੜੇ ਕਾ ਬੰਧ।

ਸੁਣ ਕੇ ਸਾਰਿਆਂ ਨੂੰ ਬਹੁਤ ਗੁੱਸਾ ਚੜ੍ਹਿਆ, ਕਾਜ਼ੀ ਤਾਂ ਉਥੇ ਹੀ ਅੱਬਾ ਤੱਬਾ ਬੋਲਣ ਲਗ ਪਿਆ।

"ਕੀ ਕਹਿੰਦਾ ਸੀ ?"

"ਕਹਿੰਦਾ ਸੀ, ਇਹ ਕਾਫ਼ਰ ਹੈ ਇਸਲਾਮ ਦੀ ਤੌਹੀਨ ਕਰਦਾ ਏ, ਮੈਂ ਇਹਦੇ ਵਿਰੁਧ ਜਹਾਦ ਦਾ ਝੰਡਾ ਗੱਡ ਦਿਆਂਗਾ। ਇਹਨੂੰ ਲੈਣੇ ਦੇ ਦੇਣੇ ਨ ਪੈ ਗਏ ਤਾਂ ਆਖਿਆ ਜੇ।"

"ਹੋਰ ਕੋਈ ਨਾ ਬੋਲਿਆ ?"

"ਉਥੇ ਤੇ ਕੋਈ ਨਹੀਂ ਸੀ ਬੋਲਿਆ ਮਹਾਰਾਜ, ਪਰ ਕੁਝ ਉਰਾਂ ਆ ਉਹਨਾਂ ਸਾਰਿਆਂ ਏਹ ਪ੍ਰਣ ਕੀਤਾ ਕਿ ਕਿਵੇਂ ਨਾ ਕਿਵੇਂ ਉਹ ਨਾਨਕ ਨੂੰ ਇਸ ਸ਼ਹਿਰ 'ਚੋਂ ਕੱਢ ਦੇਣਗੇ।"

"ਤਾਂ ਤੇ ਬਿਨਾ ਹੱਥ ਹਿਲਾਏ ਹੀ ਨਿਸ਼ਾਨਾ ਫੁੰਡਿਆ ਜਾਏਗਾ। ਤੂੰ ਕਲ ਕਿਸੇ ਵੇਲੇ ਉਹਨਾਂ ਸਾਰਿਆਂ ਨੂੰ ਮੇਰੇ ਕੋਲ ਲਿਆ। ਏਸ ਸ਼ੁਭ ਕੰਮ ਵਿਚ ਮੈਂ ਉਹਨਾਂ ਦਾ ਪੂਰਾ ਪੂਰਾ ਸਾਥ ਦਿਆਂਗਾ।" ਸਮਝੇ, ਜਾਹ ਉਹਨਾਂ ਨੂੰ ਪੁਛ ਆ ਕਿ ਕਲ ਉਹ ਕਿਸ ਵੇਲੇ ਆਉਣਗੇ।"

"ਜੋ ਹੁਕਮ ਮਹਾਰਾਜ।" ਕਹਿ ਮਿਸਰ ਉਠ ਖਲੋਤਾ ਤੇ ਫੇਰ ਮਲਕ ਨੂੰ ਪ੍ਰਨਾਮ ਕਰ ਬਾਹਰ ਚਲਾ ਗਿਆ।

"ਕੀ ਗਲ, ਰਾਤੀਂ ਤੁਸੀਂ ਇਥੇ ਹੀ ਸੌਂ ਗਏ। ਆਏ ਵੀ ਬੜੇ ਚਿਰਾਕੇ ਸਾਉ। ਮੈਂ ਇਕ ਦੋ ਵਾਰ ਭੋਜਨ ਲੈ ਕੇ ਆਈ ਪਰ ਦਰਵਾਜ਼ਾ ਅਦਰੋਂ ਬੰਦ ਸੀ। ਮੈਂ ਸੋਚਿਆ ਜਗਾਇਆਂ ਨਾਂ'ਦਰ ਖਰਾਬ ਹੋ ਜਾਨੇਗੀ ਕੇ...ਤੁਸੀਂ ਰਾਤੀਂ ਰੋਟੀ ਕਿਤੋਂ ਖਾ ਆਏ ਸੀ ਕਿ ਭੁਖੇ ਹੀ ਰਹੇ।' ਪਹਿਰ ਰਾਤ ਰਹਿੰਦੇ ਹੀ ਜਨਕ ਨੇ ਮਲਕ ਨੂੰ ਆ ਜਗਾਇਆ ਸੀ। ਤੇ ਇਸ ਵੇਲੇ ਉਹ ਪਲੰਘ ਦੀ ਢੋਹ ਨਾਲ ਢਾਸਣਾ ਲਾਈ ਬੈਠਾ ਅੱਖਾਂ ਮਲ ਰਿਹਾ ਸੀ।

"ਐਵੇਂ ਰਾਤੀਂ ਨੀਂਦ ਈ ਬੜੀ ਆਈ ਸੀ। ਕੰਮ ਕਰਦਿਆਂ ਕਰਦਿਆਂ ਮੈਨੂੰ ਪਤਾ ਹੀ ਨਹੀਂ ਲਗਿਆ ਕਿ ਮੈਂ ਕਦੋਂ ਸੌਂ ਗਿਆ। ਤੂੰ ਮੈਨੂੰ ਜਗਾ ਲੈਣਾ ਸੀ।" ਮਲਕ ਨੇ ਕੋਲ ਬੈਠੀ ਜਨਕ ਦੇ ਹਥ ਨੂੰ ਅਪਾਣੇ ਹੱਥਾਂ ਵਿਚ ਲੈਂਦਿਆਂ ਆਖਿਆ।

"ਮੈਂ ਕਿਹਾ ਕਿਤੇ ਕੋਈ ਸੁਹਣਾ ਸੁਪਨਾ ਨਾ ਵੇਖਦੇ ਹੋਣ ਮਤੇ ਜਗਾਣ ਤੇ ਖ਼ਫ਼ਾ ਹੋ ਜਾਣ।" ਜਨਕ ਦੀਆਂ ਅੱਖਾਂ ਵਿਚ ਕੋਈ ਚਮਕ ਸੀ।

"ਸੁਹਣਾ ਸੁਪਨਾ ? ਮਲਕ ਨੇ ਸਹਿਜ ਸੁਭਾ ਹੀ ਜਨਕ ਦੇ ਬੋਲਾਂ ਨੂੰ ਦੁਹਰਾਇਆ ਤੇ ਫੇਰ ਠੰਢਾ ਸਾਹ ਭਰਦਿਆਂ ਬੋਲਿਆ, "ਮੁੱਦਤ ਹੋ ਗਈ, ਹੁਣ ਤੇ ਕਦੇ ਕੋਈ ਚੰਗਾ ਸੁਪਨਾ ਨਹੀਂ ਆਇਆ।"

"ਪਰ ਮੈਨੂੰ ਤੇ ਰਾਤੀਂ ਬੜਾ ਪਿਆਰਾ ਸੁਪਨਾ ਆਇਆ ਏ ! ਭਲਾ ਬੁੱਝੋ ਖਾਂ, ਏਡਾ ਪਿਆਰਾ ਸੁਪਨਾ ਕਿਦੇ ਬਾਰੇ ਹੋ ਸਕਦਾ ਏ, ਜਨਕ ਨੇ ਲਾਡ ਨਾਲ ਮਲਕ ਦੇ ਗੱਲ ਵਿਚ ਬਾਹਵਾਂ ਪਾਂਦਿਆਂ ਆਖਿਆ।

"ਕਿਦੇ ਬਾਰੇ ਹੋ ਸਕਦਾ ਏ......ਮੇਰੇ ਬਾਰੇ ?

"ਊਂ...ਹੂੰ।"

"ਹੋਰ ਕਿਦੇ ਬਾਰੇ ਹੋ ਸਕਦਾ ਏ ? ਮੇਰੇ ਬਗ਼ੈਰ ਤੂੰ ਹੋਰ ਕਿਦਾ ਸੁਪਨਾ ਵੇਖ ਸਕਦੀ ਏਂ ?"

"ਨਹੀਂ ਬੁਝ ਸਕਦੇ । ਹਾਰ ਗਏ । ਮੈਂ ਦੱਸਾਂ ।"

"ਦਸ ।"

ਰਾਤੀ ਸੁਤਿਆਂ ਸੁਤਿਆਂ ਮੈਨੂੰ ਇਵ ਲਗਾ ਜਿਵੇਂ ਕੋਈ ਬੱਚਾ ਮੇਰੇ ਨਾਲ ਪਿਆ ਮੇਰੀਆਂ ਛਾਤੀਆਂ 'ਚੋਂ ਦੁਧ ਚੁੰਘ ਰਿਹਾ ਏ, ਮੈਂ ਤ੍ਰਬਕ ਕੇ ਉਠ ਬੈਠੀ । ਕੀ ਵੇਖਣੀ ਆਂ ਕਿ ਮੇਰੀ ਕੁੜਤੀ ਦੀਆਂ ਤਣੀਆਂ ਖੁਲ੍ਹੀਆਂ ਪਈਆਂ ਸਨ । ਮੈਂ ਘਬਰਾ ਕੇ ਏਧਰ ਉਧਰ ਵੇਖਿਆ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ ਨਾਲ ਮੇਰਾ ਦਿਲ ਧੜਕਣ ਲਗ ਪਿਆ ।ਮੈਂ ਕਲੇਜੇ ਤੇ ਹਥ ਰਖ ਲਿਆ । ਮੇਰੇ ਹੱਥਾਂ ਨੂੰ ਕੁੱਝ ਗਿਲਾ ਗਿਲਾ ਲੱਗਾ, ਮੇਰੀਆਂ ਛਾਤੀਆਂ ਦੀਆਂਡੋਡੀਆਂ 'ਚੋਂ ਕੁਝ ਸਿੰਮ ਰਿਹਾ ਸੀ, ਉਹ ਗਿੱਲੀਆਂ ਸਨ ਤੇ ਫੇਰ ਪਤਾ ਨਹੀਂ ਮੈਨੂੰ ਕਿਉਂ ਬੜਾ ਹੀ ਰੋਣ ਆਇਆ । ਮੈਂ ਕਿੰਨਾ ਚਿਰ ਰੋਂਦੀ ਰਹੀ । ਪਰ ਕੁਕੜ ਦੀ ਬਾਂਗਸੁਣ ਮੇਰੇ ਹੰਝੂ ਆਪੇ ਹੀ ਰੁਕ ਗਏ । ਏਹ ਸੁਪਨਾ ਤੇ ਪ੍ਰਭਾਤ ਵੇਲੇ ਆਇਆ ਸੀ । ਪ੍ਰਭਾਤ ਵੇਲੇ ਇਹੋ ਜਿਹੇ ਸੁਪਨੇ ਦਾ ਆਉਣਾ ਚੰਗਾ ਸ਼ਗਨ ਸੀ ।"

"ਕਹਿੰਦੇ ਨੇ ਪ੍ਰਭਾਤ ਵੇਲੇ ਆਇਆ ਸੁਪਨਾ ਸਦਾ ਸੱਚਾ ਹੁੰਦਾ ਏ । ਪਰ ਤੇਰੀਆਂ ਅੱਖਾਂ ਵਿਚ ਤੇ ਅਜੇ ਵੀ ਹੰਝੂ ਲਿਸ਼ਕ ਰਹੇ ਨੇ । ਘਬਰਾ ਨਾ ਹੁਣ, ਤੇਰੀ ਸੱਧਰ ਪੂਰੀ ਹੋ ਜਾਵੇਗੀ । ਮੈਨੂੰ ਕਲ ਇਕ ਰਮਲੇ ਸਾਧ ਨੇ ਵੀ ਦਸਿਆ ਸੀ ਕਿ ਸਾਲ ਦੇ ਅੰਦਰ ਅੰਦਰ ਸਾਡੇ ਵਿਹੜੇ ਲਾਲ ਖੇਡੇਗਾ ।"

"ਸੱਚ ! ਕੱਲ੍ਹ ਪਰੋਹਿਤ ਜੀ ਵੀ ਕਹਿੰਦੇ ਸਨ, ਕਿ ਅਗਰ ਪੂਜਾ ਨਿਰਵਿਘਨ ਸੰਪੂਰਨ ਹੋ ਗਈ ਤਾਂ ਇੰਦਰ ਦੇਵਤਾ ਖੁਸ਼ ਹੋ ਜ਼ਰੂਰ ਮੁਰਾਦ ਪੂਰੀ ਕਰਨਗੇ ।"

"ਫੇਰ ਤੂੰ ਪਰੋਹਿਤ ਜੀ ਨੂੰ ਕਹਿਣਾ ਸੀ ਨਾ, ਪੂਜਾ ਛੇਤੀ ਛੇਤੀ ਕਰਨ ।" ਮਲਕ ਨੇ ਬਿਸਤਰੇ 'ਚੋਂ ਨਿਕਲਦਿਆਂ ਆਖਿਆ ।

"ਪੂਜਾ ਤੇ ਹੋ ਰਹੀ ਏ ਸੁਆਮੀ, ਪਰਸੋਂ ਦੇਵੀ-ਦੇ-ਵਾਰ ਸਮਾਪਤ ਹੋ ਜਾਵੇਗੀ ।"

"ਤੂੰ ਪਰੋਹਿਤ ਜੀ ਨੂੰ ਕਹਿ ਦੇਣਾ ਸੀ ਪੂਰੀ ਰਹਿਤ ਮਰਯਾਦਾ ਨਾਲ

ਪੂਜਾ ਕਰਨ, ਕੋਈ ਵਿਘਨ ਪਏ ਹੀ ਨਾ। ਜੋ ਦੱਛਣਾ ਮੰਗਣਗੇ, ਮੈਂ ਦੇ ਦਿਆਂਗਾ।''

''ਇਹ ਮੈਂ ਉਹਨਾਂ ਨੂੰ ਕਹਿ ਦਿਤਾ ਸੀ ਕਿ ਅਗਰ ਸਾਡੀ ਘਾਲ ਥਾਂਏ ਪਈ ਤਾਂ ਅਸੀਂ ਤੁਹਾਨੂੰ ਖੁਸ਼ ਕਰ ਦਿਆਂਗੇ ਪਰ ਸੁਾਮੀ...ਸੱਚ ਯਾਦ ਆ ਗਿਆ ਪੁਜਾਰੀ ਜੀ ਕਹਿੰਦੇ ਸਨ ਕਿ ਪੂਜਾ ਦੀ ਸਮਾਪਤੀ ਤੋਂ ਬਾਅਦ ਬ੍ਰਹਮਭੋਜ ਹੋਣਾ ਜ਼ਰੂਰੀ ਏ। ਇੰਦਰ ਦੇਵਤਿਆਂ ਦਾ ਦੇਵਤਾ ਏ ਉਹਦੀ ਪੂਜਾ ਸਮੇਂ ਸਾਰੇ ਦੇਵੀ ਦੇਵਤਿਆ ਤੇ ਬ੍ਰਾਹਮਣਾ ਨੂੰ ਖੁਸ਼ ਕਰਨਾ ਚਾਹੀਦਾ ਏ।''

''ਇਹਦੇ ਵਿਚ ਕਿਹੜੀ ਗੱਲ ਏ। ਬ੍ਰਹਮ ਭੋਜ ਲਈ ਜੋ ਜੋ ਵਸਤ ਚਾਹੀਦੀ ਹੈ ਮਿਸਰ ਨੂੰ ਦਸ ਦਿਉ। ਆਪੇ ਬੰਦੋਬਸਤ ਕਰ ਦੇਵੇਗਾ। ਪਰੋਹਿਤ ਜੀ ਨੂੰ ਕਹਿ ਦੇਣਾ ਕਿ ਜਿਹੋ ਜਿਹਾ ਬ੍ਰਹਮਭੋਜ ਉਹ ਚਾਹੁਣਗੇ ਉਹੋ ਜਿਹਾ ਹੀ ਹੋਵੇਗਾ।''

''ਤੁਸੀਂ ਹੀ ਕਹਿ ਦੇਣਾ ਸੁਾਮੀ। ਹੁਣ ਪੂਜਾ ਲਈ ਜਾਨਾ ਤੇ ਹੈ ਹੀ ਏ। ਨਾਲੇ ਚਲੋ ਇਸ਼ਨਾਨ ਕਰੋ ਪੂਜਾ ਨੂੰ ਦੇਰ ਹੋ ਰਹੀ ਏ।''

ਤੇ ਉਹ ਦੋਵੇਂ ਉਠਕੇ ਹਵੇਲੀ ਦੇ ਅੰਦਰ ਚਲੇ ਗਏ।

ਅਜ ਮਲਕ ਕਚਹਿਰੀ ਨਹੀਂ ਗਿਆ। ਮਿਸਰ ਕਲ ਸਾਰੇ ਵਿਦਵਾਨ ਪੰਡਤਾਂ ਤੇ ਮੰਨੇ ਪ੍ਰਮੰਨੇ ਸਾਧਾਂ ਫ਼ਕੀਰਾਂ ਨੂੰ ਮਲਕ ਦਾ ਸੁਨੇਹਾ ਦੇ ਆਇਆ ਸੀ। ਅਜ ਦੁਪਹਿਰ ਤੋਂ ਪਹਿਲਾਂ ਉਹਨਾਂ ਸਾਰਿਆਂ ਹਵੇਲੀ ਇਕੱਠੇ ਹੋਣਾ ਸੀ। ਸਵੇਰ ਦੇ ਮਲਕ ਦੇ ਰਸੋਈ ਘਰ ਵਿਚ ਦੁਧਾਂ ਦੇ ਦੇਗੱਚੇ ਧਰੇ ਹੋਏ ਸਨ। ਕਿਉਂਕਿ ਅਲਗ ਅਲਗ ਮੱਤਾਂ ਦੇ ਸਾਧਾਂ ਸੰਤਾਂ ਨੇ ਔਣਾ ਸੀ ਇਸ ਲਈ ਕੋਈ ਪਕਵਾਨ ਤਿਆਰ ਨਹੀਂ ਕਰਵਾਇਆ ਗਿਆ। ਸਗੋਂ ਦੁਧ ਦੇ ਨਾਲ ਸੁੱਕੇ-ਮੇਵੇ ਹੀ ਮੰਗਵਾਏ ਗਏ ਸਨ। ਦੀਵਾਨਖ਼ਾਨੇ 'ਚੋਂ ਸਾਰਾ ਸਮਾਨ ਬਾਹਰ ਕਢ ਫਰਸ਼ ਤੇ ਹੀ ਆਸਨ ਲਾ ਦਿਤੇ ਗਏ ਸਨ। ਘਰ ਆਏ ਬ੍ਰਾਹਮਣਾਂ ਨੂੰ ਦੇਣ ਲਈ ਬਸਤਰ ਆਦਿ ਮੰਗਵਾਏ ਜਾ ਰਹੇ ਸਨ।

ਇਹ ਸਾਰੀ ਤਿਆਰੀ ਮਲਕ ਸੋਚਦਾ ਸੀ ਕਿ ਇਕ ਦਿਨ ਪਹਿਲਾਂ ਹੋ ਜਾਣੀ ਚਾਹੀਦੀ ਸੀ, ਪਰ ਕਲ ਉਹ ਬੁਰੀ ਤਰ੍ਹਾਂ ਰੁੱਝਿਆ ਰਿਹਾ ਸੀ।ਕਲ ਸੈਦਪੁਰ ਵਿਚ ਇਕ ਐਸੀ ਘਟਨਾ ਵਾਪਰ ਗਈ ਸੀ, ਕਿ ਸਾਰੇ ਹਿੰਦੂ ਤ੍ਰਾਹ ਤ੍ਰਾਹ ਕਰ ਉਠੇ ਸਨ। ਕਾਜ਼ੀ ਦੇ ਭੜਕਾਏ ਕੁਝ ਮੁਸਲਮਾਨ ਗੁੰਡਿਆਂ ਨੇ ਚਿੱਟੇ ਦਿਨ ਕਈ ਹਿੰਦੂ ਲੜਕੀਆਂ ਦੀ ਬੇਪਤੀ ਕੀਤੀ। ਮੰਦਰਾਂ ਵਿਚੋਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਬਾਹਰ ਸੁਟ ਦਿਤੀਆਂ। ਪੁਜਾਰੀਆਂ ਨੂੰ ਮਾਰਿਆ ਕੁਟਿਆ ਵਡੇ ਬਾਜ਼ਾਰ ਵਿਚਲੇ ਪਿਪਲ ਵਾਲੇ ਮੰਦਰ ਨੂੰ ਤਾਂ ਉਹਨਾਂ ਢਾਹ ਢੇਰੀ ਕਰ ਦਿਤਾ ਸੀ ਤੇ ਜਾਂਦੇ ਹੋਏ ਪੁਜਾਰੀ ਜੀ ਦੀ ਨੌਜਵਾਨ ਕੰਨਿਆਂ ਨੂੰ ਚੁਕ ਕੇ ਲੈ ਗਏ ਸਨ,ਬੜੇ ਬੜੇ ਕਸ਼ਤ੍ਰੀ ਵੀਰ ਮੂੰਹ ਵਿਚ ਉਂਗਲਾਂ ਪਾਈ ਵੇਖਦੇ ਰਹੇ ਪਰ ਕੋਈ ਕੁਸਕਿਆ ਨਾ। ਤੇ ਜਦੋਂ ਮੁਸਲਮਾਨ ਗੁੰਡੇ ਚਲੇ ਗਏ ਤਾਂ ਬਹੁਤ ਸਾਰੇ ਪੁਜਾਰੀ ਇਕੱਠੇ ਹੋ ਕੇ ਮਲਕ ਕੋਲ ਆ ਫਰਿਆਦੀ ਹੋਏ।

ਮਲਕ ਕਰੇ ਤੇ ਕੀ ਕਰੇ ? ਮੁਸਲਮਾਨਾਂ ਨੇ ਜੋ ਕੀਤਾ ਸੀ ਉਹਦੇ ਵਿਰੁਧ ਉਹਨਾਂ ਨੂੰ ਕੁੱਝ ਆਖਿਆ ਨਹੀਂ ਸੀ ਜਾ ਸਕਦਾ। ਪਰ ਮੂੰਹ ਤੋੜ

ਫਰਿਆਦ ਲੈ ਕੇ ਆਇਆਂ ਨੂੰ ਵੀ ਅਜ ਜਵਾਬ ਨਹੀਂ ਸੀ ਦਿਤਾ ਜਾ ਸਕਦਾ। ਕਿਉਂਕਿ ਅਜਕਲ ਮਲਕ ਨੂੰ ਇਹਨਾਂ ਪੁਜਾਰੀਆਂ ਦੀ ਬੜੀ ਲੋੜ ਸੀ। ਇਸ ਲਈ ਉਸ ਨੇ ਉਹਨਾਂ ਨੂੰ ਦਿਲਾਸਾ ਦੇਂਦਿਆਂ ਆਖਿਆ : "ਜੋ ਹੋ ਚੁਕਾ ਹੈ ਉਸ ਤੇ ਪਛਤਾਣ ਦਾ ਫਾਇਦਾ ਨਹੀਂ। ਉਹ ਕੰਨਿਆ ਹੁਣ ਪਤਿਤ ਹੋ ਚੁਕੀ ਉਸ ਨੂੰ ਮੁੜਵਾਣ ਦਾ ਕੀ ਲਾਭ ? ਤੁਸੀਂ ਇਝ ਕਰੋ ਮੰਦਰ ਨੂੰ ਮੁੜ ਉਸਾਰ ਲਉ। ਮੈਂ ਨਵਾਬ ਸਾਹਿਬ ਤੋਂ ਪ੍ਰਵਾਨਗੀ ਲੈ ਦੇਂਦਾ ਹਾਂ। ਮੰਦਰ ਤੇ ਜਿਨਾਂ ਖਰਚ ਆਵੇਗਾ ਮੈਂ ਦੇ ਦਿਆਂਗਾ।"

ਪੁਜਾਰੀਆਂ ਨੂੰ ਮਲਕ ਦੀ ਗੱਲ ਪਸੰਦ ਆ ਗਈ ਤੇ ਉਹ ਮੰਨ ਗਏ। ਪਰ ਨਵਾਬ ਜ਼ਾਲਮ ਖਾਨ ਤੋਂ ਢਾਹੇ ਮੰਦਰ ਨੂੰ ਮੁੜ ਉਸਾਰਨ ਦੀ ਪ੍ਰਵਾਨਗੀ ਲੈਣੀ ਕਿਹੜੀ ਸੌਖੀ ਗੱਲ ਸੀ। ਮਲਕ ਸੋਚਦਾ 'ਮੇਰੇ ਨਾਲ ਤੇ ਨਵਾਬ ਅੱਗੇ ਹੀ ਖਫ਼ਾ ਏ, ਹੋਰ ਹੀ ਨਾ ਵਿਗੜ ਜਾਏ, ਪਰ ਇਸ ਗੱਲ ਨੂੰ ਟਾਲਿਆ ਵੀ ਨਹੀਂ ਸੀ ਜਾ ਸਕਦਾ। ਮਲਕ ਲਈ ਮਸਲਾ ਇਕ ਹਿੰਦੂ ਕੰਨਿਆਂ ਦੇ ਉਧਾਲੇ ਦਾ ਤੇ ਢਾਹੇ ਮੰਦਰ ਨੂੰ ਉਸਾਰਨ ਦਾ ਨਹੀਂ ਸੀ ਸਗੋਂ ਨਾਨਕ ਨੂੰ ਜ਼ਲੀਲ ਕਰ ਸ਼ਹਿਰੋਂ ਕੱਢਣ ਦਾ ਸੀ, ਤੇ ਇਹ ਮਸਲਾ ਤਦੇ ਹੱਲ ਹੋ ਸਕਦਾ ਸੀ ਜੇ ਪੁਜਾਰੀ ਉਹਦਾ ਸਾਥ ਦੇਂਦੇ।' ਤੇ ਇਸ ਲਈ ਮਲਕ ਨੇ ਆਪਣੀ ਪੂਰੀ ਵਾਹ ਲਾਣ ਦਾ ਫੈਸਲਾ ਕਰ ਲਿਆ।

ਤੇ ਆਖ਼ਰ ਮਲਕ ਆਪਣੇ ਕਈ ਸਾਥੀਆਂ ਦੀ ਮੱਦਦ ਨਾਲ ਨਵਾਬ ਜ਼ਾਲਮ ਖਾਨ ਨੂੰ ਇਸ ਗਲੇ ਰਾਜ਼ੀ ਕਰਨ ਵਿਚ ਕਾਮਯਾਬ ਹੋ ਹੀ ਗਿਆ ਕਿ ਢਾਹਿਆ ਮੰਦਰ ਮੁੜ ਉਸਾਰ ਲਿਆ ਜਾਏ। ਪਰ ਨਵਾਬ ਦੇ ਕੋਲ ਬੈਠੇ ਕਾਜ਼ੀ ਨੇ ਸਾਫ਼ ਸ਼ਬਦਾਂ ਵਿਚ ਇਹ ਕਹਿ ਦਿਤਾ ਸੀ ਕਿ ਜੇਕਰ ਮੰਦਰ ਦੇ ਕਲਸ ਨਗਰ ਦੀ ਕਿਸੇ ਮਸੀਤ ਤੋਂ ਉੱਚੇ ਹੋਏ ਤਾਂ ਮੰਦਰ ਫਿਰ ਢਾਹ ਦਿਤਾ ਜਾਇਗਾ।

ਅਜ ਦੀ ਇਸ ਇਕਤਰਤਾ ਵਿਚ ਉਹ ਉਹਨਾਂ ਪੁਜਾਰੀਆਂ ਨੂੰ ਜਦੋਂ ਇਹ ਖੁਸ਼ਖਬਰੀ ਸੁਣਾਇਗਾ ਤਾਂ ਉਹ ਇਕ ਵਾਰ ਤਾਂ ਜ਼ਰੂਰ "ਧੰਨ ਹੋ ਮਲਕ ਸਾਹਿਬ, ਧੰਨ ਹੋ, ਕਹਿ ਉਠਣਗੇ। ਸੋਚ ਸੋਚਕੇ ਮਲਕ ਦਾ ਮਨ ਬੜਾ ਖੁਸ਼ ਹੁੰਦਾ। ਮੁਸਲਮਾਨੇ ਰਾਜ ਵਿਚ ਇਹ ਪਹਿਲਾ ਮੌਕਾ ਸੀ ਕਿ ਹਾਕਮਾਂ ਢਾਹਿਆ ਮੰਦਰ ਮੁੜ ਉਸਾਰਣ ਦੀ ਆਗਿਆ ਦੇ ਦਿਤੀ ਸੀ।

ਨੀਯਤ ਸਮੇਂ ਸਾਰੇ ਵਿਦਵਾਨ-ਮਹਾਂ ਪੁਰਖ ਆ ਹਾਜ਼ਰ ਹੋਏ,ਮਲਕ ਨੇ

ਵਾਰੀ ਵਾਰੀ ਸਭ ਦੇ ਚਰਨ ਪਰਸੇ, ਸਭ ਦੀ ਬੜੀ ਆਉਭਗਤ ਕੀਤੀ। ਖਾਣ ਲਈ ਥਾਲਾਂ ਵਿਚ ਭਿੰਨ ਭਿੰਨ ਮੇਵੇ ਤੇ ਪੀਣ ਲਈ ਛੰਨਾਛੰਨਾ ਦੁਧ ਪੇਸ਼ ਕੀਤਾ। ਉਹ ਸਾਰੇ ਨਿਹਾਲ ਹੋ ਮਲਕ ਦੀ ਮਹਿਮਾ ਕਰਨ ਲਗੇ। ਉਹਦੀ ਪ੍ਰਭੂ-ਭਗਤੀ ਦੀ, ਉਹਦੇ ਸਖੀ-ਦਿਲ ਦੀ, ਉਹਦੇ ਪਰਉਪਕਾਰੀ ਸੁਭਾ ਦੀ। ਤੇ ਇਸ ਮੌਕੇ ਨੂੰ ਯੋਗ ਸਮਝ ਮਲਕ ਨੇ ਮੰਦਰ ਮੁੜ ਉਸਾਰਨ ਦੀ ਪ੍ਰਵਾਨਗੀ ਵਾਲੀ ਗੱਲ ਕਹਿ ਸੁਣਾਈ। ਸਾਰੇ ਧੰਨ ਧੰਨ ਕਰ ਉਠੇ।

"ਬਾਲਕੇ ਏਹ ਤੇ ਤੁਸਾਂ ਕਰਾਮਾਤ ਵਰਗੀ ਗੱਲ ਕੀਤੀ ਏ।" ਮਲਕ ਦੇ ਕੋਲ ਬੈਠਾ ਬੰਗਲਾ ਨਾਥ ਜੋਗੀ ਮਲਕ ਦੀ ਕੰਢ ਤੇ ਥਾਪਨਾ ਲਾਂਦਾ ਬੋਲਿਆ।

"ਨਾਨਕ ਫ਼ਕੀਰ ਨਾਲੋਂ ਤੇ ਸਾਡੇ ਮਲਕ ਜੀ ਹੀ ਕਰਨੀ ਵਾਲੇ ਹੋਏ ਨਾ, ਆਖ਼ਰ ਕੋਈ ਨ ਕੋਈ ਕਰਾਮਾਤ ਵਿਖਾਈ ਤੇ ਹੈ ਨਾ।.. ... ਉਹਦੇ ਵਾਂਗ ਤੇ ਨਹੀਂ ਆਖ ਛੱਡਿਆਂ "ਕਰਾਮਾਤ ਕਹਿਰ ਦਾ ਨਾਂ—ਏ।' ਮਿਸਰ ਨੇ ਮੂੰਹ ਲਮਕਾ ਕੇ ਏਸ ਅੰਦਾਜ਼ ਨਾਲ ਆਖਿਆ ਕਿ ਸਾਰੇ ਹੱਸ ਪਏ।"

"ਹੋਰ ਵਿਚਾਰਾ ਆਂਹਦਾ ਵੀ ਕੀ, ਕੁੱਝ ਆਉਂਦਾ ਹੋਸੂ ਤੇ ਕਰੇ। ਬਸ ਰੱਬ ਨੇ ਉਹਨੂੰ ਸੁਰੀਲੀ ਅਵਾਜ਼ ਦਿਤੀ, ਏ, ਗਾ ਗਾ ਕੇ ਲੋਕਾਂ ਦਾ ਮਨ ਮੋਹੀ ਫਿਰਦਾ ਏ, ਫ਼ਕੀਰ ਫਕੂਰ ਉਹ ਕੋਈ ਨਹੀਂ।" ਸੰਨਿਆਸੀ ਸਾਧ ਨੇ ਉੱਦਨ ਦਾ ਗੁੱਸਾ ਕੱਢਿਆ।

"ਪਰ ਉਹਦਾ ਪਾਜ ਕਿਵੇਂ ਖੋਲ੍ਹਿਆ ਜਾਏ। ਮੈਂ ਚਾਹੁਨਾਂ ਕਿ ਅਸੀਂ ਇਹਨੂੰ ਐਸਾ ਜ਼ਲੀਲ ਕਰਕੇ ਸ਼ਹਿਰੋਂ ਕੱਢੀਏ ਕਿ ਮੁੜ ਕਦੇ ਇਸ ਨਗਰ ਵਿਚ ਵੜਨ ਦਾ ਹੀਆ ਨ ਕਰ ਸਕੇ। ਮਲਕ ਨੇ ਨਜ਼ਰ ਭਰ ਸਾਰਿਆਂ ਵਲ ਤਕਦਿਆਂ ਆਖਿਆ।

"ਮੈਂ ਆਪਣੀ ਕਰਾਮਾਤ ਨਾਲ ਉਹਦੀ ਸਾਰੀ ਤਾਕਤ ਇੰਝ ਨਿਚੋੜ ਲਵਾਂਗਾ ਜਿਵੇਂ ਨਿੰਬੂ ਨਿਚੋੜੀ ਦਾ ਏ।" ਸਭ ਤੋਂ ਪਹਿਲਾ ਬੰਗਲਾ ਨਾਥ ਜੋਗੀ ਬੋਲਿਆ।

"ਪਰ ਕਹਿੰਦੇ ਨੇ ਉਹਦੇ ਤੇ ਕੋਈ ਜਾਦੂ-ਟੂਣਾ ਅਸਰ ਨਹੀਂ ਕਰਦਾ।"

"ਜਿਹਨਾਂ ਸੈਂਕੜੇ ਜੀਵ-ਜੰਤੂਆਂ ਨੂੰ ਉਹ ਨਿਤ ਭੋਜਨ ਰਾਹੀਂ ਖਾ ਜਾਂਦਾ ਏ, ਮੈਂ ਉਹਨਾ ਦੀ ਰਖਿਆ ਕਰਾਂਗਾ ਤਾਂ ਜੋ ਉਹ ਜੀਉਂਦੇ ਉਸਦੇ

ਅੰਦਰ ਚਲੇ ਜਾਣ ਤੇ ਫੇਰ ਉਸਨੂੰ ਅਰਾਮ ਨਾਲ ਨਾ ਬਹਿਣ ਦੇਣ। ਸਰੇਵੜੇ ਸਾਧ ਨੇ ਆਪਣੀ ਕਰਨੀ ਦਾ ਦਮ ਭਰਦਿਆਂ ਆਖਿਆ।"

"ਪਰ ਇਸ ਤਰ੍ਹਾਂ ਜੇ ਉਹਨੂੰ ਕੁੱਝ ਹੋ ਵੀ ਗਿਆ ਤਾਂ ਲੋਕੀਂ ਆਖਣਗੇ ਕਿ ਉਹਨੂੰ ਕੋਈ ਰੋਗ ਲਗ ਗਿਆ ਏ, ਸਾਡੀ ਮਹਾਨਤਾ ਦਾ ਲੋਕਾਂ ਨੂੰ ਕਿਵੇਂ ਪਤਾ ਲਗੂ।" ਕਈ ਜਣਿਆ ਇਹ, ਸ਼ੰਕਾ ਪ੍ਰਗਟ ਕੀਤਾ।

'ਦੇਖੀਏ ਮਹਾਰਾਜ, ਮੈਂ ਤੋ ਚਾਹਤਾ ਹੂੰ ਜੈਸੇ ਵੋਹ ਸ਼ਰੇਆਮ ਹਿੰਦੂ ਧਰਮ ਕਾ ਅਪਮਾਨ ਕਰ ਰਹਾ ਹੈ। ਐਸੇ ਹੀ ਉਸਕਾ ਅਪਮਾਨ ਹੋਣਾ ਚਾਹੀਏ। ਯੇਹ ਕਿਸੀ ਏਕ ਕਾ ਮਸਲਾ ਨਹੀਂ, ਨਾ ਸਿਰਫ਼ ਹਿੰਦੂ ਧਰਮ ਕਾ ਹੀ ਮਸਲਾ ਹੈ। ਨਾਨਕ ਤੋ ਸਭੀ ਧਰਮੋਂ ਕਾ ਹਾਸ ਕਰ ਰਹਾ ਹੈ। ਉਸ ਕਾ ਇਲਾਜ ਐਸਾ ਹੋਨਾ ਚਾਹੀਏ ਕਿ ਫ਼ਿਰ ਕਭੀ ਕੋਈ ਇਸ ਰਾਹ ਪਰ ਨਾਂਹ ਚਲੇ।"

"ਨਾਨਕ ਕੋ ਭਗਾਨਾ ਤੋਂ ਮੇਰੇ ਬਾਂਏ ਹਾਥ ਕਾ ਕਾਮ ਹੈ ਉਸੇ ਸਭੀ ਲੋਗੋਂ ਕੇ ਸਾਹਮਣੇ ਐਸਾ ਜ਼ਲੀਲ ਕਰੂੰਗਾ ਕਿ ਉਸ ਕੋ ਭਾਗਨੇ ਕੇ ਲੀਏ ਰਾਸਤਾ ਨਹੀਂ ਮਿਲੇਗਾ।" ਚਰਨ ਦਾਸ ਨੇ ਆਪਣੀ ਛਾਤੀ ਤੇ ਹਥ ਮਾਰਦਿਆਂ ਆਖਿਆ।

ਸਾਰੇ ਚੁਪ ਹੋ ਗਏ।

"ਕੁੱਝ ਦੇਰ ਬਾਅਦ ਚਰਨ ਦਾਸ ਫਿਰ ਬੋਲਿਆ "ਮੁੱਝੇ ਲੋਗ ਚਾਰੋਂ ਵੇਦੋਂ ਕਾ ਗਿਆਤਾ ਮਾਨਤੇ ਹੈ। ਮੇਰੀ ਵਿਦਵਤਾ ਕੇ ਸਾਹਮਣੇ ਵੋਹ ਠਹਿਰ ਨਹੀਂ ਸਕੇਗਾ।"

"ਪਰ ਜ਼ਬਾਨ ਤੋ ਉਸਕੀ [ਭੀ ਬਹੁਤ ਚਲਤੀ ਹੈ ਪਰੋਹਿਤ ਜੀ, ਉਸ ਰਾਤ ਸੁਨਾ ਨਹੀਂ ਕੈਸੇ ਸਭ ਸੇ ਟਰ ਟਰ ਕਰਤਾ, ਰਹਾ!" ਕਿਸ਼ੋਰ ਨਾਥ ਨੇ ਈਰਖਾ ਭਰੀ ਨਿਗਾਹ ਨਾਲ ਚਰਨ ਦਾਸ ਵਲ ਤਕਦਿਆਂ ਆਖਿਆ।

"ਵੋਹ ਤੁਮ ਸਭ ਕੇ ਸਾਹਮਨੇ ਹੀ ਟਰ ਟਰ ਕਰ ਸਕਤਾ ਹੈ, ਮੇਰੇ ਸਾਹਮਨੇ ਤੋ ਉਸ ਕਾ ਮੂੰਹ ਭੀ ਨਹੀਂ ਖੁਲ੍ਹੇਗਾ। ਤੁਮ ਐਸਾ ਮੌਕਾ ਪੈਦਾ ਕਰੋ ਕਿ ਵੋਹ ਏਕ ਬਾਰ ਮੇਰੇ ਸਾਹਮਨੇ ਆ ਜਾਏ, ਫਿਰ ਦੇਖਨਾ ਕਿ ਹੋਤਾ ਕਿਆ ਹੈ। ਕਿਸੀ ਕੇ ਡੇਰੇ ਪਰ ਜਾ ਕਰ ਅਪਨੇ ਗਿਆਨ ਕਾ ਪ੍ਰਗਟਾਵ ਮੁਝੇ ਹੱਛਾ ਮਾਲੂਮ ਨਹੀਂ ਹੋਤਾ, ਤੁਮ ਉਸੇ ਏਕ ਬਾਰ ਮੇਰੇ ਸਾਹਮਨੇ ਲੇ ਆਉ।" ਚਰਨ ਦਾਸ ਨੇ ਬੜੇ ਗਰੂਰ ਨਾਲ ਆਖ, ਬਾਕੀ ਸਾਰਿਆਂ ਵਲ

ਇੰਦ ਝਾਕਿਆ ਜਿਵੇਂ ਉਹ ਸਾਰੇ ਉਹਦੇ ਤੋਂ ਬਹੁਤ ਨੀਵੇਂ ਹੋਣ ।

''ਠੀਕ ਹੈ, ਹਮ ਉਸੇ ਬੁਲਾ ਲਾਏਂਗੇ । ਵੋਹ ਕਹੀਂ ਆਨੇ ਜਾਨੇ ਸੇ ਹਿਚਕਚਾਤਾ ਤੋ ਹੈ ਹੀ ਨਹੀਂ ।'' ਕਈ ਜਣੇ ਇਕਠੇ ਹੀ ਬੋਲ ਪਏ ।

ਸਹਿਸਾ ਮਲਕ ਨੂੰ ਕੁਝ ਯਾਦ ਆ ਗਿਆ । ਉਹ ਬੜੇ ਉਤਸ਼ਾਹ ਨਾਲ ਬੋਲਿਆ : ''ਪਰੋਹਿਤ ਜੀ, ਐਸੇ ਮੌਕੇ ਲਈ ਜ਼ਿਆਦਾ ਇੰਤਜ਼ਾਰ ਕਰਨ ਦੀ ਲੋੜ ਨਹੀਂ । ਪਰਸੋਂ ਮੈਂ ਬ੍ਰਹਮਭੋਜ ਕਰ ਰਿਹਾ ਹਾਂ । ਉਸ ਨੂੰ ਵੀ ਸੱਦ ਭੇਜਦੇ ਹਾਂ । ਪਰ ਤੁਸੀਂ ਉਸ ਨੂੰ ਐਸਾ ਜ਼ਲੀਲ ਕਰਨਾ ਕਿ ਉਹ ਫੇਰ ਏਸ ਨਗਰ ਵਿਚ ਰਹਿਣ ਯੋਗਾ ਨਾ ਰਹੇ ।'' ਮਲਕ ਨੇ ਕਚੀਚੀਆਂ ਵਟਦਿਆਂ ਆਖਿਆ । ਪੁਰਾਣਾ ਸ਼ਾਹੀ ਮਹੱਲ ਉਸ ਨੂੰ ਫੇਰ ਯਾਦ ਆ ਗਿਆ ਸੀ ।

''ਠੀਕ ਹੈ ਤੁਮ ਤਿਆਰੀ ਕਰੋ. ਪਰਸੋਂ ਹੀ ਰੰਗ ਦੇਖ ਲੋ । ਯੇਹ ਬਿਪਤਾ ਨਗਰ ਸੇ ਜਿਤਨੀ ਜਲਦੀ ਟਲ ਸਕੇ, ਉਤਨਾ ਹੀ ਹੱਛਾ ਹੈ ।'' ਕਹਿ ਚਰਨਦਾਸ ਨੇ ਸਾਰਿਆਂ ਦੀ ਸਹਿਮਤੀ ਜਾਣਨ ਲਈ ਉਹਨਾਂ ਵਲ ਤਕਿਆ ।

''ਠੀਕ ਏ, ਬਿਲਕੁਲ ਠੀਕ ।'' ਉਹਨਾਂ ਸਾਰਿਆਂ ਚਰਨ ਦਾਸ ਦੀ ਹਾਂ ਵਿਚ ਹਾਂ ਮਿਲਾ ਦਿਤੀ ਸੀ ।

ਅਜ ਮਲਕ ਦੀ ਹਵੇਲੀ ਵਿਚ ਬੜੀ ਰੌਣਕ ਸੀ। ਬ੍ਰਹਮ ਭੋਜ ਵਿਚ ਸ਼ਾਮਲ ਹੋਣ ਲਈ ਦੂਰੋਂ ਨੇੜਿਉਂ ਆਏ ਸਾਕ ਸੰਬੰਧੀਆਂ ਨਾਲ ਸਾਰੇ ਕਮਰੇ ਭਰੇ ਹੋਏ ਸਨ! ਸੱਜ-ਵਿਆਹੀ ਨਾਰ ਵਾਂਗ ਸੱਜੀ ਜਨਕ ਦੇ ਪੈਰ ਭੁੰਇ ਤੇ ਨਹੀਂ ਸਨ ਲਗ ਰਹੇ। ਉਹ ਬੜੀ ਖੁਸ਼ ਸੀ। ਇਸ ਖੁਸ਼ੀ ਨੇ ਉਹਦੇ ਮਨ ਮੋਹਣੇ ਰੂਪ ਨੂੰ ਹੋਰ ਵੀ ਨਿਖਾਰ ਦਿਤਾ ਸੀ। ਹਲਕੇ ਗੁਲਾਬੀ ਰੰਗ ਦੀ ਬਨਾਰਸੀ ਸਾੜੀ ਵਿਚ ਲਿਪਟਿਆ ਉਹਦਾ ਸੰਧੂਰੀ ਜਿਸਮ ਕਿਸੇ ਅਣਜਾਣੀ ਖੁਸ਼ੀ ਵਿਚ ਲਰਜ਼ ਰਿਹਾ ਸੀ। ਤੇ ਖੁਸ਼ੀ ਵਿਚ ਮੱਤੀ ਜਨਕ ਏਧਰੋਂ ਉਧਰ, ਉਧਰੋਂ ਏਧਰ ਘੁੰਮ ਫਿਰ ਰਹੀ ਸੀ।

ਤੇ ਹਵੇਲੀ ਦੇ ਬਾਹਰ ਸਾਹਮਣੇ ਮੈਦਾਨ ਵਿਚ ਬਣਾਏ ਗਏ ਵਿਸ਼ਾਲ ਪੰਡਾਲ ਦੇ ਮੁਖ ਦੁਆਰ ਕੋਲ ਖਲੋਤਾ ਮਲਕ ਹਰ ਔਣ ਵਾਲੇ ਨੂੰ 'ਜੀ ਆਇਆਂ' ਆਖ ਰਿਹਾ ਸੀ। ਉਸ ਸਿਰ ਤੋਂ ਲੈ ਪੈਰਾਂ ਤਕ ਚਿਟਾ ਲਿਬਾਸ ਪਹਿਨਿਆ ਹੋਇਆ ਸੀ। ਗੱਲ ਵਿਚ ਕੈਂਠਾ ਤੇ ਹਥ ਵਿਚ ਹਾਥੀ-ਦੰਦ ਦੀ ਮਾਲਾ ਸੀ। ਮਾਣ ਤੇ ਖੁਸ਼ੀ ਨਾਲ ਉਹਦਾ ਚਿਹਰਾ ਲਿਸ਼ਕ ਰਿਹਾ ਸੀ। ਪੰਡਾਲ ਦੇ ਵਿਚਕਾਰ ਕਰਕੇ ਬਣੇ ਹਵਨ-ਕੁੰਡ ਦੇ ਦੁਆਲੇ ਬੈਠੇ ਪੁਜਾਰੀ ਮੰਤਰ ਉਚਾਰਦੇ ਹੋਏ ਦੁਹੀਂ ਹੱਥੀਂ ਹਵਨ ਕੁੰਡ ਵਿਚ ਸਾਮਗਰੀ ਸੁਟ ਰਹੇ ਸਨ। ਬਲ ਰਹੇ ਚੰਦਨ ਤੇ ਸਾਮਗਰੀ ਦੀ ਮਹਿਕ ਨਾਲ ਸਾਰਾ ਵਾਤਾਵਰਨ ਮਹਿਕਿਆ ਹੋਇਆ ਸੀ। ਪੰਡਾਲ ਦੇ ਪਿਛਲੇ ਪਾਸੇ ਲਾਏ ਗਏ ਇਕ ਸ਼ਮਿਆਨੇ ਹੇਠ ਅਨੇਕਾਂ ਪਕਵਾਨ ਬਣ ਰਹੇ ਸਨ। ਮੂੰਹ ਤੇ ਮੁੰਧਾਸੇ ਮਾਰੀ ਕਈ ਬ੍ਰਾਹਮਣ ਭਾਂਤ ਭਾਂਤ ਦੇ ਪਕਵਾਨ ਬਣਾਨ ਵਿਚ ਰੁੱਝੇ ਹੋਏ ਸਨ।

ਪੂਜਾ ਸਮਾਪਤ ਹੋਈ। ਇੰਦਰ ਦੇਵ ਦੀ ਉਸਤਤੀ ਤੋਂ ਬਾਅਦ ਮਲਕ ਸਾਹਿਬ ਦੀ ਉਸਤਤੀ ਹੋਣ ਲਗ ਪਈ। ਸਾਰੇ ਪਾਸੇ ਮਲਕ ਦੀ ਧੰਨ

ਧੰਨ ਹੋ ਰਹੀ ਸੀ, ਪੁਜਾਰੀਆਂ ਨੂੰ ਮੂੰਹ ਮੰਗੀ ਦਛਣਾ ਦਿਤੀ ਗਈ ਸੀ। ਜੋ ਵੀ ਕਿਸੇ ਨੇ ਸਵਾਲ ਪਾਇਆ ਮਲਕ ਨੇ ਨਾਂਹ ਨਹੀਂ ਕੀਤੀ। ਦਿਲ ਖੋਲ੍ਹ ਸਾਧ ਫ਼ਕੀਰਾਂ ਨੂੰ ਦਾਨ ਦਿਤਾ। ਤੇ ਰੱਜ ਰਜਕੇ ਅਸੀਸਾਂ ਲਈਆਂ। ਮਲਕ ਅਜ ਬਹੁਤ ਖੁਸ਼ ਸੀ ਉਹ ਜਾਮੇ ਵਿਚ ਨਹੀਂ ਸੀ ਸਮਾ ਰਿਹਾ।

ਜਦ ਸਾਰੇ ਪਕਵਾਨ ਤਿਆਰ ਹੋ ਗਏ, ਪਰੋਹਿਤ ਜੀ ਨੇ ਅਰਦਾਸ ਕਰ ਪ੍ਰਭੂ ਨੂੰ ਭੋਗ ਲਵਾਇਆ, ਤੇ ਲੰਗਰ ਵਰਤਣਾ ਸ਼ੁਰੂ ਹੋ ਗਿਆ। ਇਕ ਪੰਕਤ, ਦੂਜੀ ਪੰਕਤ, ਤੀਜੀ ਪੰਕਤ ਤੇ ਦੁਪਹਿਰ ਤੋਂ ਪਹਿਲਾਂ ਕਈ ਹਜ਼ਾਰ ਬੰਦੇ ਮਲਕ ਦੇ ਭੰਡਾਰੇ 'ਚੋਂ ਭੋਜਨ ਛਕ ਚੁਕੇ ਸਨ। ਅਜ ਮਲਕ ਦੇ ਘਰ ਸਾਰਾ ਸ਼ਹਿਰ ਢੁਕਿਆ ਹੋਇਆ ਸੀ, ਪਰ ਉਹ ਨਹੀਂ ਸੀ ਆਇਆ ਜਿਸ ਨੂੰ ਮਲਕ ਸਾਹਿਬ ਨੇ ਖਾਸ ਨਿਉਂਦਾ ਭੇਜਿਆ ਸੀ।

ਸਾਰੇ ਬ੍ਰਾਹਮਣ ਉਸ ਦੀ ਗ਼ੈਰ ਹਾਜ਼ਰੀ ਤੇ ਖਿਝ ਰਹੇ ਸਨ, ਪਰ ਉਹ ਮਨ ਹੀ ਮਨ ਵਿਚ ਬੜੇ ਖੁਸ਼ ਸਨ। ਉਹ ਸੋਚਦੇ "ਨਾਨਕ ਉਹਨਾਂ ਤੋਂ ਡਰਦਾ ਹੀ ਨਹੀਂ ਆਇਆ। ਪਰ ਚਰਨ ਦਾਸ ਦੀ ਹਾਲਤ ਉਹਨਾਂ ਸਾਰਿਆਂ ਨਾਲੋਂ ਵਖਰੀ ਸੀ। ਨਾਨਕ ਦੀ ਗ਼ੈਰ ਹਾਜ਼ਰੀ ਉਸ ਨੂੰ ਆਪਣੀ ਹਾਰ ਜਾਪ ਰਹੀ ਸੀ। ਪਿਛਲੇ ਦੋ ਦਿਨ ਤੇ ਦੋ ਰਾਤਾਂ ਉਹ ਇਕ ਪਲ ਵੀ ਨਹੀਂ ਸੀ ਸੁਤਾ। ਨਿਰੰਤਰ ਵੇਦਾਂ ਪੁਰਾਣਾਂ ਦਾ ਪਾਠ ਕਰਦਾ ਰਿਹਾ ਸੀ। ਆਪਣੀ ਵਿਦਵਤਾ ਨੂੰ ਪ੍ਰਗਟਾਣ ਦਾ ਉਸ ਨੂੰ ਇਹ ਸੁਨਹਿਰੀ ਮੌਕਾ ਜਾਪਦਾ ਸੀ। ਉਹ ਸੋਚਦਾ ਅਗਰ ਉਹ ਨਾਨਕ ਨੂੰ ਆਪਣੀ ਈਨ ਮੰਨਾਣ ਵਿਚ ਸਫਲ ਹੋ ਗਿਆ ਤਾਂ ਸਾਰੇ ਉਤਰੀ ਭਾਰਤ ਵਿਚ ਉਹਦੀ ਹੀ ਮਹਿਮਾ ਹੋਵੇਗੀ। ਤੇ ਮਲਕ ਕੋਲੋਂ ਮੂੰਹ ਮੰਗਿਆ ਧਨ ਵੀ ਉਹਨੂੰ ਮਿਲੇਗਾ। ਪਰ ਮੁਕਾਬਲੇ ਦੇ ਵੇਲੇ ਵਿਰੋਧੀ-ਧਿਰ ਦਾ ਨਾ ਹੋਣਾ, ਉਹਦੀਆਂ ਸਾਰੀਆਂ ਆਸਾਂ ਤੇ ਪਾਣੀ ਫੇਰ ਰਿਹਾ ਸੀ। ਉਹ ਖਿਝਿਆ ਹੋਇਆ ਏਧਰ ਉਧਰ ਫਿਰ ਰਿਹਾ ਸੀ। ਕਈ ਵਾਰ ਤਾਂ ਉਹਦੇ ਕਦਮ ਬੜੇ ਤੇਜ਼ ਹੋ ਜਾਂਦੇ। ਤੇ ਤੇਜ਼ ਚਲਣ ਨਾਲ ਉਹਦੇ ਵਡੇ ਢਿੱਡ ਤੇ ਬੱਝੀ ਧੋਤੀ ਪਲ ਭਰ ਪਿਛੋਂ ਢਿੱਲੀ ਹੋ ਜਾਂਦੀ। ਉਹ ਰੁਕਕੇ ਪੂਰੇ ਜ਼ੋਰ ਨਾਲ ਧੋਤੀ ਦਾ ਲੜ ਕੱਸਕੇ ਬੰਨ੍ਹਦਾ ਪਰ ਉਹ ਫ਼ੇਰ ਢਿੱਲਾ ਹੋ ਜਾਂਦਾ। ਉਹ ਗੁੱਸੇ ਨਾਲ ਸਿਰ ਝਟਕਦਾ। ਤੇ ਉਹਦੇ ਸਿਰ ਤੇ ਪੀਲੀ ਜਿਹੀ ਬੱਝੀ ਸੱਤ ਗਜ਼ੀ ਬਸੰਤੀ ਪੱਗੜੀ ਹਿਲ ਜਾਂਦੀ ਤੇ ਮਥੇ ਤੇ ਲਗੇ ਕੇਸਰ ਦੇ ਟਿਕੇ ਨੂੰ ਜਾ ਛੋਂਹਦੀ। ਪੱਗ ਦੀ

ਛੂਹ ਨੂੰ ਨਾ ਸਹਾਰਦੇ ਤਿਲਕ ਵਿਚ ਲਗੇ ਚੌਲਾਂ ਦੇ ਕੁੱਝ ਦਾਣੇ ਧਰਤੀ ਤੇ ਢਹਿ ਪੈਂਦੇ। ਤੇ ਉਹ ਹੋਰ ਵੀ ਖਿੱਝ ਜਾਂਦਾ।

ਦੁਪਹਿਰ ਹੋ ਗਈ। ਲੋਕਾਂ ਦੀ ਭੀੜ ਘਟਣੀ ਸ਼ੁਰੂ ਹੋ ਗਈ ਸੀ। ਇਹ ਵੇਖ ਚਰਨ ਦਾਸ ਭੜਕ ਉਠਿਆ। ਮਲਕ ਦੇ ਕੋਲ ਜਾ ਉਸ ਰੋਹ ਬਰੋਹ ਹੁੰਦਿਆਂ ਆਖਿਆ "ਜਜਮਾਨ, ਵੋਹ ਤੋ ਆਇਆ ਹੀ ਨਹੀਂ। ਅਬ ਕਿਆ ਹੋਗਾ ? ਹਮ ਨੇ ਦੇਵਤੋਂ ਕੇ ਸਾਹਮਨੇ ਪ੍ਰਣ ਕੀਆ ਥਾ ਕਿ ਆਜ ਹਮ ਉਸ ਬੁਧੀ ਭਰਸ਼ਟ ਕੋ ਸੀਧੇ ਰਾਸਤੇ ਲੇ ਆਏਂਗੇ ਜਾਂ ਪ੍ਰਾਣ ਤਿਆਗ ਦੇਂਗੇ। ਉਸ ਕਾ ਪਤਾ ਕਰੋ ਨਹੀਂ ਤੋ ਹਮ......

"ਨਹੀਂ ਨਹੀਂ ਪਰੋਹਿਤ ਜੀ, ਐਸੀ ਗੱਲ ਮੂੰਹੋਂ ਨਾ ਕੱਢੋ, ਮਿਸਰ ਉਧਰ ਹੀ ਗਿਆ ਹੋਇਆ ਏ, ਅਸੀਂ ਉਸ ਨੂੰ ਇਸ ਤਰ੍ਹਾਂ ਨਹੀਂ ਛੱਡਦੇ।" ਮਲਕ ਨੇ ਮੁੱਛਾਂ ਨੂੰ ਤਾਅ ਦੇਂਦਿਆਂ ਆਖਿਆ।

"ਅਬ ਤਕ ਤੋ ਉਸੇ ਯਹਾਂ ਹੋਨਾ ਚਾਹੀਏ ਥਾ ਅਬ ਤੋ ਖਾ ਪੀਕਰ ਲੋਕ ਚਲੇ ਜਾ ਰਹੇ ਹੈਂ।" ਚਰਨ ਦਾਸ ਨੇ ਸ਼ਿਕਵਾ ਜਿਹਾ ਕੀਤਾ।

ਅਜੇ ਉਹ ਗੱਲਾਂ ਕਰ ਹੀ ਰਹੇ ਸਨ ਕਿ ਮਿਸਰ ਆਉਂਦਾ ਦਿਸ ਪਿਆ। ਉਹ ਇਕੱਲਾ ਸੀ।

"ਲਉ ਮਿਸਰ ਤੋ ਅਕੇਲਾ ਹੀ ਆ ਰਹਾ ਹੈ, ਕਹੀਂ ਵੋਹ ਭਾਗ ਤੋ ਨਹੀਂ ਗਿਆ, ਡਰਤਾ ਮਾਰਾ। ਚਰਨ ਦਾਸ ਨੇ ਢਿਲਕਦੀ ਜਾਂਦੀ ਆਪਣੀ ਧੋਤੀ ਨੂੰ ਸੰਭਾਲਦਿਆਂ ਆਖਿਆ।

"ਹੁਣੇ ਪਤਾ ਲਗ ਜਾਂਦਾ ਏ। ਕਿਉਂ ਮਿਸਰ ਆਇਆ ਨਹੀਂ ਉਹ ?" ਮਲਕ ਨੇ ਮਿਸਰ ਨੂੰ ਸੰਬੋਧਨ ਕਰਕੇ ਪੁਛਿਆ।

"ਉਹ ਔਣ ਤੋਂ ਇਨਕਾਰੀ ਏ, ਮਹਾਰਾਜ। ਕਹਿੰਦਾ ਏ ਮੈਂ ਮਲਕ ਸਾਹਿਬ ਦੇ ਘਰ ਦਾ ਅੰਨ ਨਹੀਂ ਖਾਣਾ।"

"ਕਿਉਂ ? ਮੇਰਾ ਅੰਨ ਉਹਦੇ ਲਈ ਜ਼ਹਿਰ ਤੇ ਨਹੀਂ।" ਮਲਕ ਗੁੱਸੇ ਨਾਲ ਲਾਲ ਪੀਲਾ ਹੋ ਗਿਆ।

"ਅਸਲ ਬਾਤ ਔਰ ਹੈ, ਜਜਮਾਨ।" ਪਰੋਹਿਤ ਜੀ ਨੇ, ਜਿਹੜੇ ਮਲਕ ਤੇ ਚਰਨ ਦਾਸ ਨੂੰ ਇਕਠਿਆਂ ਖਲੋਤਾ ਵੇਖ, ਕੋਲ ਆ ਖਲੋਤੇ ਸਨ ਕੁੱਝ ਇਸ ਅੰਦਾਜ਼ ਨਾਲ ਆਖਿਆ ਕਿ ਮਲਕ ਅਸਲ ਗੱਲ ਜਾਣਨ ਲਈ ਉਤਾਵਲਾ ਹੋ ਗਿਆ।

"ਅਸਲ ਬਾਤ ਕੀ ਏ ? ਪਰੋਹਿਤ ਜੀ ।"

"ਜਜਮਾਨ ਵੋਹ ਹਮਾਰੀ ਪੂਜਾ ਮੇਂ ਵਿਘਨ ਡਾਲਨਾ ਚਾਹਤਾ ਹੈ। ਬ੍ਰਹਮਭੋਜ ਮੇਂ ਚਾਰੋਂ ਵਰਨੋਂ ਕੇ ਫ਼ਕੀਰੋਂ ਕਾ ਸ਼ਾਮਲ ਹੋਨਾ ਅਨਿਵਾਰਯ ਹੈ। ਵਹ ਜਾਨ ਬੂਝ ਕਰ ਨਹੀਂ ਆ ਰਹਾ ਤਾ ਕਿ ਹਮਾਰੀ ਪੂਜਾ ਨਿਰਵਿਘਨ ਸੰਪੰਨ ਨ ਹੋ ਜਾਏ ।" ਪਰੋਹਿਤ ਜੀ ਨੇ ਨਾਨਕ ਤੋਂ ਬਦਲਾ ਲੈਣ ਦਾ ਇਹ ਸੁਨਹਿਰੀ ਮੌਕਾ ਤਾੜਦਿਆਂ ਆਖਿਆ ।

"ਉਸ ਦੀ ਏਹ ਮਜ਼ਾਲ ?" ਮਲਕ ਕਹਿਰ ਵਿਚ ਆ ਗਿਆ। "ਜੇ ਉਹ ਬੰਦਿਆਂ ਵਾਕੁਰ ਨਹੀਂ ਆਉਂਦਾ ਤਾਂ ਕਮਬਖ਼ਤ ਨੂੰ ਪਕੜ ਕੇ ਲੈ ਆਉ ।" ਮਲਕ ਦੀ ਗਰਜ ਨਾਲ ਸਾਰਾ ਪੰਡਾਲ ਗੂੰਜ ਉਠਿਆ ।

ਕੁੱਝ ਦੇਰ ਬਾਅਦ ਹੀ ਚਾਰ ਸਿਪਾਹੀ ਨਾਨਕ ਨੂੰ ਫੜ ਕੇ ਲੈ ਆਏ ।

ਨਾਨਕ ਨੂੰ ਸਾਹਮਣੇ ਵੇਖ ਮਲਕ ਦਾ ਗੁੱਸਾ ਵਸੋਂ ਬਾਹਰਾ ਹੋ ਗਿਆ। ਉਹ ਕੜਕ ਕੇ ਬੋਲਿਆ 'ਨਾਨਕ ਤੂੰ ਫ਼ਕੀਰ ਹੋ ਕੇ ਏਹ ਕਰਮ ਕਰਦਾ ਏਂ, ਸਾਡੀ ਪੂਜਾ ਵਿਚ ਵਿਘਨ ਪਾਣਾ ਚਾਹੁੰਨਾ ਏਂ, ਬੋਲ ਤੈਨੂੰ ਕੀ ਸਜ਼ਾ ਦਿਤੀ ਜਾਏ ।

ਹੁਣ ਤਕ ਸਾਰੇ ਵਿਦਵਾਨ ਬ੍ਰਾਹਮਣ ਤੇ ਸਾਧ ਫ਼ਕੀਰ ਉਸ ਦੇ ਦੁਆਲੇ ਆ ਖਲੋਤੇ ਸਨ। ਨਾਨਕ ਮਲਕ ਦੀ ਕੜਕਵੀ। ਅਵਾਜ਼ ਸੁਣਕੇ ਡਰਿਆ ਨਹੀਂ । ਉਹ ਚੁਪਚਾਪ ਖਲੋਤਾ ਰਿਹਾ ।

ਮਲਕ ਫੇਰ ਗਰਜਿਆ "ਹੁਣ ਤੈਨੂੰ ਸਕਤਾ ਮਾਰ ਗਿਆ ਏ, ਬੋਲਦਾ ਕਿਉਂ ਨਹੀਂ ?"

ਨਾਨਕ ਨੇ ਨਜ਼ਰ ਭਰ ਮਲਕ ਦੇ ਚਿਹਰੇ ਵਲ ਤਕਿਆ। ਉਹ ਗੁੱਸੇ, ਨਾਲ ਭੱਖ ਰਿਹਾ ਸੀ। ਫਕੀਰ ਮੁਸਕਰਾ ਪਿਆ ਤੇ ਬੇਪ੍ਰਵਾਹੀ ਨਾਲ ਬੋਲਿਆ : "ਵਿਘਨ ਨੇਕ ਕੰਮਾਂ ਵਿਚ ਪੈਂਦਾ ਏ, ਮਲਕ। ਤੂੰ ਕਿਹੜਾ ਨੇਕ ਕੰਮ ਕਰ ਰਿਹਾ ਏਂ ।"

"ਨੀਚਾਂ ਦੇ ਘਰ ਦਾ ਖਾ ਖਾ ਤੇਰਾ ਦਿਮਾਗ ਵਿਗੜ ਗਿਆ ਜਾਪਦਾ, ਇਹ ਪੂਜਾ, ਇਹ ਬ੍ਰਹਮਭੋਜ ਤੈਨੂੰ ਨੇਕ ਕੰਮ ਨਹੀਂ ਦਿਸਦੇ ?" ਮਲਕ ਗੁੱਸੇ ਨਾਲ ਕੰਬਣ ਲਗ ਪਿਆ। ਫ਼ਕੀਰ ਦੀ ਨਿਰਭੈਤਾ ਨੇ ਹੋਰ ਸਾਰਿਆਂ ਦੇ ਮੂੰਹ ਨੂੰ ਤਾਲੇ ਲਾ ਦਿਤੇ ਸਨ ।

''ਗਰੀਬਾਂ ਮਜ਼ਲੂਮਾਂ ਦੇ ਖ਼ੂਨ ਨਾਲ ਤਿਆਰ ਕੀਤਾ ਬ੍ਰਹਮਭੋਜ ਪਵਿਤਰ ਨਹੀਂ ਹੁੰਦਾ ਮਲਕ। ਦਾਨ ਮਨੁਖ ਆਪਣੀ ਕਮਾਈ ਦਾ ਕਰ ਸਕਦਾ ਏ, ਬੇਵੱਸ ਤੇ ਮਜ਼ਲੂਮ ਲੋਕਾਂ ਦੇ ਮੂੰਹੋਂ ਟੁਕਰ ਖੋਹ ਕੇ ਦਾਨ ਨਹੀਂ ਕੀਤਾ ਜਾ ਸਕਦਾ। ਇਹ ਪਾਪ ਏ।''

''ਤੇ ਤੂੰ ਤਾਂ ਹੀ ਮੇਰਾ ਭੋਜਨ ਖਾਣ ਤੋਂ ਇਨਕਾਰੀ ਕੀਤੀ ਏ ?

''ਹਾਂ ਮਲਕ, ਕਿਉਂਕਿ ਤੇਰਾ ਭੋਜਨ ਪਚਾ ਲੈਣ ਦੀ ਮੇਰੇ ਵਿਚ ਤਾਕਤ ਨਹੀਂ।

''ਕਿਉਂ ? ਮੇਰੇ ਭੋਜਨ ਵਿਚ ਅਜਿਹਾ ਕੀ ਏ ਜੋ ਤੈਨੂੰ ਹਜ਼ਮ ਨਹੀਂ ਹੋ ਸਕਦਾ ? ਨੀਚਾਂ ਦੀਆਂ ਮਿਸੀਆਂ ਸੁਕੀਆਂ ਰੋਟੀਆਂ ਤਾਂ ਤੈਨੂੰ ਪੱਚ ਸਕਦੀਆਂ ਨੇ ਪਰ ਏਹ ਸੁਧਾਮਈ ਤੇ ਵਡਮੁਲੇ ਪਕਵਾਨ ਤੈਨੂੰ ਹਜ਼ਮ ਨਹੀਂ ਹੁੰਦੇ ?''

''ਕਿਉਂਕਿ ਏਹਨਾਂ ਵਿਚ ਮਜ਼ਲੂਮਾਂ ਦਾ ਖ਼ੂਨ ਏ !''

''ਖ਼ੂਨ, ਫ਼ਕੀਰ ਹੋ ਕੀ ਕੁਫ਼ਰ ਤੋਲ ਰਿਹਾ ਏਂ ?'' ਮਲਕ ਭੜਕ ਉਠਿਆ।

''ਨਾਨਕ, ਤੁਮ ਫ਼ਕੀਰ ਨਹੀਂ ਦੁਸ਼ਟ ਹੋ, ਬ੍ਰਹਮ ਭੋਜ ਕੋ ਅਪਵਿਤਰ ਕਹਿ ਕਰ ਤੁਮ ਦੇਵਤੋਂ ਕਾ ਅਪਮਾਨ ਕਰ ਰਹੇ ਹੋ। ਤੁਮਾਰੀ ਜ਼ੁਬਾਨ ਮੇਂ ਕੀੜੇ ਪੜੇਂਗੇ।'' ਸਾਰੇ ਬ੍ਰਾਹਮਣ ਕਚੀਚੀਆਂ ਵੱਟਣ ਲਗ ਪਏ ਸਨ।

ਨਾਨਕ ਫ਼ਕੀਰ ਨੇ ਜਿਵੇਂ ਉਹਨਾਂ ਦੀ ਗੱਲ ਸੁਣੀ ਹੀ ਨਹੀਂ, ਉਵੇਂ ਹੀ ਸਹਿਜ ਸੁਭਾ ਬੋਲਿਆ :

''ਮੈਂ ਸਚ ਕਹਿ ਰਿਹਾ ਹਾਂ ਮਲਕ, ਤੇਰੇ ਏਸ ਭੋਜਨ ਵਿਚ ਉਹਨਾਂ ਮਜ਼ਲੂਮਾਂ ਦਾ ਖ਼ੂਨ ਏ, ਜੋ ਸਾਰਾ ਸਾਲ ਮਿੱਟੀ ਨਾਲ ਮਿੱਟੀ ਹੋ ਅੰਨ ਉਗਾਂਦੇ ਨੇ ਫ਼ੇਰ ਵੀ ਉਹ ਅੰਨ ਉਹਨਾਂ ਦੇ ਨਸੀਬ ਨਹੀਂ ਹੁੰਦਾ। ਜਬਰੀ ਤੇਰੇ ਭੰਡਾਰਿਆਂ ਵਿਚ ਲਿਆਂਦਾ ਜਾਂਦਾ ਏ। ਪਰ ਉਹਨਾਂ ਜਿਨ੍ਹਾਂ ਨੂੰ ਤੁਸੀਂ ਨੀਚ ਆਖਦੇ ਹੋ ਉਹਨਾਂ ਦਾ ਭੋਜਨ ਦੁਧ ਵਰਗਾ ਸੁੱਚਾ ਹੁੰਦਾ ਏ। ਕਿਉਂਕਿ ਉਹਦੇ ਵਿਚ ਉਹਨਾਂ ਦੀ ਸੁਚੀ ਕਿਰਤ ਦੀ ਮਹਿਕ ਹੁੰਦੀ ਏ।

''ਮੂੰਹ ਸੰਭਾਲ ਕੇ ਗੱਲ ਕਰ, ਨਾਨਕ ! ਤੈਨੂੰ ਏਸ ਗੱਲ ਦਾ ਸਬੂਤ ਦੇਣਾ ਪਵੇਗਾ ਕਿ ਮੇਰੇ ਭੋਜਨ ਵਿਚ ਲਹੂ ਏ ਤੇ ਉਹਨਾਂ ਨੀਚਾਂ ਦੀ ਰੋਟੀ ਸੁੱਚੇ ਦੁਧ ਦੀ ਏ, ਨਹੀਂ ਤੇ ਮੈਂ ਤੇਰਾ ਸਿਰ ਕਲਮ ਕਰ ਦਿਆਂਗਾ।''

"ਸੱਚ ਨੂੰ ਸਮਝ ਲੈਣਾ ਈ ਕਾਫ਼ੀ ਹੁੰਦਾ ਏ ਮਲਕ, ਸਾਹਮਣੇ ਵੇਖਕੇ ਜਰ ਨਹੀਂ ਹੁੰਦਾ। ਨਾਨਕ ਨੇ ਉਵੇਂ ਹੀ ਸਹਿਜ ਸੁਭਾ ਆਖਿਆ।

"ਮੈਂ ਇਹਨਾਂ ਫਰੇਬਾਂ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਤੈਨੂੰ ਇਹ ਸਾਬਤ ਕਰਨਾ ਹੀ ਪਵੇਂਗਾ ਜਾਂ ਤੈਨੂੰ ਮੌਤ ਕਬੂਲਣੀ ਪਵੇਗੀ। ਮੈਂ ਇਸ ਬੇਇਜ਼ਤੀ ਦਾ ਬਦਲਾ ਤੇਰੇ ਤੋਂ ਲੈ ਕੇ ਰਹਾਂਗਾ।"

ਨਾਨਕ ਅਡੋਲ ਖੜਾ ਰਿਹਾ।

ਨਾਨਕ ਨੂੰ ਚੁਪ ਵੇਖ, ਮਲਕ ਨੂੰ ਹੋਰ ਰੋਹ ਚੜ ਗਿਆ। "ਹੁਣ ਏਸ ਗੱਲ ਨੂੰ ਸਾਬਤ ਕਰ, ਨਹੀਂ ਮੈਂ ਹੁਣੇ ਤੇਰੇ ਟੋਟੇ ਕਰਵਾ .........।"

ਅਜੇ ਮਲਕ ਨੇ ਵਾਕ ਪੂਰਾ ਨਹੀਂ ਸੀ ਕੀਤਾ ਕਿ ਭੀੜ ਦੇ ਵਿਚੋਂ ਅਚਾਨਕ ਚੀਖ ਵਰਗੀ ਅਵਾਜ਼ ਗੂੰਜ ਉਠੀ: "ਤੂੰ ਮਲਕ ਏਂ,...ਮੈਂ ਤੇਰਾ ਖ਼ੂਨ ਪੀ ਜਾਵਾਂਗਾ। ਤੂੰ ਮੇਰੇ ਬੱਚੇ ਦਾ ਕਾਤਲ ਏਂ, ਮੈਂ ਤੇਰਾ ਗੱਲਾ ਘੁਟ ਦਿਆਂਗਾ!" ਪਾਗ਼ਲ ਧੰਨਾ ਇਕ ਮੋਟੇ ਤਾਜ਼ੇ ਪੰਡਤ ਦੇ ਗੱਲ ਨੂੰ ਹਥ ਪਾਈ ਉਚੀ ਉਚੀ ਚੀਖ ਰਿਹਾ ਸੀ। ਤੇ ਕੁੱਝ ਲੋਕ ਉਸ ਤੇ ਕਾਬੂ ਪਾਣ ਦੀ ਨਾਕਾਮ ਕੋਸ਼ਸ਼ ਕਰ ਰਹੇ ਸਨ।

"ਮਲਕ ਕੰਬ ਗਿਆ; ਇਹ ਕਿਥੋਂ ਆ ਮਰਿਆ ਏ? ਮੈਂ ਉੱਦਨ ਮਿਸਰ ਨੂੰ ਆਖਿਆ ਵੀ ਸੀ, ਇਹਦਾ ਫ਼ਸਤਾ ਵੱਢ ਦੇ। ਪਰ ਹੁਣ...ਹੁਣ?' ਤੇ ਮਲਕ ਤ੍ਰਲੀਓ ਤ੍ਰਲੀ ਹੋ ਗਿਆ ਪਰ ਆਪਣੀ ਘਬਰਾਹਟ ਲੁਕਾਣ ਲਈ ਉਸ ਨੇ ਆਪਣੀ ਸੱਜੀ ਬਾਂਹ ਨਾਲ ਮੱਥੇ ਤੋਂ ਪਸੀਨਾ ਪੂਝਣ ਦਾ ਬਹਾਨਾ ਕਰ ਮੂੰਹ ਲੁਕਾ ਲਿਆ।"

"ਹੁਣ ਮੂੰਹ ਕਿਉਂ ਛੁਪਾਨਾ ਏਂ ਮਲਕ, ਸੱਚ ਤੇਰੇ ਸਾਹਮਣੇ ਆ ਗਿਆ ਏ ਵੇਖ ਲੈ।" ਨਾਨਕ ਫਕੀਰ ਨੇ ਬੜੀ ਟੁੰਬਵੀਂ ਆਵਾਜ਼ ਵਿਚ ਆਖਿਆ।

ਸੁਣ ਕੇ ਮਲਕ ਭੜਕ ਉਠਿਆ: "ਉਹ ਤੇ ਪਾਗ਼ਲ ਏ, ਐਵੇਂ ਜੋ ਮੂੰਹ ਆਉਂਦਾ ਸੁ ਬੱਕੀ ਜਾਂਦਾ ਏ। ਤੂੰ ਸਾਬਤ ਕਰ...ਮੇਰੇ ਭੋਜਨ ਵਿਚ ਖ਼ੂਨ ਏ, ਨਹੀਂ ਤੇ ਮੈਂ......"

"ਆਪਣੇ ਦਿਲ ਵਿਚ ਝਾਤੀ ਮਾਰ ਮਲਕ, ਤੈਨੂੰ ਇਕ ਨਹੀਂ ਅਨੇਕਾਂ ਸਬੂਤ ਮਿਲਣਗੇ। ਇਸ ਵਰਗੇ ਸੈਂਕੜੇ ਮਜ਼ਲੂਮਾਂ ਦੀਆਂ ਆਹੀਆਂ ਤੈਨੂੰ ਸੁਣਾਈ ਦੇਣਗੀਆਂ।"

''ਮੈਂ ਇਹ ਗੱਲਾਂ ਨਹੀਂ ਜਾਣਦਾ ਫ਼ਕੀਰ। ਮੈਂ ਸਬੂਤ ਮੰਗਦਾ ਹਾਂ ਜਾਂ ਸਾਬਤ ਕਰ ਕਿ ਮੇਰੇ ਭੋਜਨ ਵਿਚ ਖ਼ੂਨ ਏ ਨਹੀਂ ਤੇ...ਨਹੀਂ ਤੇ...''

''ਇਸ ਤੋਂ ਵੱਡਾ ਸਬੂਤ ਹੋਰ ਕੀ ਵੇਖਣ ਚਾਹੁਨਾ ਏਂ ਮਲਕ ! ਵੇਖ ਉਹ ਪਾਗਲ ਹੋ ਕੇ ਤੇਰੇ ਸਿਤਮ ਨੂੰ ਨਹੀਂ ਭੁਲਿਆ। ਤੇਰੇ ਭੋਜਨ ਵਿਚ ਇਹਦੇ ਵਰਗੇ ਅਣਗਿਣਤ ਮਜ਼ਲੂਮਾਂ ਦਾ ਖ਼ੂਨ ਏ।''

''ਖ਼ੂਨ ! ਖ਼ੂਨ !! ਧੰਨਾ ਫੇਰ ਚੀਖ ਉਠਿਆ ਸੀ। ਉਹਦੇ ਹੱਥ ਵਿਚ ਪੂੜੇ ਫੜੇ ਹੋਏ ਸਨ ਜੋ ਮਲਕ ਦੇ ਬੰਦਿਆਂ ਨੇ ਉਸ ਨੂੰ ਚੁਪ ਕਰਾਣ ਲਈ ਦਿਤੇ ਸਨ। ਤੇ ਉਹਨਾਂ ਵਿਚੋਂ ਨੁਚੜ ਰਹੇ ਘਿਉ ਨੂੰ ਬੜੀ ਨੀਝ ਨਾਲ ਵੇਖ ਕੇ ਉਹ ''ਖ਼ੂਨ ! ਖ਼ੂਨ !!'' ਚੀਖ ਰਿਹਾ ਸੀ।

'ਇਸ ਹਰਾਮੀ ਦੀ ਜ਼ਬਾਨ ਖਿੱਚ ਲਉ, ਵੇਖਦੇ ਕੀ ਹੋ ? ਗੁੱਸੇ ਨਾਲ ਕੰਬਦਾ ਹੋਇਆ ਮਲਕ ਗਰਜਿਆ।

''ਇਸ ਨੀਚ ਨੇ ਯਹਾਂ ਆ ਕਰ ਇਸ ਅਸਥਾਨ ਕੋ ਭਰਸ਼ਟ ਕੀਆ ਹੈ, ''ਯੇ ਦੇਵਤੋਂ ਕਾ ਅਪਮਾਨ ਕਰ ਰਹਾ ਹੈ, ਇਸਕੋ ਇਸਕੇ ਗੁਨਾਹ ਕੀ ਸਜ਼ਾ ਮਿਲਨੀ ਹੀ ਚਾਹੀਏ।'' ਪਰੋਹਿਤ ਚਰਨ ਦਾਸ ਨੇ ਹੁੰਗਾਰਾ ਭਰਿਆ।

''ਹਰ ਮਨੁਖ ਨੂੰ ਉਸ ਦੇ ਗੁਨਾਹਾਂ ਦੀਸਜ਼ਾ ਭੁਗਤ ਨੀ ਹੀ ਪੈਂਦੀ ਏ।'' ਨਾਨਕ ਨੇ ਮੁਸਕਰਾ ਕੇ ਸਭ ਵਲ ਵੇਖਦਿਆਂ ਆਖਿਆ।

''ਤੂੰ ਕਹਿਣਾ ਕੀ ਚਾਹੁੰਨਾ ਏਂ ਫਕੀਰ ?'' ਮੈਂ ਤੈਥੋਂ ਸਬੂਤ ਮੰਗ ਰਿਹਾ ਹਾਂ।

''ਖ਼ੂਨ...ਖ਼ੂਨ...ਖ਼ੂਨ !'' ਧੰਨਾ ਫੇਰ ਚੀਖਣ ਲਗ ਪਿਆ ਸੀ। ਮੂੰਹ ਵਿਚ ਪਾਈ ਗਰ੍ਹਾਹੀ ਵੀ ਉਸ ਥੁਕ ਦਿਤੀ ਸੀ।

''ਮਲਕ ਤੜਪ ਉਠਿਆ। ਉਹਦਾ ਜਿਸਮ ਕੰਬਣ ਲਗ ਪਿਆ : ਗੁੱਸੇ ਨਾਲ ਕੰਬਦੀ ਅਵਾਜ਼ ਵਿਚ ਉਹ ਬੋਲਿਆ : ''ਏਸ ਬਦਜ਼ਾਤ ਦਾ ਗੱਲਾ ਘੁੱਟ ਦਿਉ, ਵੇਖਦੇ ਕੀ ਹੋ ? ਇਹ ਅਜੇ ਵੀ ਬਕਵਾਸ ਕਰ ਰਿਹਾ ਏ।''

''ਮਲਕ ਦੇ ਹੁਕਮ ਦੀ ਪਾਲਣਾ ਲਈ ਕਈ ਹਥ ਧੰਨੇ ਦੇ ਗੱਲ ਵਲ ਵਧੇ।......''

ਨਾਨਕ ਫ਼ਕੀਰ ਜੋ ਅਡੋਲ ਖਲੋਤਾ ਇਹ ਸਭ ਕੁੱਝ ਵੇਖ ਰਿਹਾ ਸੀ, ਗਰਜ ਵਰਗੀ ਅਵਾਜ਼ ਵਿਚ ਬੋਲ ਉਠਿਆ :

ਜੇ ਰਤੁ ਲਗੈ ਕਪੜੇ ਜਾਮਾ ਹੋਇ ਪਲੀਤ।
ਜੋ ਰਤੁ ਪੀਵਹ ਮਾਣਸਾ ਤਿਨ ਕਿਉ ਨਿਰਮਲ ਚੀਤ।

ਲੋਕਾਂ ਦੇ ਵਧੇ ਹੋਏ ਹਥ ਜਿਥੇ ਸਨ ਉਥੇ ਹੀ ਰੁਕ ਗਏ। ਏਹ ਵੇਖ ਮਲਕ ਗੁੱਸੇ ਨਾਲ ਲਾਲ-ਪੀਲਾ ਹੋ ਗਿਆ। ਉਹਦੀਆਂ ਅੱਖਾਂ ਵਿਚ ਲਹੂ ਉਤਰ ਆਇਆ।

"ਜੋ ਸਚ ਤੇਰੇ ਕੋਲੋਂ ਸਹਾਰਿਆ ਨਹੀਂ ਜਾਂਦਾ ਮਲਕ, ਉਹ ਇਹਨਾਂ ਮਜ਼ਲੂਮਾਂ ਨੇ ਜਰਿਆ ਹੋਇਐ! ਇਹਨਾਂ ਮਜ਼ਲੂਮਾਂ ਦੇ ਖ਼ੂਨ ਨਾਲ ਤੂੰ ਦੇਵਤਿਆਂ ਨੂੰ ਖੁਸ਼ ਕਰਨਾ ਚਾਹੁੰਨਾ ਏ?"

"ਫ਼ਕੀਰ......ਮਲਕ ਫੇਰ ਗਰਜਿਆ ਪਰ ਇਸ ਤੋਂ ਅਗੇ ਉਹ ਕੁੱਝ ਨਹੀਂ ਬੋਲ ਸਕਿਆ। ਗੁੱਸੇ ਨਾਲ ਉਹਦੇ ਮੂੰਹੋਂ ਗੱਲ ਨਹੀਂ ਸੀ ਨਿਕਲ ਰਹੀ।"

ਧੰਨਾ 'ਖ਼ੂਨ ਖ਼ੂਨ' ਕਰਦਾ ਏਧਰ ਉਧਰ ਭੱਜ ਰਿਹਾ ਸੀ, ਤੇ ਮਲਕ ਦੇ ਕੁੱਝ ਸੇਵਕ ਉਸ ਨੂੰ ਫੜਨ ਦਾ ਯਤਨ ਕਰ ਰਹੇ ਸਨ ਕਿ ਸਾਰੇ ਪੰਡਾਲ ਵਿਚ ਫ਼ਕੀਰ ਦੀ ਅਵਾਜ਼ ਗੂੰਜ ਉਠੀ:

"ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।
ਗੁਰੂ ਪੀਰ ਹਾਮਾ ਤਾਂ ਭਰੈ ਜਾ ਮੁਰਦਾਰ ਨਾ ਖਾਏ।"

ਅਜੇ ਫਕੀਰ ਨੇ ਗਾਉਣਾ ਬੰਦ ਨਹੀਂ ਸੀ ਕੀਤਾ ਕਿ ਖ਼ੂਨ ਖ਼ੂਨ ਕਰਦਾ ਮਲਕ ਗਸ਼ ਖਾ ਕੇ ਧਰਤੀ ਤੇ ਢਹਿ ਪਿਆ।

ਮਲਕ ਪਾਗਲ ਹੋ ਗਿਆ ਸੀ, ਪਰਤਕੇ ਉਹ ਹਵੇਲੀ ਨਹੀਂ ਵੜਿਆ। ਜੇ ਕਰ ਉਹਨੂੰ ਫੜਕੇ ਹਵੇਲੀ ਵਿਚ ਲੈ ਜਾਂਦੇ ਤਾਂ ਉਹ ਖ਼ੂਨ ਖ਼ੂਨ ਕਰਦਾ ਬਾਹਰ ਨੂੰ ਭੱਜ ਉਠਦਾ। ਉਹ ਨਾ ਕੁੱਝ ਖਾਂਦਾ ਨਾ ਪੀਂਦਾ। ਹਰ ਚੀਜ਼ ਵਿਚੋਂ ਉਸ ਨੂੰ ਖ਼ੂਨ ਹੀ ਖ਼ੂਨ ਨਜ਼ਰੀਂ ਆਉਂਦਾ। ਭੁਖਿਆਂ ਪਿਆਸਿਆਂ ਰਹਿਣ ਕਾਰਨ ਦਿਨਾਂ ਵਿਚ ਉਹਦਾ ਸਰੀਰ ਸੁੱਕ ਕੇ ਕੁਰੰਗ ਹੋ ਗਿਆ ਸੀ। ਉਸ ਤੋਂ ਚੰਗੀ ਤਰ੍ਹਾਂ ਤੁਰਿਆ ਨਾ ਜਾਂਦਾ। ਪਰ 'ਪਾਗਲ ਪਾਗਲ' ਕਰਕੇ ਉਸ ਦੇ ਪਿਛੇ ਭੱਜਦੇ ਬੱਚੇ ਉਸ ਨੂੰ ਕਿਤੇ ਇਕ ਪਲ ਬਹਿਣ ਨ ਦੇਂਦੇ। ਤੇ ਉਸ ਘਟਨਾ ਤੋਂ ਪੰਜਵੇਂ ਦਿਨ ਬਾਅਦ ਮਲਕ ਸੈਦਪੁਰ 'ਚੋਂ ਜਿਵੇਂ ਅਲੋਪ ਹੋ ਗਿਆ ਪਰਤ ਕੇ ਉਸ ਨੂੰ ਕਿਸੇ ਨਹੀਂ ਵੇਖਿਆ। ੦